

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਦੇਸ਼ ਦੁਆਬਾ ਦਾ 9ਵੇਂ ਵਰ੍ਹੇ ਦਾ ਦਸਵਾਂ ਅੰਕ

# ਦੇਸ਼ ਦੁਆਬਾ

ਹਫਤਾਵਾਰੀ

VOL - 9 ISSUE - 10
June 17, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਸ਼ਹੀਦ ਭਗਤ ਸਿੰਘ ਅਤੇ ਡਾ. ਰਾਜਿੰਦਰ ਪ੍ਰਸਾਦ ਦੀਆਂ ਲਿਖਤਾਂ ਵਿਚ 'ਆਦਿ ਧਰਮ' ਲਹਿਰ ਦੀਆਂ ਝਲਕਾਂ। - ਡਾ. ਜੀ. ਸੀ. ਕੌਲ ਦਾ ਸਬੰਧਤ ਲੜੀਵਾਰ ਲੇਖ ਪੜ੍ਹੋ ਸਫਾ 13 'ਤੇ ਦੇਖੋ



ਮਹਿਲਾ ਸ਼ਕਤੀਕਰਨ ਅਤੇ ਨੌਜਵਾਨ ਲੀਡਰਸ਼ਿਪ ਨੂੰ ਦਰਸਾਉਂਦੀ ਫਿਨਲੈਂਡ ਦੀ ਨਵੀਂ ਸਰਕਾਰ, ਖੱਬੇ ਤੋਂ ਸੱਜੇ ਸਿੱਖਿਆ ਮੰਤਰੀ ਲੀ ਐਂਡਰਸਨ (32), ਵਿੱਤ ਮੰਤਰੀ ਕਾਟਰੀ ਕੁਲਮੁਨੀ (32), ਪ੍ਰਧਾਨ ਮੰਤਰੀ ਸਨਾ ਮਾਰਿਨ (34) ਅਤੇ ਅੰਦਰੂਨੀ ਮਾਮਲਿਆਂ ਦੀ ਮੰਤਰੀ ਮਾਰੀਆ ਓਹਿਸਾਲੋ (34) **-ਪੇਸ਼ਕਰਤਾ ਡਾ. ਗਿਆਨਦੀਪ**



ਅਮਰੀਕਾ ਵਿਚ ਵੈਸਟ ਪੁਆਇੰਟ ਮਿਲਟਰੀ ਅਕੈਡਮੀ ਤੋਂ ਪਹਿਲੀ ਸਿੱਖ ਲੜਕੀ ਗ੍ਰੈਜੂਏਟ ਹੋਈ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 4 'ਤੇ)

# ਇੱਕੋ ਸਮੇਂ ਤਿੰਨ ਮੁਲਕਾਂ ਨਾਲ ਸਰਹੱਦ 'ਤੇ ਟਕਰਾਅ

## ਕਰੋਨਾ ਵਿਚ ਉਲਝੀ ਪਈ ਦੁਨੀਆਂ ਨੂੰ ਧਮਕੀਆਂ ਨਾਲ ਡਰਾਉਣਾ ਚਾਹੁੰਦਾ ਹੈ ਚੀਨ

**ਨਵੀਂ ਦਿੱਲੀ (ਬਿਊਰੋ)-** ਭਾਰਤ ਦੇ ਇਤਿਹਾਸ 'ਚ ਸੰਭਾਵੀ ਤੌਰ 'ਤੇ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਇੱਕੋ ਵੇਲੇ ਤਿੰਨ ਗੁਆਂਢੀ ਦੇਸ਼ਾਂ ਨਾਲ ਫ਼ੌਜੀ ਤਣਾਅ ਚੱਲ ਰਿਹਾ ਹੈ। ਪਾਕਿਸਤਾਨ ਨਾਲ ਕੰਟਰੋਲ ਲਾਈਨ 'ਤੇ ਲਗਾਤਾਰ ਤਣਾਅਪੂਰਨ ਸਥਿਤੀ ਬਣੀ ਹੋਈ ਹੈ ਤੇ ਤਿੰਨ ਮਹੀਨਿਆਂ ਤੋਂ ਬਿਨਾਂ ਕਾਰਨ ਹੀ ਪਾਕਿਸਤਾਨ ਵੱਲੋਂ ਕਿਸੇ ਨਾ ਕਿਸੇ ਸੈਕਟਰ ਵਿਚ ਗੋਲ਼ਾਬਾਰੀ ਕੀਤੀ ਜਾ ਰਹੀ ਹੈ। ਚੀਨ ਨਾਲ ਲੱਦਾਖ ਤੋਂ ਲੈ ਕੇ ਸਿੱਕਮ ਤਕ ਦੀ ਲੰਬੀ ਸਰਹੱਦ 'ਤੇ ਕਈ ਸੈਕਟਰਾਂ 'ਤੇ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਆਹਮਣੇ-ਸਾਹਮਣੇ ਹਨ। ਲਿਪੁਲੇਖ, ਕਾਲਾਪਾਣੀ ਤੇ ਲਿੰਪਿਯਾਧੁਰਾ ਨੂੰ ਲੈ ਕੇ ਨੇਪਾਲ ਨਾਲ ਸਰਹੱਦੀ ਵਿਵਾਦ ਨਾ ਸਿਰਫ਼ ਸਿਖਰ 'ਤੇ ਪੁੱਜ ਗਿਆ ਹੈ ਬਲਕਿ ਪਿਛਲੇ ਸ਼ੁੱਕਰਵਾਰ ਨੂੰ ਨੇਪਾਲੀ ਫ਼ੌਜਾਂ ਨੇ ਸਾਰੀਆਂ ਰਿਵਾਇਤਾਂ ਨੂੰ ਲਾਂਭੇ ਰੱਖਦਿਆਂ ਸੀਤਾਮੜੀ ਸਰਹੱਦ 'ਤੇ ਭਾਰਤੀਆਂ 'ਤੇ ਗੋਲ਼ੀਬਾਰੀ ਕਰ ਦਿੱਤੀ ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਭਾਰਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਜਾਣਕਾਰਾਂ ਦੀ ਮੰਨੀਏ ਤਾਂ ਭਾਰਤੀ ਕੂਟਨੀਤੀ ਦੀ ਸਖ਼ਤ ਪ੍ਰੀਖਿਆ ਦਾ ਸਮਾਂ ਹੈ ਜਦੋਂ ਉਸ ਨੂੰ ਆਪਣੇ ਤਿੰਨ ਗੁਆਂਢੀ ਦੇਸ਼ਾਂ ਨਾਲ ਵੱਖ-ਵੱਖ ਪੱਧਰ 'ਤੇ ਵਿਚਾਰ ਕਰਨਾ ਪੈ ਰਿਹਾ ਹੈ।



ਭਾਰਤੀ ਕੂਟਨੀਤਕਾਂ ਮੁਤਾਬਕ ਚੀਨ ਨਾਲ ਖ਼ੂਨੀ ਫ਼ੌਜੀ ਝੜਪ ਹੋਣਾ ਕਈ ਅਰਥਾਂ ਵਿਚ ਚਿੰਤਾਜਨਕ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤੀ ਫ਼ੌਜ ਨੂੰ ਹੁਣ ਪਾਕਿਸਤਾਨ ਨਾਲ ਲੱਗਦੇ ਪੂਰਬੀ ਪਾਕਿਸਤਾਨ ਵੱਲੋਂ ਹੁਣ ਚੀਨ ਨਾਲ ਐੱਲਏਸੀ ਨੂੰ ਲੈ ਕੇ ਵੀ ਜ਼ਿਆਦਾ ਚੌਕਸ ਰਹਿਣਾ ਪਵੇਗਾ। ਭਾਰਤ ਤੇ ਪਾਕਿਸਤਾਨ ਵਿਚਾਲੇ ਗੋਲ਼ਾਬਾਰੀ ਆਮ ਗੱਲ ਹੈ ਅਤੇ ਦੋਵੇਂ ਪਾਸਿਓਂ ਫ਼ੌਜੀ ਜਵਾਨਾਂ ਦੇ ਲਗਾਤਾਰ ਹਲਾਕ ਹੋਣ ਦੀਆਂ ਖ਼ਬਰਾਂ ਆਉਂਦੀਆਂ ਹਨ। ਹੁਣ ਤਕ ਚੀਨ ਦੇ ਸੈਨਿਕਾਂ ਨਾਲ ਭਾਰਤ ਦੀ ਸਿਰਫ਼ ਹੱਥੋਪਾਈ ਹੁੰਦੀ ਰਹੀ ਹੈ। ਗਲਵਾਂ ਖੇਤਰ ਵਿਚ ਆਖ਼ਰੀ ਵਾਰ ਖ਼ੂਨੀ ਝੜਪ 1975 ਵਿਚ ਹੋਈ ਸੀ ਜਦੋਂ ਚੀਨ ਦੇ ਸੈਨਿਕਾਂ ਨੇ ਲੁਕ ਕੇ ਭਾਰਤੀ ਫ਼ੌਜੀ ਦਲ 'ਤੇ ਹਮਲਾ ਕੀਤਾ ਸੀ। ਉਦੋਂ ਅਸਾਮ

**(ਬਾਕੀ ਸਫਾ 10 'ਤੇ)**

# ਪੁਲਿਸ ਦੀ ਬੇਰਹਿਮੀ ਤੇ ਨਸਲੀ ਭੇਦਭਾਵ 'ਤੇ ਰਿਪਬਲਿਕਨ ਪਾਰਟੀ ਲਿਆਵੇਗੀ ਪ੍ਰਸਤਾਵ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ 'ਚ ਪ੍ਰਿਲਸ ਦੀ ਬੇਰਹਿਮੀ ਤੇ ਨਸਲੀ ਭੇਦਭਾਵ ਨੂੰ ਲੈ ਕੇ ਰਾਸ਼ਟਰੀ ਰਾਜਨੀਤੀ 'ਚ ਤੇਜ਼ੀ ਨਾਲ ਬਦਲਾਅ ਹੋ ਰਿਹਾ ਹੈ। ਸਿਆਹਫਾਮ ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਨੇ ਇਹ ਐਲਾਨ ਕੀਤਾ ਸੀ ਕਿ ਉਹ ਜਲਦੀ ਹੀ ਪੁਲਿਸ ਦੀ ਬੇਰਹਿਮੀ ਨੂੰ ਰੋਕਣ ਲਈ ਇਕ ਪ੍ਰਸਤਾਵ ਰੱਖੇਗੀ। ਜ਼ਿਕਰਯੋਗ ਹੈ ਕਿ ਪੁਲਿਸ ਦੇ ਚੋਕਹੋਲਡ ਵਿਵਸਥਾ 'ਚ ਸੁਧਾਰ 'ਤੇ ਪਰ ਰਿਪਬਲਿਕਨ ਪਾਰਟੀ ਨੇ ਇਸ ਮਾਮਲੇ 'ਚ ਆਪਣੀ ਰਣਨੀਤੀ 'ਚ ਬਦਲਾਅ ਕੀਤਾ ਹੈ। ਪਾਰਟੀ ਨੇ ਪੁਲਿਸ ਦੀ ਕਾਰਜਪ੍ਰਣਾਲੀ ਖਾਸ ਕਰ ਕੇ ਚੋਕਹੋਲਡ ਵਿਵਸਥਾ 'ਤੇ ਇਕ ਸੀਨੇਟ 'ਚ ਇਕ ਰਾਸ਼ਟਰੀ ਬਹਿਸ ਦੀ ਪੇਸ਼ਕਸ਼ ਕੀਤੀ ਹੈ। ਇਸ ਦੌਰਾਨ ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਮੰਗਲਵਾਰ ਨੂੰ ਉਹ ਕਾਨੂੰਨ ਬਦਲਾਅ ਪ੍ਰਕਿਰਿਆ 'ਤੇ ਆਪਣੇ ਕੰਮਾਂ ਦਾ ਐਲਾਨ ਕਰਨਗੇ।




ਸੀਨੇਟ ਦੇ ਮੁਖੀ ਨੇਤਾ ਮਿਚ ਮੈਕਕੋਨੇਲ ਨੇ ਸੋਮਵਾਰ ਨੂੰ ਕਿਹਾ ਹੈ ਕਿ ਉਹ ਸੀਨੇਟ 'ਚ ਬਹਿਸ ਤੇ ਸੁਧਾਰ ਬਦਲਾਅ ਲਈ ਗੰਭੀਰ ਪ੍ਰਸਤਾਵ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਬਹਿਸ 'ਤੇ ਅਗਲੇ ਹਫਤੇ ਵੋਟਿੰਗ ਹੋ ਸਕਦੀ ਹੈ। ਸੀਨੇਟਰ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੇ ਮੱਦੇਨਜ਼ਰ ਪੁਲਿਸ ਸੁਧਾਰ ਉਨ੍ਹਾਂ ਦੀ ਪਾਰਟੀ ਦਾ ਕਾਫੀ ਲੰਬੇ ਸਮੇਂ ਤੋਂ ਏਜੰਡਾ ਰਿਹਾ ਹੈ। ਇਹ ਪਾਰਟੀ ਦਾ ਦ੍ਰਿਸ਼ਟੀਕੋਣ ਰਿਹਾ ਹੈ।


Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM





GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823





RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਪੁਲਿਸ ਹੱਥੋਂ ਕਾਲੇ ਵਿਅਕਤੀ ਦੀ ਮੌਤ ਤੋਂ ਬਾਅਦ ਅਟਲਾਂਟਾ ਤੇ ਹੋਰ ਥਾਵਾਂ 'ਤੇ ਪ੍ਰਦਰਸ਼ਨ ਤੇ ਸਾੜਫੂਕ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਜਾਰਜੀਆ ਦੀ ਰਾਜਧਾਨੀ ਅਟਲਾਂਟਾ ਵਿਚ ਪੁਲਿਸ ਦੀ ਗੋਲੀ ਨਾਲ ਅਫ਼ਰੀਕੀ ਮੂਲ ਦੇ ਅਮਰੀਕੀ ਨਾਗਰਿਕ ਰੇਸ਼ਰਡ ਬਰੁੱਕਸ ਦੀ ਹੋਈ ਮੌਤ ਉਪਰੰਤ ਲੋਕਾਂ ਵਿਚ ਗੁੱਸਾ ਤੇ ਰੋਹ ਪੈਦਾ ਹੋ ਗਿਆ ਹੈ। ਜਿਸ ਰੈਸਟੋਰੈਂਟ ਅੱਗੇ ਪੁਲਿਸ ਗੋਲੀ ਨਾਲ ਬਰੁੱਕਸ ਮਾਰਿਆ ਗਿਆ ਸੀ, ਉਸ ਜਗਾ 'ਤੇ ਅੱਜ ਫਿਰ ਲੋਕ ਇਕੱਠੇ ਹੋਏ। ਇਸ ਰੈਸਟੋਰੈਂਟ ਨੂੰ ਲੰਘੇ ਦਿਨ ਹੀ ਲੋਕਾਂ ਨੇ ਸਾੜ ਦਿੱਤਾ ਸੀ ਤੇ ਅੱਜ ਫਿਰ ਬਚੇ ਰੈਸਟੋਰੈਂਟ ਨੂੰ ਅੱਗ ਲਾ ਦਿੱਤੀ। ਲੋਕਾਂ ਨੇ ਵੈਂਡੀਜ ਨੇੜੇ ਅੰਤਰ ਰਾਜ ਮਾਰਗ ਉਪਰ ਜਾਮ ਲਾਉਣ ਦੀ ਕੋਸ਼ਿਸ ਕੀਤੀ ਪਰ ਪੁਲਿਸ ਨੇ ਮਿਰਚਾਂ ਦੀ ਸਪਰੇਅ ਕਰਕੇ ਲੋਕਾਂ ਨੂੰ ਖਦੇੜ ਦਿੱਤਾ। ਇਸ ਦੌਰਾਨ ਬਾਰਿਸ਼ ਵੀ ਹੋ ਰਹੀ ਸੀ। ਪ੍ਰਦਰਸ਼ਨਕਾਰੀ ਨਾਲ ਲੱਗਦੇ ਇਕ ਗੈਸ ਸਟੇਸ਼ਨ 'ਤੇ ਚਲੇ ਗਏ ਜਿਥੇ ਉਨਾਂ ਨੇ ਜਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀ ਉੱਚੀ ਆਵਾਜ਼ ਵਿਚ ਕਹਿ ਰਹੇ ਸਨ 'ਕਾਲਿਆਂ ਨਾਲ ਧੱਕਾ ਬੰਦ ਕਰੋ।' ਪ੍ਰਦਰਸ਼ਨ ਦੌਰਾਨ ਲੋਕ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਵੀ ਨਾਲ ਲੈ ਕੇ ਆਏ ਸਨ ਤਾਂ ਕਿ ਉਹ ਪ੍ਰਦਰਸ਼ਨਾਂ ਸਬੰਧੀ ਤਜ਼ਰਬਾ ਲੈ ਸਕਣ। ਅਫ਼ਰੀਕੀ ਲੋਕ ਬੀਤੇ ਮਹੀਨੇ 25 ਮਈ ਨੂੰ ਪੁਲਿਸ ਹਥੋਂ ਮਾਰੇ ਗਏ ਜਾਰਜ ਫਲਾਈਡ ਦੀ ਮੌਤ ਨੂੰ ਨਹੀਂ ਭੁੱਲੇ ਸਨ ਤੇ ਉਸ ਦੀ ਮੌਤ ਨੂੰ ਲੈ ਕੇ ਨਿਰੰਤਰ ਪ੍ਰਦਰਸ਼ਨ ਹੋ ਰਹੇ ਸਨ ਕਿ ਬਰੁੱਕਸ ਦੀ ਪੁਲਿਸ ਹਥੋਂ ਹੋਈ ਮੌਤ ਨੇ ਬਲਦੀ ਉਪਰ ਤੇਲ ਪਾਉਣ ਦਾ ਕੰਮ ਕੀਤਾ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਸਾਨੂੰ ਹਰ ਰੋਜ ਮਾਰਿਆ ਜਾ ਰਿਹਾ ਹੈ। ਨਾ ਕੇਵਲ ਸੜਕਾਂ ਉਪਰ ਬਲਕਿ ਜੇਲਾਂ ਵਿਚ ਵੀ ਸਾਡੇ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ। ਡਾਊਨ ਟਾਊਨ ਅਟਲਾਂਟਾ ਵਿਚ ਸ਼ਤਾਬਦੀ ਪਾਰਕ ਨੇੜੇ ਸ਼ਾਂਤਮਈ ਪ੍ਰਦਰਸ਼ਨ ਹੋਇਆ ਜਿਸ ਦੌਰਾਨ ਲੋਕਾਂ ਨੇ ''ਨਿਆਂ ਨਹੀਂ-ਸ਼ਾਂਤੀ ਨਹੀਂ'' ਵਰਗੇ ਨਾਅਰੇ ਲਾਏ।






**ਰੇਸ਼ਰਡ ਬਰੁੱਕਸ ਦੀ ਮੌਤ ਪੁਲਿਸ ਗੋਲੀ ਨਾਲ ਹੋਈ**

ਇਸੇ ਦੌਰਾਨ ਆਈ ਪੋਸਟ ਮਾਰਟਮ ਰਿਪਰੋਟ ਵਿਚ ਕਿਹਾ ਗਿਆ ਹੈ ਕਿ ਰੇਸ਼ਰਡ ਬਰੁੱਕਸ ਦੀ ਕੁੱਦਰਤੀ ਮੌਤ ਨਹੀਂ ਹੋਈ ਤੇ ਉਸ ਦੀ ਹੱਤਿਆ ਹੋਈ ਹੈ। ਉਸ ਦੀ ਮੌਤ ਪਿੱਠ ਵਿਚ ਦੋ ਗੋਲੀਆਂ ਲੱਗਣ ਕਾਰਨ ਹੋਈ ਹੈ। ਗੋਲੀਆਂ ਲੱਗਣ ਕਾਰਨ ਉਸ ਦੇ ਅੰਦਰੂਨੀ ਅੰਗਾਂ ਨੂੰ ਨੁਕਸਾਨ ਪੁੱਜਾ ਤੇ ਖੂਨ ਵਹਿ ਗਿਆ। ਸਾਰੀ ਘਟਨਾ ਦੀ ਇਕ ਵੀਡੀਓ ਵੀ ਜਾਰੀ ਕੀਤੀ ਗਈ ਹੈ ਜਿਸ ਵਿਚ ਬਰੁੱਕਸ ਆਪਣੀ ਕਾਰ ਵਿਚ ਸੁੱਤਾ ਪਿਆ ਨਜਰ ਆ ਰਿਹਾ ਹੈ। ਪੁਲਿਸ ਅਧਿਕਾਰੀ ਉਸ ਨੂੰ ਉਠਾਉਂਦੇ ਹਨ ਤੇ ਕਾਰ ਵਿਚੋਂ ਬਾਹਰ ਆਉਣ ਲਈ ਕਹਿੰਦੇ ਹਨ। ਬਰੁੱਕਸ ਕਹਿੰਦਾ ਹੈ ਕਿ ਉਸ ਕੋਲ ਕੋਈ ਹਥਿਆਰ ਨਹੀਂ ਹੈ। ਪੁਲਿਸ ਬਰੁੱਕਸ ਦਾ ਨਸ਼ਾ ਕੀਤੇ ਹੋਣ ਦਾ ਟੈਸਟ ਕਰਦੀ ਹੈ ਜਿਸ ਵਿਚ ਉਹ ਫੇਲ ਹੋ ਜਾਂਦਾ ਹੈ। ਗੱਲ ਉਸ ਵੇਲੇ ਵਿਗੜਦੀ ਹੈ ਜਦੋਂ ਪੁਲਿਸ ਉਸ ਦੇ ਹੱਥ ਪਿੱਠ ਪਿਛੇ ਬੰਨਣ ਦਾ ਯਤਨ ਕਰਦੀ ਹੈ। ਬਰੁੱਕਸ ਪੁਲਿਸ ਕੋਲੋਂ ਆਪਣੇ ਹੱਥ ਛੁਡਾ ਕੇ ਦੌੜ ਜਾਂਦਾ ਹੈ। ਭਜੇ ਜਾਂਦੇ ਬਰੁੱਕਸ 'ਤੇ ਪੁਲਿਸ ਗੋਲੀਆਂ ਚਲਾਉਂਦੀ ਹੈ ਪਰ ਉਹ ਰੁਕਦਾ ਨਹੀਂ। ਆਖਿਰ ਕੁਝ ਫਾਸਲੇ 'ਤੇ ਖੂਨ ਨਾਲ ਲੱਥਪੱਥ ਹੋਇਆ ਬਰੁੱਕਸ ਜ਼ਮੀਨ ਉਪਰ ਡਿੱਗ ਪੈਂਦਾ ਹੈ ਤੇ ਹਸਪਤਾਲ ਵਿਚ ਸਰਜਰੀ ਤੋਂ ਬਾਅਦ ਦਮ ਤੋੜ ਜਾਂਦਾ ਹੈ।

# ਕਾਨੂੰਨ ਦਾ ਰਾਜ ਕਾਇਮ ਕਰਨ ਲਈ ਪੁਲਿਸ ਸਖਤੀ ਤੋਂ ਕੰਮ ਨਾ ਲਵੇ- ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**— ਪੁਲਿਸ ਅਧਿਕਾਰੀਆਂ ਹੱਥੋਂ ਅਫ਼ਰੀਕੀ ਮੂਲ ਦੇ ਅਮਰੀਕਨਾਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਦੇ ਮੱਦੇਨਜਰ ਰਾਜਸੀ ਦਬਾਅ ਹੇਠ ਆਏ ਰਾਸ਼ਟਰਪਤੀ ਡੋਨਾਲਡ ਟਰੰਪ ਛੇਤੀ ਇਕ ਆਦੇਸ਼ ਜਾਰੀ ਕਰ ਰਹੇ ਹਨ ਜਿਸ ਵਿਚ ਪੁਲਿਸ ਨੂੰ ਕਿਹਾ ਗਿਆ ਹੈ ਕਿ ਕਾਨੂੰਨ ਦਾ ਰਾਜ ਕਾਇਮ ਕਰਨ ਲਈ ਸਿਰੇ ਦੇ ਕਦਮ ਨਾ ਚੁੱਕੇ ਜਾਣ। ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ 'ਅਸੀਂ ਕਾਨੂੰਨ ਦਾ ਰਾਜ ਕਾਇਮ ਰਖਣਾ ਹੈ ਪਰ ਅਜਿਹਾ ਕਰਨ ਸਮੇ ਤਰਕਸੰਗਤ, ਨਿਆਇਕ ਤੇ ਸੁਰੱਖਿਅਤ ਢੰਗ ਤਰੀ-ਕਿਆਂ ਦੀ ਵਰਤੋਂ ਕੀਤੀ ਜਾਵੇ। '' ਰਾਸ਼ਟਰਪਤੀ ਨੇ ਕਿਹਾ ਕਿ ਇਸ ਆਦੇਸ਼ ਉਪਰ ਰਸਮੀ ਤੌਰ 'ਤੇ ਦਸਤਖਤ ਕਰਨ ਤੋਂ ਬਾਅਦ ਇਸ ਸਬੰਧੀ ਵੇਰਵੇ ਨਸ਼ਰ ਕੀਤੇ ਜਾਣਗੇ। ਰਾਸ਼ਟਰਪਤੀ ਦੀ ਘਟੀ ਲੋਕਪ੍ਰਿਯਤਾ ਤੇ ਅਫ਼ਰੀਕੀ ਮੂਲ ਦੇ ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਉਪਰੰਤ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਦੇ ਢੰਗ ਤਰੀਕੇ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਦੀ ਹੋਈ ਅਲੋਚਨਾ ਉਪਰੰਤ ਰਾਸ਼ਟਰਪਤੀ ਪੁਲਿਸ ਨੂੰ ਜ਼ਾਬਤੇ ਵਿਚ ਰਖਣ ਲਈ ਆਦੇਸ਼ ਜਾਰੀ ਕਰਨ ਵਾਸਤੇ ਮਜਬੂਰ ਹੋਏ ਹਨ।

**ਟਰੰਪ ਦਾ ਲੋਕਾਂ ਵਿਚ ਆਧਾਰ ਘਟਿਆ– ਇਕ ਸਰਵੇਖਣ**

4 ਸਾਲ ਪਹਿਲਾਂ ਲੋਵਾ ਵਰਗੇ ਰਾਜ ਵਿਚ ਵੱਡੇ ਫਰਕ ਨਾਲ ਜਿੱਤ ਦਰਜ ਕਰਨ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਲੋਕਾਂ ਵਿਚ ਆਧਾਰ 'ਚ ਭਾਰੀ ਕਮੀ ਆਈ ਹੈ। ਇਹ ਖੁਲਾਸਾ ਨਵੇਂ ਡੇਸ ਮੋਇਨਸ ਰਜਿਸਟਰK ਮੀਡੀਆ ਕਾਮ ਲੋਵਾ ਸਰਵੇਖਣ ਵਿਚ ਹੋਇਆ ਹੈ। ਲੋਵਾ ਵਿਚ 2016 ਵਿਚ ਡੈਮੋਕੈਰਟਿਕ ਉਮੀਦਵਾਰ ਹਿਲੇਰੀ ਕਲਿੰਟਨ ਤੋਂ 9% ਵਧ ਪ੍ਰਤੀਸ਼ਤ ਵੋਟਾਂ ਲੈ ਕੇ ਟਰੰਪ ਨੇ ਚੋਣ ਜਿੱਤੀ ਸੀ ਪ੍ਰਤੂ ਹੁਣ ਚੋਣ ਸਰਵੇਖਣ 'ਚ ਟਰੰਪ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਤੋਂ ਕੇਵਲ 1% ਵੋਟਾਂ ਦੇ ਫਰਕ ਨਾਲ ਅੱਗੇ ਰਹੇ ਹਨ। ਡੇਸ ਮੋਇਨਸ ਦੇ ਸੈਲਜਰ ਐਂਡ ਕੰਪਨੀ ਵਲੋਂ ਇਹ ਚੋਣ ਸਰਵੇਖਣ 7 ਤੋਂ 10 ਜੂਨ ਦਰਮਿਆਨ ਕੀਤਾ ਗਿਆ। ਇਸ ਵਿਚ ਗਲਤੀ ਦੀ ਗੁੰਜਾਇਸ਼ 3.8% ਪਲਸ ਜਾਂ ਮਾਈਨਸ ਹੋ ਸਕਦੀ ਹੈ। ਰਾਸ਼ਟਰਪਤੀ ਟਰੰਪ ਨੇ ਇਸ ਸਾਲ ਦੇ ਸ਼ੁਰੂ ਵਿਚ ਲੋਵਾ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਜੇਕਰ ਅਸੀਂ ਚੋਣਾਂ ਨਾ ਜਿੱਤੇ ਤਾਂ ਤੁਹਾਡੀ ਖੇਤੀਬਾੜੀ ਤਬਾਹ ਹੋ ਜਾਵੇਗੀ, ਸਬਸਿਡੀਆਂ ਤੇ ਹੋਰ ਸਹੂਲਤਾਂ ਖਤਮ ਹੋ ਜਾਣਗੀਆਂ। ਸਮਝਿਆ ਜਾਂਦਾ ਸੀ ਕਿ ਨਵੰਬਰ 2020 ਦੀ ਰਾਸ਼ਟਰਪਤੀ ਚੋਣ ਵਿਚ ਟਰੰਪ ਲੋਵਾ 'ਚ ਅਸਾਨੀ ਨਾਲ ਜਿੱਤ ਦਰਜ ਕਰ ਲੈਣਗੇ ਪਰ ਹੁਣ ਅਜਿਹਾ ਨਹੀਂ ਲੱਗਦਾ। ਲੋਵਾ ਵਿਚ ਗਹਿਗਚ ਮੁਕਾਬਲਾ ਹੋਵੇਗਾ ਤੇ ਰਾਸ਼ਟਰਪਤੀ ਚੋਣ ਹਾਰ ਵੀ ਸਕਦੇ ਹਨ। ਸਮਝਿਆ ਜਾਂਦਾ ਹੈ ਕਿ ਕੋਰੋਨਾਵਾਇਰਸ ਮਹਾਮਾਰੀ ਤੇ ਪੁਲਿਸ ਹੱਥੋਂ ਅਫ਼ਰੀਕੀ ਮੂਲ ਦੇ ਅਮਰੀਕਨਾਂ ਦੀਆਂ ਹੱਤਿਆਵੇ ਕਾਰਨ ਵੱਡੀ ਪੱਧਰ ਉਪਰ ਪਾਏ ਜਾ ਰਹੇ ਅਣਸੁਖਾਵੇਂ ਹਾਲਾਤ ਕਾਰਨ ਰਾਸ਼ਟਰਪਤੀ ਦੀ ਲੋਕਪ੍ਰਿਯਤਾ ਵਿਚ ਕਮੀ ਆਈ ਹੈ।

# ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਮੌਤਾਂ ਦੀ ਗਿਣਤੀ ਘਟੀ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਹਾਲਾਂ ਕਿ ਮੌਤਾਂ ਹੋਣ ਦਾ ਸਿਲਸਲਾ ਬਰਕਰਾਰ ਹੈ ਪਰ ਸੁੱਖਦਾਈ ਖ਼ਬਰ ਇਹ ਹੈ ਕਿ ਮੌਤਾਂ ਦੀ ਗਿਣਤੀ ਘੱਟ ਗਈ ਹੈ। ਪਿਛਲੇ 24 ਘੰਟਿਆਂ ਦੌਰਾਨ 385 ਮੌਤਾਂ ਹੋਈਆਂ ਹਨ। ਜੌਹਨ ਹੋਪਕਿੰਨਜ ਯੂਨੀਵਰਸਿਟੀ ਅਨੁਸਾਰ ਇਸ ਤੋਂ ਪਹਿਲੇ ਦਿਨ 382 ਮੌਤਾਂ ਹੋਈਆਂ ਸਨ। ਮਾਰਚ ਦੇ ਆਖਿਰ ਤੋਂ ਬਾਅਦ ਹੁਣ ਤੱਕ ਰੋਜ਼ਾਨਾ ਮੌਤਾਂ ਦਾ ਇਹ ਸਭ ਤੋਂ ਹੇਠਲਾ ਅੰਕੜਾ ਹੈ। ਮੌਤਾਂ ਦੀ ਕੁਲ ਗਿਣਤੀ 1,19,132 ਹੋ ਗਈ ਹੈ ਜਦ ਕਿ ਪੀੜਤਾਂ ਦੀ ਕੁਲ ਗਿਣਤੀ 22,08,400 ਹੋ ਗਈ ਹੈ। 9,03,041 ਮਰੀਜ਼ ਠੀਕ ਹੋਏ ਹਨ। ਮਰੀਜ਼ਾਂ ਦੇ ਠੀਕ ਹੋਣ ਦੀ ਦਰ 88% 'ਤੇ ਪਹੁੰਚ ਗਈ ਹੈ ਜਿਸ ਵਿਚ ਆਉਣ ਵਾਲੇ ਦਿਨਾਂ ਦੌਰਾਨ ਹੋਰ ਸੁਧਾਰ ਹੋਣ ਦੀ ਸੰਭਾਵਨਾ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਅਮਰੀਕਾ ਵਿਚ ਪੁਲਿਸ ਗੋਲੀ ਨਾਲ ਇਕ ਹੋਰ ਕਾਲੇ ਦੀ ਮੌਤ ਉਪਰੰਤ ਝੜਪਾਂ

## ਕੈਲੀਫੋਰਨੀਆ ਵਿਚ ਕਾਲੇ ਵਿਅਕਤੀ ਦੀ ਦਰੱਖਤ ਨਾਲ ਲਟਕਦੀ ਲਾਸ਼ ਮਿਲੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਨੂੰ ਲੈ ਕੇ ਪ੍ਰਦਰਸ਼ਨਾਂ ਦਾ ਸਿਲਸਲਾ ਅਜੇ ਰੁਕਿਆ ਨਹੀਂ ਹੈ ਕਿ ਇਸ ਦਰਮਿਆਨ ਇਕ ਹੋਰ ਕਾਲੇ ਵਿਅਕਤੀ ਦੀ ਪੁਲਿਸ ਗੋਲੀ ਨਾਲ ਮੌਤ ਹੋਣ ਦੀ ਖ਼ਬਰ ਹੈ। ਇਹ ਘਟਨਾ ਦੇਰ ਰਾਤ ਐਟਲਾਂਟਾ (ਜਾਰਜੀਆ) ਵਿਚ ਵਿੰਡੀਜ ਵਿਖੇ ਵਾਪਰੀ ਜਿਸ ਉਪਰੰਤ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ। ਇਕ ਰੈਸਟੋਰੈਂਟ ਦੇ ਬਾਹਰ ਪੁਲਿਸ ਤੇ ਨੈਸ਼ਨਲ ਗਾਰਡ ਦੇ ਜਵਾਨਾਂ ਨਾਲ ਪ੍ਰਦਰਸ਼ਨਕਾਰੀ ਭਿੜ ਗਏ ਜਿਨਾਂ ਉਪਰ ਕਾਬੂ ਪਾਉਣ ਲਈ ਪੁਲਿਸ ਨੂੰ ਭਾਰੀ ਮੁਸ਼ੱਕਤ ਕਰਨੀ ਪਈ। ਇਸ ਘਟਨਾ ਤੋਂ ਬਾਅਦ ਐਟਲਾਂਟਾ ਦੇ ਪੁਲਿਸ ਮੁੱਖੀ ਈਰਿਕਾ ਸ਼ੀਲਡ ਨੇ ਤੁਰੰਤ ਆਪਣਾ ਅਸਤੀਫ਼ਾ ਦੇ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਰੇਸ਼ਰਡ ਬਰੁੱਕਸ ਨਾਂ ਦਾ 27 ਸਾਲਾਂ ਦਾ ਕਾਲਾ ਵਿਅਕਤੀ ਵਿੰਡੀਜ ਦੀ ਸੜਕ 'ਤੇ ਆਪਣੀ ਕਾਰ ਵਿਚ ਸੁੱਤਾ ਪਿਆ ਸੀ ਜਿਸ ਕਾਰਨ ਹੋਰ ਕਾਰ ਸਵਾਰਾਂ ਨੂੰ ਅਸੁਵਿਧਾ ਹੋ ਰਹੀ ਸੀ। ਜਾਂਚ ਬਿਊਰੋ ਅਨੁਸਾਰ ਪੁਲਿਸ ਰਾਤ 10.30 ਵਜੇ ਮੌਕੇ ਉਪਰ ਪੁੱਜੀ। ਰੇਸ਼ਰਡ ਬਰੁੱਕਸ ਦਾ ਨਸ਼ਾ ਕੀਤੇ ਹੋਣ ਸਬੰਧੀ ਟੈਸਟ ਲਿਆ ਗਿਆ ਜਿਸ ਵਿਚ ਉਹ ਫੇਲ ਹੋ ਗਿਆ।





ਗ੍ਰਿਫ਼ਤਾਰੀ ਵੇਲੇ ਉਹ ਪੁਲਿਸ ਨਾਲ ਉਲਝ ਗਿਆ ਜਿਸ ਦੌਰਾਨ ਪੁਲਿਸ ਅਧਿਕਾਰੀ ਵੱਲੋਂ ਚਲਾਈ ਗੋਲੀ ਨਾਲ ਉਹ ਜ਼ਖਮੀ ਹੋ ਗਿਆ। ਹਸਪਤਾਲ ਵਿਚ ਉਸ ਦਾ ਆਪਰੇਸ਼ਨ ਕੀਤਾ ਗਿਆ ਜਿਸ ਉਪਰੰਤ ਉਹ ਦਮ ਤੋੜ ਗਿਆ। ਮੇਅਰ ਕੀਸ਼ਾ ਲਾਂਸ ਬੌਟਮਜ ਨੇ ਗੋਲੀ ਚਲਾਉਣ ਵਾਲੇ ਪੁਲਿਸ ਅਧਿਕਾਰੀਆਂ ਦੀਆਂ ਸੇਵਾਵਾਂ ਖਤਮ ਕਰਨ ਤੇ ਉਸ ਦੀ ਜਗਾ ਹੋਰ ਪੁਲਿਸ ਅਧਿਕਾਰੀ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਮੇਅਰ ਨੇ ਕਿਹਾ ਕਿ ਪੁਲਿਸ ਦੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਮੇਅਰ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਮੇਰੇ ਕੋਲ ਅਫਸੋਸ ਪ੍ਰਗਟ ਕਰਨ ਲਈ ਸ਼ਬਦ ਨਹੀਂ ਹਨ। ਅਸੀਂ ਪਰਿਵਾਰ ਦੇ ਨਾਲ ਹਾਂ। ਉਨਾਂ ਕਿਹਾ ਕਿ ਸਾਡੇ ਵੱਲੋਂ ਪੁਲਿਸ ਅਧਿਕਾਰੀ ਵਿਰੁੱਧ ਕੀਤੀ ਫੌਰੀ ਕਾਰਵਾਈ ਤੋਂ ਪਰਿਵਾਰ ਨੂੰ ਜਰੂਰ ਤਸੱਲੀ ਹੋਈ ਹੋਵੇਗੀ।

**ਕਾਲੇ ਵਿਅਕਤੀ ਦੀ ਦਰੱਖਤ ਨਾਲ ਲਟਕਦੀ ਲਾਸ਼ ਮਿਲੀ**

ਕੈਲੀਫੋਰਨੀਆ ਵਿਚ ਪਾਲਮਡੇਲ ਵਿਖੇ ਸਿਟੀ ਹਾਲ ਨੇੜੇ ਇਕ ਕਾਲੇ ਵਿਅਕਤੀ ਦੀ ਦਰੱਖਤ ਨਾਲ ਲਟਕਦੀ ਲਾਸ਼ ਮਿਲੀ ਹੈ। ਲਾਸ ਏਂਜਲਸ ਕਾਊਂਟੀ ਦੇ ਸ਼ੈਰਿਫ ਵਿਭਾਗ ਨੇ 24 ਸਾਲਾ ਰਾਬਰਟ ਫੂਲਰ ਦੀ ਮੌਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਥਾਨਕ ਅਧਿਕਾਰੀਆਂ ਨੇ ਆਰੰਭਕ ਜਾਂਚ ਵਿਚ ਇਸ ਨੂੰ ਖੁਦਕੁੱਸ਼ੀ ਦਾ ਮਾਮਲਾ ਦੱਸਿਆ ਹੈ ਪਰ ਘਟਨਾ ਦੀ ਮੁਕੰਮਲ ਜਾਂਚ ਉਪਰੰਤ ਹੀ ਮੌਤ ਦੇ ਅਸਲ ਕਾਰਨ ਬਾਰੇ ਪਤਾ ਲੱਗ ਸਕੇਗਾ।

# ਟਰੰਪ ਪ੍ਰਸ਼ਾਸਨ ਵੱਲੋਂ ਲਿਸਬੀਅਨ ਲੋਕਾਂ ਲਈ ਓਬਾਮਾ ਸਿਹਤ ਸੁਰੱਖਿਆ ਪ੍ਰਣਾਲੀ ਖਤਮ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਟਰੰਪ ਪ੍ਰਸ਼ਾਸਨ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸਿਹਤ ਸੰਭਾਲ 'ਚ ਲਿਸਬੀਅਨ (ਟਰਾਂਸਜੈਂਡਰ) ਲੋਕਾਂ ਨੂੰ ਭਿੰਨਭੇਦ ਤੋਂ ਬਚਾਉਣ ਲਈ ਕਾਇਮ ਕੀਤੀ ਸਿਹਤ ਪ੍ਰਣਾਲੀ ਨੂੰ ਖਤਮ ਕਰਨ ਲਈ ਨਿਯਮਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਜਿਸ ਦਾ ਮਕਸਦ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੰਜਰਵੇਟਿਵ ਧਾਰਮਿਕ ਵੋਟ ਆਧਾਰ ਨੂੰ ਖੁਸ਼ ਕਰਨਾ ਹੈ। ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਦੀ ਯੋਜਨਾ ਅਨੁਸਾਰ 'ਸੈਕਸ' ਦਾ ਮਤਲਬ ਹੈ ਮਰਦ ਤੇ ਔਰਤ ਜਿਵੇਂ ਕਿ ਜੀਵ ਵਿਗਿਆਨ ਨੇ ਤੈਅ ਕੀਤਾ ਹੈ। ਇਸ ਵਿਚ ਤੀਸਰੇ ਲਈ ਕੋਈ ਜਗਾ ਨਹੀਂ ਹੈ। ਔਰਤਾਂ ਦੇ ਸਮੂੰਹਾਂ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਨਵੇਂ ਨਿਯਮਾਂ ਤਹਿਤ ਗਰਭਪਾਤ ਦੀਆਂ ਸੰਭਾਵਨਾਵਾਂ ਵੀ ਖਤਮ ਹੋ ਜਾਣਗੀਆਂ ਜਦ ਕਿ ਇਹ ਸਿਹਤ ਨਾਲ ਜੁੜੀ ਪ੍ਰਕ੍ਰਿਆ ਹੈ। ਨੈਸ਼ਨਲ ਵੋਮੈਨ ਲਾਅ ਸੈਂਟਰ ਦੀ ਪ੍ਰਧਾਨ ਫਾਤਿਮਾ ਗੋਸ ਗਰੇਵਜ ਨੇ ਕਿਹਾ ਹੈ ਕਿ ਕਿਸੇ ਨੂੰ ਵੀ ਇਸ ਤੋਂ ਡਰਨ ਦੀ ਲੋੜ ਨਹੀਂ ਹੈ। ਉਹ ਕੌਣ ਹੁੰਦੇ ਹਨ, ਉਨਾਂ ਨੇ ਸਿਹਤ ਸਬੰਧੀ ਨਿੱਜੀ ਫੈਸਲਾ ਲਿਆ ਹੈ। ਏ ਸੀ ਐਲ ਯੂ ਨੇ ਕਿਹਾ ਹੈ ਕਿ ਉਹ ਟਰਾਂਸਜੈਂਡਰ ਲੋਕਾਂ ਲਈ ਸਿਹਤ ਸਹੂਲਤਾਂ ਵਾਪਿਸ ਲੈਣ ਵਿਰੁੱਧ ਪਹਿਲਾਂ ਹੀ ਅਦਾਲਤ ਦਾ ਦਰਵਾਜ਼ਾ ਖੜਕਾ ਚੁੱਕੇ ਹਨ। ਵਿਲੀਅਮਜ ਇੰਸਟੀਚਿਊਟ ਅਨੁਸਾਰ 15 ਲੱਖ ਤੋਂ ਵਧ ਲੋਕਾਂ ਦੀ ਟਰਾਂਸਜੈਂਡਰ ਵਜੋਂ ਪਛਾਣ ਹੋ ਚੁੱਕੀ ਹੈ। ਵਿਲੀਅਮਜ ਇੰਸਟੀਚਿਊਟ ਦੇ ਜਨਤਿਕ ਨੀਤੀ ਮਾਹਿਰ ਜੋਡੀ ਹਰਮਨ ਨੇ ਟਰੰਪ ਪ੍ਰਸ਼ਾਸਨ ਦੇ ਕਦਮ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ ਨਾਲ ਟਰਾਂਸਜੈਂਡਰ ਲੋਕਾਂ ਦੀ ਸਿਹਤ ਸੰਭਾਲ ਨੂੰ ਹੋਰ ਨੁਕਸਾਨ ਪੁਜੇਗਾ ਜੋ ਪਹਿਲਾਂ ਹੀ ਚੰਗੀ ਹਾਲਤ ਵਿਚ ਨਹੀਂ ਹੈ।

# ਅਮਰੀਕਾ ਵਿਚ ਵੈਸਟ ਪੁਆਇੰਟ ਮਿਲਟਰੀ ਅਕੈਡਮੀ ਤੋਂ ਪਹਿਲੀ ਸਿੱਖ ਲੜਕੀ ਗ੍ਰੈਜੂਏਟ ਹੋਈ








**ਨਿਊਯਾਰਕ (ਰਾਜ ਗੋਗਨਾ)–** ਇਤਿਹਾਸ ਗਵਾਹ ਹੈ ਕਿ ਅਨਮੋਲ ਕੌਰ ਨਾਰੰਗ ਵੈਸਟ ਪੁਆਇੰਟ ਵਿਖੇ ਸੰਯੁਕਤ ਰਾਜ ਦੀ ਮਿਲਟਰੀ ਅਕੈਡਮੀ ਤੋਂ ਗ੍ਰੈਜੂਏਟ ਹੋਣ ਵਾਲੀ ਪਹਿਲੀ ਪੰਜਾਬਣ ਸਿੱਖ ਲੜਕੀ ਹੈ। ਲੈਫਟੀਨੈਂਟ ਅਨਮੋਲ ਕੌਰ ਨਾਰੰਗ ਨੂੰ ਅਮਰੀਕੀ ਸੈਨਾ ਦੇ ਏਅਰ ਡਿਫੈਂਸ ਤੋਪਖਾਨੇ ਵਿੱਚ ਲਗਾਇਆ ਗਿਆ ਹੈ।

ਅਨਮੋਲ ਕੌਰ ਦੀ ਪ੍ਰਾਪਤੀ ਲਈ ਟਵਿੱਟਰ ਬੇਤਹਾਸਾ ਵਧਾਈ ਦੀਆ ਪੋਸਟਾਂ ਨਾਲ ਭਰ ਗਿਆ ਹੈ। ਕਹਿਣ ਦਾ ਭਾਵ ਹੈ ਕਿ ਸਿੱਖ ਹੋਣ ਦੇ ਨਾਤੇ ਇੰਨਾਂ ਜਜ਼ਬਾ ਹੈ ਕਿ ਅਨਮੋਲ ਕੌਰ ਨੇ ਆਪਣਾ ਕੈਰੀਅਰ ਵਿਦੇਸ਼ ਵਿੱਚ ਆ ਕੇ ਉਹ ਹੀ ਚੁਣਿਆਂ ਹੈ। ਜੋ ਕੋਮ ਪ੍ਰਤੀ ਜਜ਼ਬਾ , ਅਣਖ ਤੇ ਦ੍ਰਿੜ੍ਹਤਾ ਵਾਲਾ ਹੈ। ਜਿੱਥੇ ਇਸ ਦੀ ਫ਼ੌਜ ਵਿੱਚ ਐਂਟਰੀ ਦੂਜੀਆਂ ਔਰਤਾ ਲਈ ਪ੍ਰੇਰਨਾ ਸਰੋਤ ਬਣੇਗੀ। ਉਥੇ ਇਸ ਨੇ ਔਰਤਾ ਲਈ ਫ਼ੌਜ ਵਿੱਚ ਰਾਹ ਖੋਲ ਦਿੱਤਾ ਹੈ। ਇਸ ਪ੍ਰਾਪਤੀ ਲਈ ਅਨਮੋਲ ਕੌਰ ਨਾਰੰਗ ਤੇ ਉਸ ਦੇ ਪ੍ਰੀਵਾਰ ਨੂੰ ਵਿਦੇਸ਼ਾਂ ਚ' ਵੱਸਦਾ ਭਾਈਚਾਰਾ ਵਧਾਈ ਦਿੰਦਾ ਹੈ। ਆਸ ਹੈ ਕਿ ਉਹ ਫ਼ੌਜ ਵਿੱਚ ਕੀਰਤਨੀਮਾਨ ਸਥਾਪਤ ਕਰੇਗੀ।ਸਿੱਖ ਵਿਸ਼ਵ ਭਰ ਵਿਚ ਆਪਣੀਆਂ ਪ੍ਰਾਪਤੀਆਂ ਕਰਕੇ ਹਮੇਸ਼ਾਂ ਭਾਈਚਾਰੇ ਨੂੰ ਮਾਣ ਦਿਵਾਉਂਦੇ ਰਹੇ ਹਨ।ਇਸ ਹਫਤੇ ਦੇ ਸ਼ੁਰੂ ਵਿੱਚ ਵੀ ਕੈਲੀਫੋਰਨੀਆ ਚ' 23 ਸਾਲਾ ਜੁਝਾਰ ਸਿੰਘ ਨੇ ਇਤਿਹਾਸ ਸਿਰਜਿਆ ਸੀ ਕਿਉਂਕਿ ਉਹ ਕੈਲੀ-ਫੋਰਨੀਆ ਵਿਚ ਹੇਵਰਡ ਪੁਲਿਸ ਵਿਭਾਗ ਵਿੱਚ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਣ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਜੁਝਾਰ ਸਿੰਘ ਅਲਾਮੇਡਾ ਦੀ ਕਾਉਂਟੀ ਵਿਚ ਪਹਿਲਾ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਣਿਆ ਹੈ। ਸਿੱਖ ਅਜਿਹੇ ਮਾਅਰਕਾ ਮਾਰਨ ਦੇ ਧਾਰਣੀ ਹਨ ਜੋ ਕੋਮ ਲਈ ਫ਼ਖ਼ਰ ਅਤੇ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ। ਜਿਸ ਤੋ ਦੂਸਰੇ ਲੋਕ ਸੇਧ ਲੈ ਸਕਣਗੇ।

# ਅਗਲੇ ਮਹੀਨਿਆਂ ਦੌਰਾਨ ਅਮਰੀਕਾ ਵਿਚ ਕੋਰੋਨਾ ਨਾਲ ਇਕ ਲੱਖ ਹੋਰ ਹੋ ਸਕਦੀਆਂ ਹਨ ਮੌਤਾਂ- ਮਾਹਿਰ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਹਾਲਾਂ ਕਿ ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਰੋਜਾਨਾ ਹੋ ਰਹੀਆਂ ਮੌਤਾਂ ਵਿਚ ਕਮੀ ਆਈ ਹੈ ਪਰ ਸਿਹਤ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਵਾਇਰਸ ਅਜੇ ਉਸੇ ਤਰਾਂ ਹੀ ਕਾਇਮ ਹੈ ਤੇ ਇਹ ਕਿਤੇ ਗਿਆ ਨਹੀਂ ਹੈ। ਹਾਰਵਰਡ ਗਲੋਬਲ ਹੈਲਥ ਇੰਸਟੀਚਿਊਟ ਦੇ ਡਾਇਰੈਕਟਰ ਡਾਕਟਰ ਆਸ਼ਿਸ਼ ਝਾਅ ਨੇ ਚਿਤਾਵਨੀ ਦਿੱਤੀ ਹੈ ਕਿ ਪਿਛਲੇ 6 ਹਫ਼ਤਿਆਂ ਦੌਰਾਨ ਮੌਤਾਂ ਦਾ ਅੰਕੜਾ ਘਟਣ ਦੇ ਬਾਵਜੂਦ ਕੋਰੋਨਾਵਾਇਰਸ ਦੇ ਫੈਲਣ ਦਾ ਖਤਰਾ ਨਿਰੰਤਰ ਬਰਕਰਾਰ ਹੈ ਤੇ ਅਗਲੇ ਕੁਝ ਮਹੀਨਿਆਂ ਵਿਚ ਇਕ ਲੱਖ ਹੋਰ ਅਮਰੀਕੀ ਮੌਤ ਦੇ ਮੂੰਹ ਵਿਚ ਜਾ ਸਕਦੇ ਹਨ। ਝਾਅ ਨੇ ਟਵੀਟ ਕੀਤਾ ਹੈ ਕਿ ''ਰੋਜਾਨਾ 800 ਤੋਂ 1000 ਮੌਤਾਂ ਹੋ ਰਹੀਆਂ ਹਨ, ਅਸੀਂ ਅਜੇ ਸੁਰੱਖਿਅਤ ਨਹੀਂ ਹੋ ਸਕਦੇ ''। ਅਮਰੀਕਾ ਵਿਚ ਅੱਜ ਤੱਕ ਕੋਰੋਨਾਵਾਇਰਸ ਨਾਲ 1,16,034 ਮੌਤਾਂ ਹੋ ਚੁੱਕੀਆਂ ਹਨ ਤੇ ਪੀੜਤ ਮਰੀਜ਼ਾਂ ਦੀ ਗਿਣਤੀ 20,89,701 ਹੋ ਗਈ ਹੈ। ਮਰੀਜ਼ਾਂ ਦੇ ਸਿਹਤਮੰਦ ਹੋਣ ਦੀ ਦਰ ਵਿਚ ਵਰਣਯੋਗ ਸੁਧਾਰ ਹੋਇਆ ਹੈ। ਸਿਹਤਮੰਦ ਹੋਣ ਦੀ ਦਰ 88% ਹੋ ਗਈ ਹੈ। ਹੁਣ ਤੱਕ 8,16,086 ਮਰੀਜ਼ ਠੀਕ ਹੋਏ ਹਨ।

# ਘੱਟ ਗਿਣਤੀਆਂ ਦੀ ਬੇਹਤਰੀ ਲਈ ਨਵੀ ਯੋਜਨਾਬੰਦੀ ਹੋਵੇਗੀ- ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਸ ਦਾ ਪ੍ਰਸ਼ਾਸਨ ਕਾਲੇ ਭਾਈਚਾਰੇK ਘੱਟ ਗਿਣਤੀਆਂ ਦੀ ਬੇਹਤਰੀ ਲਈ ਲੋੜੀਂਦੇ ਕਦਮ ਚੁੱਕਣ ਵਾਸਤੇ ਯੋਜਨਾ ਬਣਾ ਰਿਹਾ ਹੈ। ਇਸ ਦੇ ਨਾਲ ਹੀ ਉਨਾਂ ਨੇ ਪ੍ਰਦਰਸ਼ਨਕਾਰੀਆਂ ਉਪਰ ਕਾਬੂ ਪਾਉਣ ਲਈ ਕੀਤੀ ਕਾਰਵਾਈ ਵਾਸਤੇ ਨੈਸ਼ਨਲ ਗਾਰਡ ਦੀ ਪ੍ਰਸੰਸਾ ਕੀਤੀ ਹੈ। ਉਨਾ ਕਿਹਾ ਕਿ ਉਸ ਦੇ ਪ੍ਰਸ਼ਾਸਨ ਨੇ ਬਹੁਤ ਹੀ ਵਧੀਆ ਢੰਗ ਨਾਲ ਪ੍ਰਦਰਸ਼ਕਾਰੀਆਂ ਨਾਲ ਨਜਿੱਠਿਆ ਹੈ ਬਿਲਕੁੱਲ ਉਸੇ ਤਰਾਂ ਜਿਵੇਂ 'ਇਕ ਚਾਕੂ ਮੱਖਣ ਵਿਚੋਂ ਨਿਕਲ ਜਾਂਦਾ ਹੈ।' ਉਨਾਂ ਕਿਹਾ ਕਿ ਘੱਟ ਗਿਣਤੀਆਂ ਖਾਸ ਕਰਕੇ ਕਾਲੇ ਭਾਈਚਾਰੇ ਦੇ ਛੋਟੇ ਕਾਰੋਬਾਰਾਂ ਦੀ ਬੇਹਤਰੀ ਲਈ ਨਿਵੇਸ਼ ਕੀਤਾ ਜਾਵੇਗਾ। ਉਨਾਂ ਕਿਹਾ ਇਹ ਕੰਮ ਬਹੁਤ ਸਮਾਂ ਪਹਿਲਾਂ ਕਰ ਦੇਣਾ ਚਾਹੀਦਾ ਸੀ। ਉਨਾਂ ਸਵਿਕਰ ਕੀਤਾ ਕਿ ਕੁਝ ਖੇਤਰਾਂ ਵਿਚ ਡਾਕਟਰੀ ਸੇਵਾਵਾਂ ਖਸਤਾ ਹਾਲਤ ਵਿਚ ਹਨ। ਇਨਾਂ ਖੇਤਰਾਂ ਵਿਚ ਡਾਕਟਰੀ ਸੇਵਾਵਾਂ 'ਚ ਸੁਧਾਰ ਲਈ ਕਾਫੀ ਫੰਡਾਂ ਦਾ ਪ੍ਰਬੰਧ ਕੀਤਾ ਜਾਵੇਗਾ। ਇਥੇ




ਵਰਣਨਯੋਗ ਹੈ ਕਿ ਟਰੰਪ ਪਿਛਲੇ 3 ਸਾਲ ਦੇ ਵਧ ਸਮੇ ਤੋਂ ਸੱਤਾ ਉਪਰ ਹਨ ਪਰ ਉਨਾਂ ਵੱਲੋਂ ਪੱਛੜੇ ਖੇਤਰਾਂ ਵਿਚ ਸੁਧਾਰ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਹੁਣ ਚੋਣ ਵਰਾ ਹੋਣ ਕਾਰਨ ਉਨਾਂ ਵੱਲੋਂ ਸੁਧਾਰਾਂ ਲਈ ਐਲਾਨ ਕੀਤੇ ਜਾ ਰਹੇ ਹਨ।

**ਟਰੰਪ ਦੀ ਰੈਲੀ ਵਿਚ ਸ਼ਾਮਿਲ ਹੋਣ ਲਈ ਕਰਨਾ ਪਵੇਗਾ ਅਹਿਦ**

19 ਜੂਨ ਨੂੰ ਓਕਲਾਹੋਮਾ ਵਿਚ ਟਰੰਪ ਵੱਲੋਂ ਕੀਤੀ ਜਾ ਰਹੀ ਚੋਣ ਰੈਲੀ ਵਿਚ ਸ਼ਾਮਿਲ ਹੋਣ ਲਈ ਲੋਕਾਂ ਨੂੰ ਇਹ ਅਹਿਦ ਕਰਨਾ ਪਵੇਗਾ ਕਿ ਜੇਕਰ ਰੈਲੀ ਕਾਰਨ ਕੋਰੋਨਾਵਾਇਰਸ ਫੈਲਦਾ ਹੈ ਤਾਂ ਉਹ ਰੈਲੀ ਦੇ ਪ੍ਰਬੰਧਕਾਂ ਵਿਰੁੱਧ ਕਿਸੇ ਤਰਾਂ ਦੀ ਪਟੀਸ਼ਨ ਦਾਇਰ ਨਹੀਂ ਕਰਨਗੇ। ਰਾਸ਼ਟਰਪਤੀ ਦੀ ਚੋਣ ਮੁਹਿੰਮ ਲਈ ਵੈਬਸਾਈਟ ਉਪਰ ਮੁਫ਼ਤ ਟਿਕਟ ਹਾਸਲ ਕੀਤਾ ਜਾ ਸਕੇਗਾ। ਇਸ ਦੇ ਨਾਲ ਹੀ ਇਕ ਸੰਦੇਸ਼ ਦਿੱਤਾ ਗਿਆ ਹੈ ਕਿ ਟੁਲਸਾ ਦੇ ਬੀ ਓ ਕੇ ਸੈਂਟਰ ਵਿਚ ਅਗਲੇ ਸ਼ੁੱਕਰਵਾਰ ਹੋ ਰਹੀ ਰੈਲੀ ਵਿਚ ਸ਼ਾਮਿਲ ਹੋਣ ਵਾਲੇ ਲੋਕ ਰੈਲੀ ਦੇ ਪ੍ਰਬੰਧਕਾਂ ਜਾਂ ਇਸ ਨਾਲ ਜੁੜੀਆਂ ਹੋਰ ਧਿਰਾਂ ਵਿਰੁੱਧ ਕੋਰੋਨਾਵਾਇਰਸ ਦੇ ਫੈਲਣ ਨੂੰ ਲੈ ਕੇ ਕੋਈ ਕਾਨੂੰਨੀ ਕਾਰਵਾਈ ਨਹੀਂ ਕਰ ਸਕਣਗੇ। ਹੋਰ ਕਿਹਾ ਗਿਆ ਹੈ ਕਿ ਤੁਸੀਂ ਆਪਣੇ ਜੋਖ਼ਮ 'ਤੇ ਰੈਲੀ ਵਿਚ ਸ਼ਾਮਿਲ ਹੋਵੋਗੇ ਕਿਉਂਕਿ ਲੋਕਾਂ ਦੇ ਇਕੱਠ ਵਿਚ ਕੋਰੋਨਾਵਾਇਰਸ ਫੈਲਣ ਦਾ ਖਤਰਾ ਹੋ ਸਕਦਾ ਹੈ।

# ਬਲੱਡ ਬੈਂਕ ਵਲੋਂ 137ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਆਯੋਜਿਤ

**ਫਗਵਾੜਾ (ਬੀ ਕੇ ਰੱਤੂ)** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਲੋਂ 137ਵੇਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਤਾਰਾ ਚੰਦ ਚੁੰਬਰ, ਵਿਨੋਦ ਮੜ•ੀਆ, ਰਮੇਸ਼ ਗਾਬਾ, ਵਿਸ਼ਵਾ ਮਿੱਤਰ ਸ਼ਰਮਾ ਅਤੇ ਮੋਹਨ ਲਾਲ ਤਨੇਜਾ ਨੇ ਸਾਂਝੇ ਤੌਰ ਤੇ ਕੀਤੀ। ਕੋਵਿਡ-19 ਕੋਰੋਨਾ ਲਾਕਡਾਊਨ ਦੇ ਚਲਦੇ ਸਮਾਗਮ ਨੂੰ ਸੰਖੇਪ ਰੱਖਿਆ ਗਿਆ ਅਤੇ 65 ਲੋੜਵੰਦ ਪਰਿਵਾਰਾਂ ਨੂੰ ਪ੍ਰਸ਼ਾਸਨ ਵਲੋਂ



ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਫਿਜੀਕਲ ਡਿਸਟੈਂਸ ਰੱਖਦਿਆਂ ਰਾਸ਼ਨ ਦੀ ਵੰਡ ਕੀਤੀ ਗਈ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਹਰ ਮਹੀਨੇ ਆਯੋਜਿਤ ਕੀਤੇ ਜਾਣ ਵਾਲੇ ਇਸ ਰਾਸ਼ਨ ਵੰਡ ਸਮਾਗਮ ਵਿਚ ਅੱਜ ਦੇ ਪ੍ਰਧਾਨਗੀ ਮੰਡਲ ਤੋਂ ਇਲਾਵਾ ਸਮਾਜ ਸੇਵਕ ਰਮੇਸ਼ ਦੁੱਗਲ, ਮਨੀਸ਼ ਬੱਤਰਾ, ਅਵਤਾਰ ਸਿੰਘ, ਰਜਿੰਦਰ ਸਿੰਘ ਕੋਛੜ, ਐਨ.ਆਰ.ਆਈ. ਸਤਪਾਲ, ਰਜਨੀਸ਼ ਬੇਦੀ ਦਾ ਵਢਮੁੱਲਾ ਸਹਿਯੋਗ ਪ੍ਰਾਪਤ ਹੁੰਦਾ ਹੈ।

# ਦੁਰਵਿਵਹਾਰ ਰੋਕਣ ਲਈ ਟਰੰਪ ਨੇ ਆਦੇਸ਼ ਉਪਰ ਕੀਤੇ ਦਸਤਖ਼ਤ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਪ੍ਰਸਤਾਵਿਤ ਆਦੇਸ਼ ਉਪਰ ਦਸਤਖ਼ਤ ਕਰ ਦਿੱਤੇ ਹਨ ਜਿਸ ਤਹਿਤ ਪੁਲਿਸ ਨੂੰ ਤਾਕਤ ਦੀ ਵਰਤੋਂ ਕਰਦੇ ਸਮੇ ਨਵੇਂ ਮਾਪ ਦੰਡ ਅਪਣਾਉਣ ਲਈ ਕਿਹਾ ਗਿਆ ਹੈ। ਅਫ਼ਰੀਕੀ ਮੂਲ ਦੇ ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਤੋਂ ਬਾਅਦ ਵੱਡੇ ਪੱਧਰ ਉਪਰ ਹੋਏ ਪ੍ਰਦਰਸ਼ਨਾਂ ਦੌਰਾਨ ਪੁਲਿਸ ਪ੍ਰਣਾਲੀ ਵਿਚ ਸੁਧਾਰ ਕਰਨ ਦੀ ਮੰਗ ਉੱਠੀ ਸੀ। ਪ੍ਰਦਰਸ਼ਨਕਾਰੀਆਂ ਤੇ ਰਾਜਸੀ ਦਬਾਅ ਦੇ ਸਿੱਟੇ ਵਜੋਂ ਟਰੰਪ ਨੇ ਪੁਲਿਸ ਦੀ ਸਖਤੀ ਰੋਕਣ ਲਈ ਇਹ ਨਵਾਂ ਆਦੇਸ਼ ਜਾਰੀ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਕਾਨੂੰਨ ਵਿਵਸਥਾ ਬਣਾਈ ਰਖਣ ਲਈ ਨਿ-ਆਇਕ ਤੇ ਸੁਰੱਖਿਅਤ ਢੰਗ-ਤਰੀ-ਕਿਆਂ ਦੀ ਵਰਤੋਂ ਕੀਤੀ ਜਾਵੇ। ਟਰੰਪ ਨੇ ਆਦੇਸ਼ ਉਪਰ ਦਸਤਖ਼ਤ ਕਰਨ ਸਮੇ ਕਿਹਾ ' ਮੈ ਸਾਰੇ ਪੀੜਤ ਪਰਿਵਾਰਾਂ ਨੂੰ ਦੱਸਣਾ ਚਹੁੰਦਾ ਹਾਂ ਕਿ ਸਾਰੇ ਅਮਰੀਕਨ ਤੁਹਾਡੇ ਦੁੱਖ ਵਿਚ ਸ਼ਾਮਿਲ ਹਨ ਤੇ ਤੁਹਾਡੇ ਪਿਆਰਿਆਂ ਦੀ ਮੌਤ ਅਜਾਈਂ ਨਹੀਂ ਜਾਵੇਗੀ।' ਟਰੰਪ ਨੇ ਜਿਥੇ ਪਰਿਵਾਰਾਂ ਨੂੰ ਅਸਧਾਰਨ ਕਰਾਰ ਦਿ-



ਦਿਆਂ ਉਨਾਂ ਨੂੰ ਨਿਆਂ ਦਿਵਾਉਣ ਪ੍ਰਤੀ ਵਚਨਬੱਧਤਾ ਪ੍ਰਗਟਾਈ ਉਥੇ ਨਾਲ ਹੀ ਪੁਲਿਸ ਦੀ ਪਿੱਠ ਥਪਥਪ-ਾਉਂਦਿਆਂ ਉਨਾਂ ਕਹਾ ਕਿ 'ਪੁਲਿਸ ਬਹਾਦਰ, ਨਿਰਸਵਾਰਥ ਤੇ ਨਿਡਰ ਹੈ। ਅਮਰੀਕਨ ਸੱਚਾਈ ਜਾਣਦੇ ਹਨ ਕਿ ਪੁਲਿਸ ਤੋਂ ਬਿਨਾਂ ਉਥਲ ਪੁਥਲ ਹੋ ਜਾਵੇਗੀ ਤੇ ਕਾਨੂੰਨ ਤੋਂ ਬਿਨਾਂ ਅਰਾਜਕਤਾ ਫੈਲ ਜਾਵੇਗੀ।' ਦੂਸਰੇ ਪਾਸੇ ਅਲੋਚਕਾਂ ਦਾ ਕਹਿਣਾ ਹੈ ਕਿ ਇਹ ਆਦੇਸ਼ ਪ੍ਰਣਾਲੀਬੱਧ ਨਸਲਵਾਦ ਦੀ ਸਮੱਸਿਆ ਹੱਲ ਕਰਨ ਵਿਚ ਨਾਕਾਮ ਰਿਹਾ ਹੈ। ਨਸਲ, ਨੀਤੀ ਤੇ ਸੰਵਿਧਾਨਕ ਕਾਨੂੰਨ ਉਪਰ ਅਧਿਐਨ ਕਰਨ ਵਾਲੇ ਕੋਲੰਬੀਆ ਯੂਨੀਵਰਸਿਟੀ ਦੇ ਲਾਅ ਪ੍ਰੋਫੈਸਰ ਕੈਨਡਾਲ ਥੋਮਸ ਨੇ ਕਿਹਾ ਹੈ ਕਿ ਰਾਸ਼ਟਰਪਤੀ ਦੇ ਆਦੇਸ਼ ਵਿਚ ਨੀਤੀਗੱਤ ਤਬਦੀਲੀ ਲਈ ਕੋਈ ਵਚਨਬੱਧਤਾ ਵਿਖਾਈ ਨਹੀਂ ਦੇ ਰਹੀ ਤੇ ਨਾ ਹੀ ਪੁਲਿਸ ਵਿਚ ਸੁਧਾਰ ਕਰਨ ਪ੍ਰਤੀ ਗੰਭੀਰਤਾ ਨਜਰ ਆ ਰਹੀ ਹੈ। ਉਨਾਂ ਕਿਹਾ ਕਿ ਨਵੇਂ ਆਦੇਸ਼ ਦਾ ਮੰਤਵ ਮੌਜੂਦਾ ਵਿਵਸਥਾ ਕਾਇਮ ਰਖਣ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਇਹ ਅਜਿਹਾ ਆਦੇਸ਼ ਹੈ ਜਿਸ ਨਾਲ ਸਜਾ ਦੇਣ ਸਬੰਧੀਆਂ ਨੀਤੀਆਂ ਹੋਰ ਸਖਤ ਹੋ ਜਾਣਗੀਆਂ

# ਸਿੱਖ ਜਾਣਦੇ ਨੇ ਕਿ ਰੋਸ ਮੁਜਾਹਰਿਆਂ ਵਿਚ ਤੇ ਕਰੋਨਾ ਵਰਗੀਆਂ ਮਹਾਂਮਾਰੀਆਂ ਵਿਚ ਕਿਵੇਂ ਹਜਾਰਾਂ ਲੋੜਵੰਦ ਲੋਕਾਂ ਨੂੰ ਲੰਗਰ ਖੁਆਇਆ ਜਾਂਦਾ ਹੈ-ਨਿਊ ਯਾਰਕ ਟਾਇਮਜ

**ਨਿਊ ਯਾਰਕ (ਹੁਸਨ ਲੜੋਆ ਬੰਗਾ)** ਸੰਸਾਰ ਦੀ ਪ੍ਰਸਿੱਧ ਅਖਬਾਰ ਨਿਊ ਯਾਰਕ ਟਾਇਮਜ ਨੇ ਅਮਰੀਕਾ ਦੇ ਗੁਰਦੁਆਰਾ ਸਾਹਿਬਾਨਾਂ ਵਿਚ ਤਿਆਰ ਹੁੰਦੇ ਲੰਗਰਾਂ ਉਤੇ ਇਕ ਸਟੀਕ ਰਿਪੋਰਟ ਤਿਆਰ ਕਰਕੇ ਛਾਪੀ ਹੈ, ਜੋ ਸਾਰੀ ਦੁਨੀਆਂ ਦੇ ਸਿੱਖ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੈ। ਇਸ ਲਿਖਤ ਵਿਚ ਅਖਬਾਰ ਨੇ ਅਮਰੀਕਾ ਦੇ ਹਰ ਕੋਨੇ ਦੇ ਗੁਰਦੁਆਰਾ ਸਾਹਿਬ ਤੱਕ ਪਹੁੰਚ ਕਰਕੇ ਉਨਾਂ ਕੋਲੋਂ ਕਰੋਨਾ ਮਹਾਂਮਾਰੀ ਦੇ ਚਲਦਿਆਂ ਉਨਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਕੱਠੀ ਕੀਤੀ ਹੈ ਕਿ ਉਹ ਕਿਸ ਕਿਸਮ ਦੀ ਸੇਵਾ ਕਰ ਰਹੇ ਹਨ, ਜਵਾਬ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸੇਵਾਦਾਰਾਂ ਨੇ ਵਿਸਥਾਰ ਨਾਲ ਦੱਸਿਆ ਹੈ ਕਿ ਉਹ ਕਰੋਨਾ ਮਹਾਂਮਾਰੀ ਤੋਂ ਪਰਭਾਵਤ ਲੋਕਾ ਵਾਸਤੇ ਵੱਡੇ ਰੂਪ ਵਿਚ ਲੰਗਰ ਤਿਆਰ ਕਰਕੇ ਵੰਡ ਰਹੇ ਹਨ। ਇਹ ਲੰਗਰ ਪੈਕੇਟ ਰੂਪ ਵਿਚ ਹਨ ਤੇ ਖਾਣ ਵਾਸਤੇ ਤਿਆਰ ਹੁੰਦੇ ਹਨ, ਜਿਸ ਵਿਚ ਸ਼ਾਕਾਹਾਰੀ ਖਾਣੇ ਭਾਵ, ਰਾਜਮਾਂਹ, ਚੌਲ, ਮਟਰ, ਪਨੀਰ, ਦਾਲ,ਖੀਰ, ਪੀਜੇ,ਬਰਗਰ, ਪਾਸਟਾ, ਟਾਕੋ, ਪਾਣੀ ਤੇ ਸੋਡਾ ਵਗੈਰਾ ਬਹੁਤ ਪੌਸ਼ਟਿਕ ਖਾਣਾ ਹੁੰਦਾ ਹੈ। ਤੇ ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਖਾਣਾ ਵੰਡਿਆ ਜਾ ਚੁੱਕਾ ਹੈ। ਹਰ ਧਰਮ ਦੇ ਲੋਕ ਖਾਣਾ ਆਪ ਵੀ ਲੈ ਕੇ ਜਾ ਰਹੇ ਹਨ ਤੇ ਜਿਹੜੇ ਨਹੀਂ ਪਹੁੰਚ ਸਕਦੇ ਉਨਾਂ ਤੱਕ ਖਾਣਾ ਪਹੁੰਚਾਇਆ ਜਾਂਦਾ ਹੈ। ਫੋਨ ਕਾਲਾਂ ਦੁਆਰਾ ਵੀ ਖਾਣਾ ਕੋਰੀਅਰ ਵਾਂਗ ਵੰਡਿਆ ਜਾ ਰਿਹਾ ਹੈ। ਸਵੇਰੇ ਚਾਰ ਵਜੇ ਸੇਵਾਦਾਰ ਗੁਰਦੁਆਰਾ ਸਾਹਿਬ ਆ ਕੇ ਖਾਣਾ ਤਿਆਰ ਕਰਨਾ ਸ਼ੁਰੂ ਕਰ ਦਿੰਦੇ ਹਨ ਤੇ ਸੋਸ਼ਲ ਡਿਸਟੈਂਸਿੰਗ ਦਾ ਪੂਰਾ ਖਿਆਲ ਰਖਿਆ ਜਾਂਦਾ ਹੈ, ਦਸਤਾਨੇ ਦੇ ਮਾਸਕ ਵਰਤੇ ਜਾਂਦੇ ਹਨ ਤਾਂ ਕਿ ਕਰੋਨੇ ਤੋਂ ਬਚਾਅ ਰਹੇ। ਅਖਬਾਰ ਨੇ ਇਹ ਵੀ ਲਿਖਿਆ ਹੈ






ਕਿ ਲੰਗਰ ਮੁਫਤ ਵੰਡਣ ਵਰਤਉਣ ਛਕਾਉਣ ਦੇ ਸਿਧਾਂਤ ਦੀ ਪਾਲਣਾ ਸਿੱਖ ਧਰਮ ਜਿੰਨੀ ਹੀ ਪੁਰਾਣੀ ਹੈ, ਜੋ 550 ਸਾਲ ਪੁਰਾਣਾ ਹੈ ਤੇ ਲੰਗਰਾਂ ਵਾਸਤੇ ਰਸਦ ਸੰਗਤਾਂ ਦੇ ਦਾਨ ਰਾਹੀਂ ਚਲਦੀ ਹੈ ਤੇ ਹਰ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਗੁਰਦੁਆਰਾ ਸਾਹਿਬ ਭੇਂਟ ਕਰਦਾ ਹੈ। ਜਿਹੜੇ ਗੁਰਦੁਆਰਾ ਸਾਹਿਬਾਨਾਂ ਨਾਲ ਪੱਤਰਕਾਰ ਬੀਬੀ ਪਰੀਯਾ ਕਰਿਸ਼ਨਾ ਨੇ ਸੰਪਰਕ ਕੀਤਾ, ਉਨਾਂ ਵਿਚ ਗੁਰਦੁਆਰਾ ਸਾਹਿਬ ਫਰੀਮਾਂਟ-ਕੈਲੇਫੋਰਨੀਆ, ਗੁਰਦੁਆਰਾ ਕੁਇਨਜ ਵਿਲੇਜ ਸਿੱਖ ਸੈਂਟਰ ਨਿਊ ਯਾਰਕ, ਗੁਰੂ ਨਾਨਕ ਮਿਸ਼ਨ ਸੋਸਾਇਟੀ ਐਟਲਾਂਟਾ, ਖਾਲਸਾ ਕੇਅਰ ਫਾਊਂਡੇਸ਼ਨ ਪਾਕੋਇਮਾ ਲਾਸਏਂਜਲਸ, ਨਾਰਵਿਕ ਕਨੈਕਟੀਕਟ, ਗੁਰਦੁਆਰਾ ਸੱਚਾ ਮਾਰਗ ਸਾਹਿਬ ਸਿਆਟਲ ਵਾਸ਼ਿੰਗਟਨ, ਹੈਸੀਆਂਡਾ ਡੀ ਗੁਰੂ ਰਾਮਦਾਸ ਐਸਪਾਨੋਲਾ, ਗੁਰੂ ਰਾਮਦਾਸ ਗੁਰਦੁਆਰਾ ਵੈਨਕੂਵਰ ਵਾਸ਼ਿੰਗਟਨ, ਗੁਰਦੁਆਰਾ ਸਾਹਿਬ ਰਿਵਰਸਾਇਡ ਕੈਲੇਫੋਰਨੀਆ, ਸਿੰਘ ਸਭਾ ਮਿਸ਼ੀਗਨ, ਸਿੱਖ ਸੋਸਾਇਟੀ ਆਫ ਸੈਂਟਰ ਫਲੋਰੀਡਾ ਆਦਿ। ਸਿੱਖ ਸੰਸਥਾਵਾਂ ਵਿਚ ਵਰਲਡ ਸਿੱਖ ਪਾਰਲੀਮੈਂਟ ਨਿਊ ਯਾਰਕ, ਯੂਨਾਇਟਡ ਸਿਖਸ, ਸਿੱਖ ਕੋਲੀਸ਼ਨ, ਯੂਨਾਇਟਡ ਸਿੱਖ ਮਿਸ਼ਨ ਰਿਵਰਸਾਇਡ ਕੈਲੇਫੋਰਨੀਆ,ਖਾਲਸਾ ਸਕੂਲ ਰਿਵਰਸਇਡ ਕੈਲੇਫੋਰਨੀਆ ਆਦਿ। ਨਿਊ ਯਾਰਕ ਟਾਇਮਜ ਨੇ ਵਿਸ਼ੇਸ਼ ਤੌਰ ਤੇ ਸ੍ਰੀ ਦਰਬਾਰ ਸਹਿਬ ਅੰਮ੍ਰਿਤਸਰ ਸਾਹਿਬ ਦਾ ਜਿਕਰ ਕਰਦਿਆ ਲਿਖਿਆ ਕਿ ਉਥੇ ਲੰਗਰਾਂ ਵਿਚ ਇਕ ਲੱਖ ਸੰਗਤ ਰੋਜਾਨਾ ਲੰਗਰ ਛਕਦੀ ਹੈ। ਜਿਨਾਂ ਪ੍ਰਮੁੱਖ ਪ੍ਰਬੰਧਕਾਂ ਨਾਲ ਨਿਊ ਯਾਰਕ ਟਾਇਮਜ ਨੇ ਗੱਲਬਾਤ ਕੀਤੀ, ਉਨਾਂ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ, ਵਰਲਡ ਸਿੱਖ ਪਾਰਲੀਮੈਂਟ ਦੇ ਹਿੰਮਤ ਸਿੰਘ, ਸੰਤੋਖ ਸਿੰਘ ਢਿੱਲੋਂ, ਸੱਤਜੀਤ ਕੌਰ, ਗੁਰਜੀਵ ਕੌਰ, ਕਿਰਨ ਸਿੰਘ, ਸਵਰਨਜੀਤ ਸਿੰਘ ਖਾਲਸਾ ਨੇ ਖਾਸ ਤੌਰ ਤੇ ਕਿਹਾ ਕਿ ਭਾਰਤ ਵਿਚ ਬਹੁਤ ਸਾਰੇ ਸਿੱਖ ਪੁਲੀਸ ਨੇ ਮਾਰ ਦਿੱਤੇ ਜਦ ਉਹ ਆਪਣੇ ਅਧਿਕਾਰਾਂ ਵਾਸਤੇ ਸੰਘਰਸ਼ ਕਰ ਰਹੇ ਸਨ, ਹਰੀਮੰਦਿਰ ਖਾਲਸਾ, ਗੁਰਪ੍ਰੀਤ ਸਿੰਘ,ਤੇਜਕਿਰਨ ਸਿੰਘ,ਅਮਿਤ ਪਾਲ ਸਿੰਘ, ਚਰਨਜੀਤ ਸਿੰਘ ਆਦਿ। ਮਹਾਂਮਾਰੀ ਤੋਂ ਇਲਾਵਾ ਬਲੈਕ ਲਾਇਫ ਮੈਟਰਜ ਦੈ ਬੈਨਰ ਹੇਠ ਪੂਰੇ ਅਮਰੀਕਾ ਵਿਚ ਹੁੰਦੇ ਰੋਸ ਪਰਦਰਸ਼ਨਾਂ ਵਿਚ ਵੀ ਸਿੱਖ ਹਜਾਰਾਂ ਦੀ ਗਿਣਤੀ ਵਿਚ ਲੰਗਰਾਂ ਤੇ ਪਾਣੀ ਦੀ ਸੇਵਾ ਕਰ ਰਹੇ ਹਨ। ਤੇ ਕਹਿ ਰਹੇ ਹਨ ਕਿ ਜੇ ਲੰਗਰ ਛਕਣ ਵਾਲਿਆਂ ਦੀ ਗਿਣਤੀ ਇਸ ਤੋਂ ਵਧ ਵੀ ਜਾਵੇ ਤਾਂ ਵੀ ਉਹੇ ਸਭ ਨੂੰ ਲੰਗਰਾਂ ਦੀ ਸੇਵਾ ਕਰਨਗੇ ਤੇ ਇਹ ਸੇਵਾ ਵਿਖਾਵੇ ਲਈ ਨਹੀਂ ਹੈ, ਬਲਕਿ ਸੇਵਾ ਇਕ ਭਗਤੀ ਵਾਂਗ ਹੈ ਤੇ ਨਿਰਸੁਆਰਥ ਸੇਵਾ ਭਾਵਨਾ ਹੈ, ਜਿਸ ਵਿਚ ਰੰਗ ਭੇਦ,ਨਸਲ, ਉਚਨੀਚ ਦਾ ਕੋਇ ਭਿੰਨ ਭੇਦ ਨਹੀਂ ਤੇ ਲੰਗਰ ਹਰ ਇਕ ਵਾਸਤੇ। ਅਜਿਹੀਆਂ ਰਿਪੋਰਟਾਂ ਵਿਦੇਸ਼ਾਂ ਦੇ ਸਿੱਖਾਂ ਦਾ ਮਨੋਬਲ ਜਜਬਾ ਵਧਾਂਦੀਆਂ ਹਨ ਤੇ ਮਨੁੱਖਤਾ ਦੀ ਸੇਵਾ ਦਾ ਹੋਰ ਮਾਦਾ ਪੈਦਾ ਕਰਦੀਆਂ ਹਨ। ਇਸ ਨਾਲ ਸਿੱਖ ਧਰਮ ਦੇ ਗੁਣਾਂ ਦੀ ਕਦਰ ਪੈਂਦੀ ਹੈ।







ਦੇਸ਼ ਦੁਆਬਾ

# ਚੀਨ ਦੀਆਂ ਹਰਕਤਾਂ ਤੋਂ ਚੌਕਸੀ ਦੀ ਲੋੜ

ਭਾਰਤ ਦੇ ਲੱਦਾਖ ਦੀ ਗਲਵਨ ਘਾਟੀ 'ਚ ਭਾਰਤ-ਚੀਨ ਦੇ ਫ਼ੌਜੀਆਂ ਦਰਮਿਆਨ ਹਿੰਸਕ ਝੜਪ 'ਚ ਕਰਨਲ ਤੇ ਦੋ ਭਾਰਤੀ ਜਵਾਨਾਂ ਦੀ ਸ਼ਹਾਦਤ ਅਜਾਈਂ ਨਹੀਂ ਜਾਣੀ ਚਾਹੀਦੀ। ਹਾਲਾਂਕਿ ਇਸ ਝੜਪ 'ਚ ਕੁਝ ਚੀਨੀ ਫ਼ੌਜੀਆਂ ਦੇ ਵੀ ਮਾਰੇ ਜਾਣ ਦੀ ਖ਼ਬਰ ਹੈ ਪਰ ਇਸ ਨਾਲ ਚੀਨ ਦਾ ਅਪਰਾਧ ਘੱਟ ਨਹੀਂ ਹੋ ਜਾਂਦਾ। ਉਸ ਨੇ ਇਕ ਵਾਰ ਫਿਰ ਜਿਸ ਤਰ੍ਹਾਂ ਸਾਡੀ ਪਿੱਠ 'ਤੇ ਛੁਰਾ ਮਾਰਨ ਦਾ ਕੰਮ ਕੀਤਾ, ਉਸ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਣ ਤੋਂ ਇਲਾਵਾ ਹੋਰ ਕੋਈ ਉਪਾਅ ਨਹੀਂ ਕਿ ਉਹ ਭਾਰਤ ਦੇ ਸਭ ਤੋਂ ਵੱਡੇ ਤੇ ਨਾਲ ਹੀ ਸ਼ਾਤਰ ਦੁਸ਼ਮਣ ਦੇ ਰੂਪ 'ਚ ਸਾਹਮਣੇ ਆ ਗਿਆ ਹੈ। ਇਹ ਕਰੂਰਤਾ ਦੀ ਹੱਦ ਹੈ ਕਿ ਉਹ ਭਾਰਤੀ ਖੇਤਰ 'ਤੇ ਕਬਜ਼ਾ ਵੀ ਕਰਦਾ ਹੈ ਤੇ ਫਿਰ ਭਾਰਤ ਨੂੰ ਸ਼ਾਂਤੀ ਬਣਾਈ ਰੱਖਣ ਦਾ ਉਪਦੇਸ਼ ਦਿੰਦਿਆਂ ਪਿੱਛੇ ਹਟਣ ਤੋਂ ਇਨਕਾਰ ਵੀ ਕਰਦਾ ਹੈ। ਭਾਰਤ ਦੀਆਂ ਸਰਹੱਦਾਂ 'ਤੇ ਆਪਣੇ ਵਿਸਤਾਰਵਾਦੀ ਰਵੱਈਏ ਦਾ ਬੇਸ਼ਰਮੀ ਨਾਲ ਪ੍ਰਦਰਸ਼ਨ ਕਰਨ ਪਿੱਛੇ ਉਸ ਦਾ ਇਰਾਦਾ ਕੁਝ ਵੀ ਹੋਵੇ, ਹੁਣ ਉਸ 'ਤੇ ਰੱਤੀ ਭਰ ਵੀ ਯਕੀਨ ਨਹੀਂ ਕੀਤਾ ਜਾਣਾ ਚਾਹੀਦਾ। ਗਲਵਾਨ ਘਾਟੀ ਦੀ ਘਟਨਾ ਇਹੋ ਦੱਸ ਰਹੀ ਹੈ ਕਿ ਪਾਣੀ ਸਿਰ ਉੱਪਰੋਂ ਲੰਘਣ ਲੱਗਿਆ ਹੈ। ਮਿੱਤਰਤਾ ਦੀ ਆੜ 'ਚ ਦੁਸ਼ਮਣੀ ਭਰੇ ਰਵੱਈਏ ਦਾ ਸਬੂਤ ਦੇਣਾ ਤੇ ਭਾਰਤ ਨੂੰ ਨੀਵਾਂ ਦਿਖਾਉਣਾ ਚੀਨ ਦੀ ਆਦਤ ਬਣ ਚੁੱਕਿਆ ਹੈ। ਹਾਲਾਂਕਿ ਉਸ ਦੀ ਇਸ ਗੰਦੀ ਆਦਤ ਦੇ ਬਾਵਜੂਦ ਭਾਰਤੀ ਲੀਡਰਸ਼ਿਪ ਨੇ ਹਮੇਸ਼ਾ ਸੰਜਮ ਦਾ ਸਬੂਤ ਦਿੱਤਾ ਹੈ ਪਰ ਹੁਣ ਜਦੋਂ ਉਹ ਇਸ ਸੰਜਮ ਨੂੰ ਕਮਜ਼ੋਰੀ ਦੇ ਤੌਰ 'ਤੇ ਦੇਖਣ ਲੱਗਿਆ ਹੈ ਤਾਂ ਫਿਰ ਭਾਰਤ ਨੂੰ ਉਸ ਦਾ ਭੁਲੇਖਾ ਦੂਰ ਕਰਨ ਲਈ ਹਰ ਮੋਰਚੇ 'ਤੇ ਸਰਗਰਮ ਹੋਣਾ ਪਵੇਗਾ। ਆਖ਼ਰ ਗੱਲ ਦੇਸ਼ ਦੇ ਮਾਣ-ਸਨਮਾਨ ਦੀ ਹੈ। ਚੀਨ ਨੂੰ ਇਹ ਪਤਾ ਲੱਗਣਾ ਹੀ ਚਾਹੀਦਾ ਹੈ ਕਿ ਉਹ ਦਾਦਾਗਿਰੀ ਦੇ ਜ਼ੋਰ 'ਤੇ ਭਾਰਤ ਨਾਲ ਆਪਣੇ ਰਿਸ਼ਤੇ ਕਾਇਮ ਨਹੀਂ ਕਰ ਸਕਦਾ। ਜ਼ਰੂਰਤ ਸਿਰਫ਼ ਇਹ ਨਹੀਂ ਹੈ ਕਿ ਆਤਮ ਨਿਰਭਰ ਭਾਰਤ ਮੁਹਿੰਮ ਤਹਿਤ ਚੀਨੀ ਉਤਪਾਦਾਂ ਦਾ ਆਯਾਤ ਸੀਮਤ ਕੀਤਾ ਜਾਵੇ ਸਗੋਂ ਇਹ ਵੀ ਜ਼ਰੂਰੀ ਹੈ ਕਿ ਭਾਰਤ ਆਪਣੀ ਤਿੱਬਤ, ਤਾਈਵਾਨ ਤੇ ਹਾਂਗਕਾਂਗ ਨੀਤੀ ਨਵੇਂ ਸਿਰੇ ਤੋਂ ਤੈਅ ਕਰੇ। ਇਸੇ ਤਰ੍ਹਾਂ ਭਾਰਤ ਨੂੰ ਅਮਰੀਕਾ, ਆਸਟਰੇਲੀਆ, ਜਾਪਾਨ ਨਾਲ ਆਪਣੇ ਰਣਨੀਤਕ ਗੱਠਜੋੜ ਨੂੰ ਧਾਰ ਦੇਣੀ ਚਾਹੀਦੀ ਹੈ ਤਾਂ ਕਿ ਹਿੰਦ ਮਹਾਸਾਗਰ 'ਚ ਚੀਨ ਦੇ ਵਿਸਤਾਰਵਾਦੀ ਇਰਾਦਿਆਂ ਨੂੰ ਨਾਕਾਮ ਕੀਤਾ ਜਾ ਸਕੇ। ਕੋਰੋਨਾ ਦੇ ਕਹਿਰ ਕਾਰਨ ਚੀਨ ਖ਼ਿਲਾਫ਼ ਆਲਮੀ ਪੱਧਰ 'ਤੇ ਜੋ ਮਾਹੌਲ ਬਣਿਆ ਹੈ, ਉਸ 'ਚ ਵੀ ਭਾਰਤ ਨੂੰ ਆਪਣੀ ਹਿੱਸੇਦਾਰੀ ਵਧਾਉਣੀ ਚਾਹੀਦੀ ਹੈ। ਆਖ਼ਰ ਜਦੋਂ ਉਹ ਭਾਰਤੀ ਹਿੱਤਾਂ ਦੀ ਕਿਤੇ ਕੋਈ ਪਰਵਾਹ ਨਹੀਂ ਕਰ ਰਿਹਾ ਤਾਂ ਫਿਰ ਭਾਰਤ ਉਸ ਦੇ ਹਿੱਤਾਂ ਦੀ ਚਿੰਤਾ ਕਿਉਂ ਕਰੇ? ਤਾਨਾਸ਼ਾਹ ਚੀਨੀ ਲੀਡਰਸ਼ਿਪ ਨੂੰ ਇਹ ਸੰਦੇਸ਼ ਦੇਣ ਦੀ ਸਖ਼ਤ ਜ਼ਰੂਰਤ ਹੈ ਕਿ ਤਾੜੀ ਇਕ ਹੱਥ ਨਾਲ ਨਹੀਂ ਵੱਜ ਸਕਦੀ। ਹੁਆਵੇ ਜਿਹੀਆਂ ਜਿਨ੍ਹਾਂ ਚੀਨੀ ਕੰਪਨੀਆਂ ਨੂੰ ਦੁਨੀਆ ਦੇ ਹੋਰ ਦੇਸ਼ ਦਰਵਾਜ਼ਾ ਦਿਖਾ ਰਹੇ ਹਨ, ਉਨ੍ਹਾਂ ਨੂੰ ਭਾਰਤ 'ਚ ਵੀ ਪੈਰ ਰੱਖਣ ਦੀ ਜਗ੍ਹਾ ਨਹੀਂ ਮਿਲਣੀ ਚਾਹੀਦੀ। ਭਾਰਤ ਨੂੰ ਸ਼ੰਘਾਈ ਸਹਿਯੋਗ ਪ੍ਰੀਸ਼ਦ ਜਿਹੇ ਮੰਚਾਂ ਤੋਂ ਬਾਹਰ ਨਿਕਲਣ ਦੀ ਵੀ ਤਿਆਰੀ ਕਰਨੀ ਚਾਹੀਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-138

## ਚੰਦ ਚਕੋਰ ਪਰੀਤ ਹੈ !



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਵਿਖੇ ਜੀਵ ਅਤੇ ਬ੍ਰਹਮ ਦੇ ਪ੍ਰੇਮ ਨੂੰ ਚੰਦ ਅਤੇ ਚਕੋਰ ਦੀ ਪ੍ਰੀਤ ਦੇ ਉਪਨਾਮ ਵਜੋਂ ਪ੍ਰਗਟ ਕੀਤਾ ਹੈ-ਪ੍ਰਭ ਤੁਝ ਬਿਨਾ ਨਹੀ ਹੋਰ॥ ਮਨ ਪ੍ਰੀਤਿ ਚੰਦ ਚਕੋਰ॥(੮੩੮) ਭਾਈ ਗੁਰਦਾਸ ਜੀ ਨੇ ਵੀ ਇਸ ਪੰਛੀ ਦਾ ਜਿਕਰ ਇਉਂ ਕੀਤਾ ਹੈ-ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ। ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ। (ਵਾਰ-੨੭) ਇਵੇਂ ਹੀ ਸਾਡੀ ਪ੍ਰੀਤ ਵੀ ਚਕੋਰ ਵਾਂਗ ਪ੍ਰਭੂ-ਚੰਦ ਨਾਲ ਹੋਣੀ ਚਾਹੀਦੀ ਹੈ। ਇਹ ਵੀ ਮੰਨਿਆ ਗਿਆ ਹੈ ਕਿ ਇਹ ਅੰਗਾਰ ਖਾਂਦਾ ਹੈ। ਅਸਲ ਗੱਲ ਹੈ ਕਿ ਇਹ ਜੁਗਨੂੰਆਂ (ਟਟਹਣਿਆਂ) ਨੂੰ ਖਾਂਦੈ ਜੋ ਅੰਗਾਰਾਂ ਵਾਂਗ ਚਮਕਦੇ ਹਨ। ਇਹ ਵੀ ਕਿਹਾ ਜਾਂਦੈ ਕਿ ਇਹ ਕਿਸੇ ਜ਼ਹਿਰ ਵਸਤੂ ਨੂੰ ਵੇਖ ਕੇ ਇਸ ਦੇ ਨੇਤ੍ਰ ਲਾਲ ਹੋ ਜਾਂਦੇ ਹਨ। ਇਸੇ ਕਰਕੇ ਪੁਰਾਣੇ ਸਮੇ ਰਾਜੇ ਜਾਂ ਜਾਗੀਰਦਾਰ ਚਕੋਰ ਪਾਲਦੇ ਤੇ ਭੋਜਨ ਖਾਣ ਤੋਂ ਪਹਿਲਾਂ ਚਕੋਰ ਅੱਗੇ ਰੱਖਿਆ ਜਾਂਦਾ ਜੇ ਚਕੋਰ 'ਤੇ ਕੋਈ ਮਾੜਾ ਅਸਰ ਨਾ ਹੋਵੇ ਤਾਂ ਹੀ ਉਹ ਭੋਜਨ ਖਾਧਾ ਜਾਂਦਾ ਸੀ।

ਚਕੋਰ ਬਾਰੇ ਹੋਰ ਵਿਸਥਾਰ-ਚਕੋਰ ਯੂਰੇਸ਼ੀਆਈ ਪਰਬਤੀ ਤਿੱਤਰ ਪ੍ਰਵਾਰ ਦੇ ਇਕ ਸ਼ਿਕਾਰੀ ਪੰਛੀ ਦਾ ਸਾਹਿਤਕ ਨਾਂ ਹੈ। ਚੰਦ ਤੇ ਚਕੋਰ ਦੀ ਪ੍ਰੀਤ ਦਾ ਜ਼ਿਕਰ ਗੁਰਬਾਣੀ ਅਤੇ ਲੋਕ-ਬਾਣੀ, ਦੋਵਾਂ ਵਿੱਚ ਵਾਰ-ਵਾਰ ਆਉਂਦਾ ਹੈ। ਇਸ ਦੀਆਂ ਟੰਗਾਂ ਲਾਲ ਹੁੰਦੀਆਂ ਹਨ। ਇਸ ਦੇ ਬਾਰੇ ਵਿੱਚ ਭਾਰਤ ਦੇ ਕਵੀਆਂ ਨੇ ਇਹ ਕਲਪਨਾ ਕਰ ਰੱਖੀ ਹੈ ਕਿ ਇਹ ਚੰਦ ਨੂੰ ਬੇਪਨਾਹ ਮੁਹੱਬਤ ਕਰਦਾ ਅਤੇ ਸਾਰੀ ਰਾਤ ਉਸ ਨੂੰ ਹਾਸਲ ਕਰਨ ਲਈ ਉਸ ਵੱਲ ਉੱਡਦਾ ਰਹਿੰਦਾ ਹੈ। ਕਾਲੀਆਂ ਰਾਤਾਂ ਵਿੱਚ ਚੰਗਿਆੜਿਆਂ ਨੂੰ ਚੰਦ ਦੇ ਟੁਕੜੇ ਸਮਝਕੇ ਚੁਗਦਾ ਰਹਿੰਦਾ ਹੈ। ਸ਼ਿਕਾਰ ਕਾਰਨ ਇਨ੍ਹਾਂ ਦੀ ਗਿਣਤੀ ਵੀ ਘਟ ਰਹੀ ਅਤੇ ਇਨ੍ਹਾਂ ਨੂੰ ਬਚਾਉਣ ਲਈ ਪਾਕਿਸਤਾਨ ਅਤੇ ਇਰਾਕ ਨੇ ਚਕੋਰਾਂ ਨੂੰ ਆਪਣਾ ਰਾਸ਼ਟਰੀ ਪੰਛੀ ਐਲਾਨਿਆ ਹੈ। ਇਹ ਪਾਕਿਸਤਾਨ ਤੇ ਇਰਾਕ ਦਾ ਰਾਸ਼ਟਰੀ ਪੰਛੀ ਹੈ। ਇਸ ਜਾਤੀ ਵਿੱਚ ੧੪ ਛੋਟੀਆਂ ਜਾਤੀਆਂ ਹਨ। ਇਹ ਉੱਤਰੀ ਅਮਰੀਕਾ ਅਤੇ ਨਿਊਜ਼ੀਲੈਂਡ ਦੇ ੬੦੦ ਤੋਂ ੪੦੦੦ ਮੀਟਰ ਦੀਆਂ ਉਚਾਈਆਂ ਵਾਲੇ ਪਥਰੀਲੇ ਅਤੇ ਰੇਤੀਲੇ ਇਲਾਕਿਆਂ ਵਿੱਚ ਰਹਿੰਦਾ, ਪੰਛੀ ਇਸਰਾਈਲ, ਤੁਰਕਿਸਤਾਨ, ਅਫ਼ਗਾਨਿਸਤਾਨ, ਪਾਕਿਸਤਾਨ, ਭਾਰਤ, ਸਰਦੀਆਂ ਨੂੰ ਨੀਵੀਆਂ ਪਹਾੜੀਆਂ ਉੱਤੇ ਅਤੇ ਗਰਮੀਆਂ ਵਿੱਚ ਠੰਢੇ ਪਹਾੜੀ ਇਲਾਕਿਆਂ ਵਿੱਚ ਚਲੇ ਜਾਂਦੇ ਹਨ।

ਇਹ ੩੫ ਸੈਂਟੀਮੀਟਰ ਲੰਬਾ ੬੦੦ ਤੋਂ ੭੦੦ ਗ੍ਰਾਮ ਭਾਰ ਵਾਲਾ ਗਠੀਲੇ ਤੇ ਨਿੱਗਰ ਜਿਹੇ ਸਰੀਰ ਵਾਲਾ ਪੰਛੀ ਹੈ। ਇਸ ਦਾ ਰੰਗ ਸਲੇਟੀ-ਭੂਸਲੇ ਜਿਹਾ ਅਤੇ ਘਸਮੈਲੇ-ਸਲੇਟੀ ਚਿੱਟੇ ਸਿਰ ਉੱਤੇ ਇੱਕ ਚਾਕਲੇਟੀ-ਕਾਲੀ ਪੱਟੀ ਅੱਖਾਂ ਦੇ ਉੱਪਰੋਂ ਦੀ ਹੁੰਦੀ ਹੋਈ ਚਿੱਟੀ ਠੋਡੀ ਦੇ ਹੇਠਾਂ ਛਾਤੀ ਦੇ ਵਿਚਕਾਰ ਕਿਸੇ ਹਾਰ ਵਾਂਗ ਬਣੀ ਹੁੰਦੀ ਹੈ। ਇਸ ਦੀਆਂ ਵੱਖੀਆਂ ਉੱਪਰਲੀਆਂ ੭-੮ ਚਾਕਲੇਟੀ-ਕਾਲੀਆਂ ਪੱਟੀਆਂ ਬਣਿਆ ਹੁੰਦੀਆਂ ਹਨ। ਖੰਭ ਗੂੜ੍ਹੇ ਸਲੇਟੀ-ਭੂਰੇ ਹੁੰਦੇ ਨੇ ਜਿੰਨਾਂ ਉੱਤੇ ਕੁਝ ਚਿੱਟੀਆਂ ਅਤੇ ਕੁਝ ਭੂਰੀਆਂ ਬਿੰਦੀਆਂ ਜਿਹੀਆਂ ਬਣੀਆਂ ਹੁੰਦੀਆਂ ਹਨ। ਇਸ ਦਾ ਢਿੱਡ ਵਾਲਾ ਪਾਸਾ ਘਸਮੈਲਾ ਚਿੱਟਾ ਹੁੰਦਾ ਹੈ। ਇਸ ਦੀ ਪੂਛ ਦੇ ੧੪ ਖੰਭ ਅਤੇ ਚੁੰਝ ਤੇ ਲੱਤਾਂ ਲਾਲ ਹੁੰਦੇ ਹਨ। ਬਹਾਰ ਦੇ ਮੌਸਮ ਨਰ ਸਵੇਰੇ ਅਤੇ ਸ਼ਾਮ ਨੂੰ ਬਹੁਤ ਰੌਲਾ ਪਾਉਂਦੇ ਤੇ ਬਹੁਤ ਲੜਾਕੇ ਹੋ ਜਾਂਦੇ ਹਨ। ਮਾਦਾ ਕਿਸੇ ਚੱਟਾਨ ਹੇਠ ਜਾਂ ਲੁਕਵੀਂ ਰੜੀ ਥਾਂ ਨੂੰ ਖੁਰਚ ਅਤੇ ਪੋਲਾ ਕਰਕੇ ਆਲ੍ਹਣਾ ਬਣਾਉਂਦੀ ਹੈ। ਮਾਦਾ ਗੁਲਾਬੀ ਚੱਟਾਕ ਵਾਲੇ ਚਿੱਟੇ 10-੨੦ ਅੰਡੇ ਦਿੰਦੀ ਹੈ। ਦੋਨੋ ੨੪ ਦਿਨ 'ਚ ਅੰਡਿਆਂ ਤੇ ਬੈਠ ਕੇ ਚੂਚੇ ਕੱਢ ਲੈਂਦੇ ਨੇ ਜੋ ਨਿਕਲਦੇ ਸਾਰ ਕੋਈ ੬-੭ ਘੰਟਿਆਂ ਵਿੱਚ ਹੀ ਦੌੜਨ-ਭੱਜਣ ਲੱਗ ਪੈਂਦੇ ਅਤੇ ਤਿੰਨ ਹਫ਼ਤਿਆਂ ਵਿੱਚ ਉੱਡਣ ਯੋਗ ਵੀ ਹੋ ਜਾਂਦੇ ਹਨ।

'ਚਕੋਰ' ਨੂੰ ਹਿੰਦੀ ਵਿੱਚ 'ਚਾਕੁਰ' ਅਤੇ ਅੰਗਰੇਜ਼ੀ ਵਿੱਚ 'ਇੰਡੀਅਨ ਚੂਕਰ ਪਾਰਟਰਿਜ਼' ਕਹਿੰਦੇ ਹਨ। ਇਸ ਦਾ ਤਕਨੀਕੀ ਨਾਮ 'ਅਲੈਕਟੋਰਿਸ ਚੂਕਰ' ਅਤੇ ਇਸ ਜਾਤੀ ਵਿੱਚ ੧੪ ਛੋਟੀਆਂ ਜਾਤੀਆਂ ਹਨ। ਇਨ੍ਹਾਂ ਦੇ ਪਰਿਵਾਰ ਨੂੰ 'ਫੈਸੀਐਨੀਡੇਟੀ' ਸੱਦਦੇ ਹਨ। ਇਸ ਹਿੰਦੀ ਮਹਾਂਦੀਪ ਦੀ ਉਪਜ 'ਚਕੋਰ' ਦਾ ਨਾਮ ਸੰਸਕ੍ਰਿਤ ਦੇ 'ਚੂਕਰ' ਅੱਖਰ ਤੋਂ ਬਣਿਆ ਹੈ। 'ਚਕੋਰ' ੩੦ ਪੰਛੀਆਂ ਤਕ ਦੀਆਂ ਡਾਰਾਂ, ਜਿੰਨਾਂ ਨੂੰ 'ਕੋਵੇ' ਕਹਿੰਦੇ ਹਨ, ਵਿੱਚ ਸਰਦੀਆਂ ਨੂੰ ਨੀਵੀਆਂ ਪਹਾੜੀਆਂ 'ਤੇ ਆ ਜਾਂਦੇ ਅਤੇ ਗਰਮੀਆਂ ਵਿੱਚ ਠੰਢੇ ਪਹਾੜੀ ਇਲਾਕਿਆਂ ਵਿੱਚ ਚਲੇ ਜਾਂਦੇ ਹਨ। ਚਕੋਰ 'ਚੁਕ-ਚੁਕ-ਆ' ਕਰਦੇ ਜ਼ਮੀਨ ਤੋਂ ਦਾਣੇ, ਘਾਹ-ਫੂਸ ਦੀਆਂ ਗੁੱਦੇਦਾਰ ਜੜ੍ਹਾਂ ਅਤੇ ਤਣੇ ਖਾਂਦੇ ਹਨ। ਕਦੇ-ਕਦੇ ਇਹ ਕੀੜੇ-ਮਕੌੜੇ ਵੀ ਫੜ੍ਹ ਕੇ ਖਾ ਲੈਂਦੇ ਨੇ ਜਿਹੜੇ ਇਨ੍ਹਾਂ ਦੀ ਖੁਰਾਕ ਦਾ ਸਿਰਫ਼ ੧੫ ਫ਼ੀਸਦੀ ਹਿੱਸਾ ਹੀ ਬਣਦੇ ਹਨ। ਸਖ਼ਤ ਦਾਣਿਆਂ ਨੂੰ ਬਾਰੀਕ ਕਰਨ ਲਈ ਇਹ ਥੋੜ੍ਹੀ ਜਿੰਨੀ ਰੇਤਲੀ ਮਿੱਟੀ ਵੀ ਖਾਂਦੇ ਹਨ। ਡਰਨ ਉੱਤੇ ਇੱਕ ਕੋਵੇ ਦੇ ਸਾਰੇ ਪੰਛੀ ਤੇਜ-ਤੇਜ 'ਚੁਕ-ਚੁਕ-ਚੁਕ' ਕਰਦੇ ਚਾਰੇ ਪਾਸਿਆਂ ਨੂੰ ਭੱਜ ਜਾਂਦੇ ਨੇ ਕਿਉਂਕਿ ਇਨ੍ਹਾਂ ਨੂੰ ਉੱਡਣ ਨਾਲੋਂ ਭੱਜਣਾ ਬਹੁਤਾ ਚੰਗਾ ਲੱਗਦਾ ਹੈ। ਬਲਕਿ ਲੋੜ ਪੈਣ 'ਤੇ ਇਹ ਆਪਣੇ ਗੋਲ ਜਿਹੇ ਖੰਭਾਂ ਨਾਲ ਉੱਡ ਵੀ ਕਾਫ਼ੀ ਤੇਜ ਲੈਂਦੇ ਹਨ। ਸ਼ਿਕਾਰੀਆਂ ਤੋਂ ਬਚਣ ਲਈ ਰਾਤ ਨੂੰ ਸੌਣ ਲੱਗੇ ਇੱਕ ਕੋਵੇ ਦੇ ਸਾਰੇ ਪੰਛੀ ਕਿਸੇ ਰੜੀ ਥਾਂ ਉੱਤੇ ਇੱਕ ਗੋਲ ਚੱਕਰ ਵਿੱਚ ਇੱਕ ਦੂਜੇ ਨਾਲ ਜੁੜ ਕੇ ਬੈਠਦੇ ਹਨ। ਉਸ ਵੇਲੇ ਸਾਰੇ ਪੰਛੀਆਂ ਦੀਆਂ ਪਿੱਠਾਂ ਚੱਕਰ ਦੇ ਅੰਦਰ ਅਤੇ ਸਿਰ ਬਾਹਰ ਨੂੰ ਹੁੰਦਾ ਹੈ। ਇਨ੍ਹਾਂ ਵਿੱਚੋਂ ਵਾਰੀ-ਵਾਰੀ ੪-੫ ਪੰਛੀ ਗਰਦਨ ਅਕੜਾ ਚੌਕੰਨੇ ਬੈਠਦੇ ਅਤੇ ਸਾਰੀ ਰਾਤ ਰਾਖੀ ਕਰਦੇ ਹਨ। ਹੋ ਸਕਦੈ ਚਾਂਦਨੀਆਂ ਰਾਤਾਂ ਵਿੱਚ ਚਕੋਰਾਂ ਦੇ ਇਸ ਤਰ੍ਹਾਂ ਚੁੱਪਚਾਪ ਉੱਪਰ ਨੂੰ ਮੂੰਹ ਚੁੱਕੀ ਬੈਠੇ ਦਿਸ ਜਾਂਦੇ ਹੋਣ ਕਰਕੇ ਹੀ ਇਨ੍ਹਾਂ ਦੇ ਚੰਦ ਨਾਲ ਪਿਆਰ ਦੀਆਂ ਗੱਲਾਂ ਸ਼ੁਰੂ ਹੋਈਆਂ ਹੋਣ। ਬਹਾਰ ਦੇ ਮੌਸਮ (ਗਰਮੀਆਂ) ਵਿੱਚ ਇਹ ਪੰਛੀ 'ਕੋਵੇ' ਛੱਡ ਕੇ ਜੋੜੀਆਂ ਬਣਾ ਲੈਂਦੇ ਹਨ। ਉਸ ਵੇਲੇ ਨਰ ਸਵੇਰੇ ਅਤੇ ਸ਼ਾਮ ਨੂੰ ਬਹੁਤ ਰੌਲਾ ਪਾਉਂਦੇ ਅਤੇ ਬਹੁਤ ਲੜਾਕੇ ਹੋ ਜਾਂਦੇ ਹਨ। ਉਹ ਇੱਕ-ਦੂਜੇ ਨਾਲ ਆਪਣੀਆਂ ਲੱਤਾਂ ਦੇ ਅੰਗੂਠੇ ਵਾਲੀ ਨਹੁੰਦਰ 'ਟੈਲੋਨ' ਨਾਲ ਲੜਦੇ ਅਤੇ ਲਗਾਤਾਰ ਤੇਜ-ਤੇਜ 'ਚੁਕ-ਚੁਕ' ਕਰਦੇ ਫਿਰਦੇ ਹਨ। ਨਰ ਅਤੇ ਮਾਦਾ ਵਿੱਚ ਦੂਰੋਂ ਦੇਖਣ ਨੂੰ ਕੋਈ ਖ਼ਾਸ ਫ਼ਰਕ ਨਹੀਂ ਹੁੰਦਾ।

ਚਕੋਰ ਦੇ ਜਵਾਨ ਬੱਚਿਆਂ ਦੀਆਂ ਅੱਖਾਂ ਅਤੇ ਵੱਖੀਆਂ ਉੱਤੇ ਚਾਕਲੇਟੀ-ਕਾਲੀਆਂ ਫਾਟਾਂ ਨਹੀਂ ਹੁੰਦੀਆਂ ਅਤੇ ਉਨ੍ਹਾਂ ਦੀ ਲੰਬਾਈ ਵੀ ਪ੍ਰੋੜਾਂ ਤੋਂ ਕਾਫ਼ੀ ਘੱਟ ਹੁੰਦੀ ਹੈ। ਬਹਾਰ ਦੇ ਮੌਸਮ ਵਿੱਚ ਗੁਸੈਲ ਅਤੇ ਲੜਾਕੂ ਹੋ ਜਾਣ ਕਰਕੇ ਕਈ ਲੋਕ ਇਨ੍ਹਾਂ ਨੂੰ ਕੁੱਕੜਾਂ ਵਾਂਗ ਲੜਾਉਣ ਲਈ ਪਾਲਦੇ ਹਨ। ਇਨ੍ਹਾਂ ਨੂੰ ਮੀਟ ਅਤੇ ਅੰਡਿਆਂ ਲਈ ਕੁੱਕੜੀਆਂ ਵਾਂਗ ਵੀ ਪਾਲਿਆ ਜਾਂਦਾ ਹੈ। ਇਨ੍ਹਾਂ ਦੇ ਸ਼ਿਕਾਰ ਕਾਰਨ ਇਨ੍ਹਾਂ ਦੀ ਗਿਣਤੀ ਵੀ ਘਟ ਰਹੀ ਅਤੇ ਇਨ੍ਹਾਂ ਨੂੰ ਬਚਾਉਣ ਲਈ ਪਾਕਿਸਤਾਨ ਅਤੇ ਇਰਾਕ ਨੇ ਚਕੋਰਾਂ ਨੂੰ ਆਪਣਾ ਰਾਸ਼ਟਰੀ ਪੰਛੀ ਐਲਾਨਿਆ ਹੋਇਆ ਹੈ।

ਸੋ ਇਨ੍ਹਾਂ ਪੰਛੀਆਂ ਦੇ ਚੰਦ ਨਾਲ ਕੁਦਰਤੀ ਪਿਆਰ ਤੋਂ ਸਿਖਿਆ ਲੈ ਕੇ ਸਾਨੂੰ ਵੀ ਸੀਤਲਤਾ ਦੇ ਸੋਮੇ ਪ੍ਰਭੂ ਜੋ ਕੁਦਰਤਿ 'ਚ ਵਸਿਆ ਹੋਇਐ ਨਾਲ ਪਿਆਰ ਕਰਕੇ ਮਾਨਸਕ ਸੀਤਲਤਾ ਪ੍ਰਾਪਤ ਕਰਨੀ ਚਾਹੀਦੀ ਹੈ। ਇਵੇਂ ਕੁਦਰਤਿ ਨਾਲ ਪਿਆਰ ਕਰਦੇ ਮਾਨਸਕ ਸ਼ਾਤੀ ਨਾਲ ਸਾਡੇ ਕਈ ਰੋਗ ਵੀ ਦੂਰ ਹੋ ਜਾਂਦੇ ਹਨ।

# ਕਿਉ ਤਣਾਅ ਦਾ ਸ਼ਿਕਾਰ ਹੈ ਨੌਜਵਾਨ ਪੀੜ੍ਹੀ?

ਮਨਮੀਤ ਕੱਕੜ

ਭਾਰਤ ਵਿਚ ਜਵਾਨ ਉਮਰ ਵਿਚ ਖ਼ੁਦਕੁਸ਼ੀ ਕਰਨ ਦੇ ਵੱਧ ਰਹੇ ਅੰਕੜੇ ਚਿੰਤਾਜਨਕ ਸਥਿਤੀ ਵਿਚ ਪਹੁੰਚੇ ਹੋਏ ਹਨ। ਆਮ ਸ਼੍ਰੇਣੀ ਵਿਚ ਆਉਂਦੇ ਨੌਜਵਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਤਾਂ ਅਸੀਂ ਕਦੇ ਗੰਭੀਰਤਾ ਨਾਲ ਸੋਚਿਆ ਹੀ ਨਹੀਂ ਪਰ ਜਦੋਂ ਸੁਸ਼ਾਂਤ ਸਿੰਘ ਰਾਜਪੂਤ ਵਰਗੇ ਨੌਜਵਾਨ ਫਿਲਮੀ ਅਦਾਕਾਰ ਵੱਲੋਂ ਖ਼ੁਦਕੁਸ਼ੀ ਕਰ ਲਏ ਜਾਣ ਦੀ ਖ਼ਬਰ ਸਾਡੇ ਤਕ ਪਹੁੰਚਦੀ ਹੈ ਤਾਂ ਮੀਡੀਆ ਖ਼ੁਦਕੁਸ਼ੀਆਂ ਦੇ ਵੱਧ ਰਹੇ ਕਾਰਨਾਂ ਬਾਰੇ ਚਰਚਾ ਜ਼ਰੂਰ ਕਰਦਾ ਹੈ ਤੇ ਸਾਰੇ ਇਸ ਵਿਸ਼ੇ ਬਾਰੇ ਗੰਭੀਰਤਾ ਨਾਲ ਸੋਚਣ ਲੱਗ ਪੈਂਦੇ ਹਾਂ। ਇਹ ਸਾਡੇ ਲਈ ਹੋਰ ਵੀ ਡਰਾਵਣਾ ਸੱਚ ਹੈ ਕਿ ਨੌਜਵਾਨਾਂ 'ਚ ਤਣਾਅ ਤੇ ਉਦਾਸੀ ਦੀ ਦਰ ਦੁਨੀਆ ਵਿਚ ਸਭ ਤੋਂ ਜ਼ਿਆਦਾ ਭਾਰਤ ਵਿਚ ਹੈ। ਇੱਥੇ ਹਰ ਮਾਨਸਿਕ ਬਿਮਾਰੀ ਨੂੰ ਪਾਗਲਪਣ ਦਾ ਨਾਂ ਦਿੱਤੇ ਜਾਣ ਕਾਰਨ ਬਹੁਤਾਤ ਵਿਚ ਇਸ ਦੇ ਸ਼ਿਕਾਰ ਲੋਕ ਇਸ ਬਾਰੇ ਗੱਲ ਕਰਨ ਦੀ ਹਿੰਮਤ ਹੀ ਨਹੀਂ ਕਰਦੇ। ਬਹੁਤ ਲੋਕ ਮਾਨਸਿਕ ਬਿਮਾਰੀਆਂ ਦੇ ਲੱਛਣਾਂ ਨੂੰ ਸਮਝ ਜਾਂ ਪਛਾਣ ਹੀ ਨਹੀਂ ਪਾਉਂਦੇ। ਜੇ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗ ਵੀ ਜਾਵੇ ਤਾਂ ਇਹ ਨਹੀਂ ਪਤਾ ਹੁੰਦਾ ਕਿ ਇਸ ਬਾਰੇ ਕੀ ਕਰਨਾ ਹੈ ਜਾਂ ਕਿਵੇਂ ਕਰਨਾ ਹੈ।



ਮਾਪਿਆਂ ਨਾਲ ਵਧੀਆ ਸਬੰਧ ਨਾ ਹੋਣ ਦੀ ਸਥਿਤੀ ਵਿਚ ਮਖੌਲ ਤੇ ਆਪਣੀ ਨਾਂਹ-ਪੱਖੀ ਦਿੱਖ ਬਣ ਜਾਣ ਦੇ ਡਰੋਂ ਨੌਜਵਾਨ ਆਪਣੀ ਮਾਨਸਿਕ ਸਥਿਤੀ ਨੂੰ ਛੁਪਾ ਲੈਂਦੇ ਹਨ। ਬਾਹਰਲੇ ਲੋਕ ਸਮਝਣ ਤੇ ਸਵੀਕਾਰ ਕਰਨ ਵਿਚ ਅਸਮਰੱਥ ਹੁੰਦੇ ਹਨ ਤੇ ਮਾਨਸਿਕ ਬਿਮਾਰੀ ਦੇ ਸ਼ਿਕਾਰ ਨੌਜਵਾਨ ਡਰੇ ਹੋਏ ਹੋਣ ਕਾਰਨ ਇਸ ਬਾਰੇ ਬੋਲਣ ਲਈ ਉਲਝਣ ਵਿਚ ਹੁੰਦੇ ਹਨ। ਕੁਝ ਕੁ ਬਹਾਦਰ ਨੌਜਵਾਨ ਹੀ ਕਿਸੇ ਕੋਲ ਇਸ ਬਾਰੇ ਗੱਲ ਕਰਨ ਦੀ ਬਹਾਦਰੀ ਦਿਖਾਉਂਦੇ ਹਨ ਤੇ ਇਸ ਦਾ ਇਲਾਜ ਵੀ ਕਰਵਾਉਂਦੇ ਹਨ। ਨਤੀਜਾ ਇਹ ਹੈ ਕਿ 15 ਤੋਂ ਲੈ ਕੇ 29 ਸਾਲ ਦੇ ਵਿਚਕਾਰ ਹਰ 100,000 ਭਾਰਤੀਆਂ 'ਚੋਂ ਸਾਲਾਨਾ 36 ਨੌਜਵਾਨ ਖ਼ੁਦਕੁਸ਼ੀਆਂ ਕਰਦੇ ਹਨ, ਜੋ ਕਿ ਦੁਨੀਆ ਦੇ ਵਿਚ ਨੌਜਵਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੀ ਸਭ ਤੋਂ ਵੱਧ ਦਰ ਹੈ। ਨੌਜਵਾਨਾਂ ਦੀ ਮਾਨਸਿਕ ਸਿਹਤ ਹੀ ਨੌਜਵਾਨਾਂ ਦੇ ਭਵਿੱਖ ਦਾ ਰਾਹ ਨਿਰਧਾਰਤ ਕਰਦੀ ਹੈ। 18 ਤੋਂ 24 ਸਾਲ ਦੇ ਉਮਰ ਦੇ ਕਿਸ਼ੋਰ ਜਾਂ ਬਾਲਗਾਂ 'ਚ ਹਰ ਅੱਠ ਨੌਜਵਾਨਾਂ ਪਿੱਛੇ ਇਕ ਨੌਜਵਾਨ ਮਾਨਸਿਕ ਸਿਹਤ ਦੀ ਸਮੱਸਿਆ ਨਾਲ ਜੂਝ ਰਿਹਾ ਹੈ, ਜਿਸ ਨਾਲ ਨਾ ਕੇਵਲ ਗ਼ਲਤ ਕਰੀਅਰ ਵਾਲੇ ਮਾਰਗਾਂ ਦੀ ਚੋਣ ਹੋ ਰਹੀ ਹੈ ਸਗੋਂ ਨੌਜਵਾਨ ਨਸ਼ਿਆਂ ਤੇ ਆਤਮ-ਹੱਤਿਆ ਦੇ ਮਾਰਗ ਵੱਲ ਜਾ ਰਿਹਾ ਹੈ।

ਮਾਨਸਿਕ ਵਿਕਾਰ ਦੇ ਸ਼ਿਕਾਰ ਨੌਜਵਾਨਾਂ ਬਾਰੇ ਅੰਕੜੇ ਬਹੁਤ ਖ਼ਤਰਨਾਕ ਸੰਕੇਤ ਦੇ ਰਹੇ ਹਨ ਤੇ ਇਸ ਤੋਂ ਵੀ ਜ਼ਿਆਦਾ ਚਿੰਤਾਜਨਕ ਗੱਲ ਇਹ ਹੈ ਕਿ ਨੌਜਵਾਨ ਇਸ ਬਾਰੇ ਗੱਲ ਕਰਨ ਲਈ ਤਿਆਰ ਹੀ ਨਹੀਂ ਹਨ। ਭਾਵੇਂ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਬਹੁਤ ਬੋਲਣ ਵਾਲਾ ਤੇ ਅਗਾਂਹਵਧੂ ਸਮਝਿਆ ਜਾਂਦਾ ਹੈ ਪਰ ਗੱਲ ਜਦੋਂ ਆਪਣੀਆਂ ਭਾਵਨਾਵਾਂ ਨੂੰ ਜ਼ਾਹਿਰ ਕਰਨ ਦੀ ਸਾਹਮਣੇ ਆਉਂਦੀ ਹੈ ਤਾਂ ਇਹ ਸੋਸ਼ਲ ਮੀਡੀਆ ਸਾਈਟਸ 'ਤੇ ਇਮੋਟੋਕਨਜ਼ ਪਾਉਣ ਤੋਂ ਵੱਧ ਕੁਝ ਨਹੀਂ ਕਰ ਪਾਉਂਦੇ।

ਭਾਰਤ ਦਾ ਸਖ਼ਤ ਅਕਾਦਮਿਕ ਢਾਂਚਾ ਤੇ ਵਿਦਿਆਰਥੀਆਂ ਲਈ ਪ੍ਰੀਖਿਆ ਵਿਚ ਜ਼ਿਆਦਾ ਤੋਂ ਜਿਆਦਾ ਨੰਬਰ ਲੈਣ ਦਾ ਦਬਾਅ ਵਿਦਿਆਰਥੀਆਂ ਨੂੰ ਆਪਣੇ ਆਪ 'ਤੇ ਬਹੁਤ ਜ਼ਿਆਦਾ ਦਬਾਅ ਪਾਉਣ ਲਈ ਮਜਬੂਰ ਕਰਦਾ ਹੈ ਤੇ ਉਹ ਵੀ ਬਿਨਾ ਕਿਸੇ ਭਾਵਨਾਤਮਕ ਮੱਦਦ ਤੋਂ। ਸਭ ਵਿਦਿਆਰਥੀ ਉੱਚ ਅਕਾਦਮਿਕ ਗ੍ਰੇਡਾਂ ਲਈ ਇਕ ਦੂਜੇ ਨਾਲ ਮੁਕਾਬਲੇ 'ਚ ਲੱਗੇ ਹੋਏ ਹਨ ਕਿਉਂਕਿ ਉਨ੍ਹਾਂ ਦੀ ਰੋਜ਼ੀ-ਰੋਟੀ ਇਸ 'ਤੇ ਨਿਰਭਰ ਕਰਦੀ ਹੈ। ਪਰ ਕਦੇ ਨਾ ਮੁੱਕਣ ਵਾਲੀ ਇਸ ਦੌੜ ਵਿਚ ਕਿਤੇ ਨਾ ਕਿਤੇ ਉਹ ਆਪਣੇ ਆਪ ਨੂੰ ਸਮਾਂ ਨਹੀਂ ਦੇ ਪਾਉਂਦੇ, ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਨਹੀਂ ਕਰ ਪਾਉਂਦੇ ਤੇ ਹੌਲੀ-ਹੌਲੀ ਤਣਾਅ ਦੀ ਦਲਦਲ ਵਿਚ ਧਸਦੇ ਜਾਂਦੇ ਹਨ।

ਕਾਲਜ ਦੇ ਵਿਦਿਆਰਥੀਆਂ 'ਤੇ ਵਿੱਤੀ ਦਬਾਅ ਵੀ ਤਣਾਅ ਦਾ ਇਕ ਅਹਿਮ ਕਾਰਨ ਹੈ। ਮੱਧਵਰਗੀ ਪਰਿਵਾਰ ਤੋਂ ਆਉਣ ਦਾ ਮਤਲਬ ਇਹ ਹੈ ਕਿ ਮਾਪਿਆਂ ਦੀ ਸਾਰੀ ਉਮਰ ਦੀ ਜਮ੍ਹਾਂ ਪੂੰਜੀ 'ਚੋਂ ਵੱਡੀ ਰਕਮ ਵਿਦਿਆਰਥੀ ਦੀ ਉੱਚ ਸਿੱਖਿਆ 'ਚ ਜਾ ਰਹੀ ਹੈ, ਜਿਸ ਦਾ ਮਤਲਬ ਹੈ ਕਿ ਜੇ ਵਿਦਿਆਰਥੀ ਨਾਕਾਮ ਹੋ ਜਾਂਦਾ ਹੈ ਜਾਂ ਚੰਗਾ ਪ੍ਰਦਰਸ਼ਨ ਨਹੀਂ ਕਰਦਾ ਤਾਂ ਇਕ ਤਰ੍ਹਾਂ ਨਾਲ ਉਹ ਆਪਣੇ ਮਾਪਿਆਂ ਦਾ ਬਹੁਤ ਮਿਹਨਤ ਨਾਲ ਕਮਾਇਆ ਪੈਸਾ ਬਰਬਾਦ ਕਰ ਰਿਹਾ ਹੈ।ਤੇ ਇਸ ਤਰ੍ਹਾਂ ਦੇ ਦਬਾਅ ਹੇਠ ਦੱਬਿਆ ਵਿਦਿਆਰਥੀ ਆਪਣੇ ਸੁਫ਼ਨੇ ਪੂਰੇ ਕਰਨ ਲਈ ਉਤਾਂਹ ਨੂੰ ਦੇਖ ਹੀ ਨਹੀਂ ਪਾਉਂਦਾ।

ਇੰਟਰਨੈੱਟ 'ਤੇ ਆਪਸ ਵਿਚ ਹੋਣ ਵਾਲਾ ਵਾਰਤਾਲਾਪ ਵਾਸਤਵਿਕ ਸਬੰਧਾਂ 'ਚ ਕੀਤੀ ਗੱਲਬਾਤ ਦੇ ਮੁਕਾਬਲੇ ਬਹੁਤ ਨਕਲੀ ਹੁੰਦਾ ਹੈ ਤੇ ਇਹ ਮਸਨੂਈ ਦੁਨੀਆ ਹੀ ਨੌਜਵਾਨਾਂ ਨੂੰ ਇਕੱਲੇ ਤੇ ਨਿਰਾਸ਼ ਕਰਦੀ ਹੈ। ਸਾਰਾ ਦਿਨ ਇੰਟਰਨੈੱਟ ਦੀ ਸੁਪਨਮਈ ਦੁਨੀਆ ਵਿਚ ਰੁੱਝੇ ਰਹਿਣ ਵਾਲੇ ਅਕਸਰ ਅਸਲ ਦੁਨੀਆ ਤੋਂ ਟੁੱਟ ਜਾਂਦੇ ਹਨ ਅਤੇ

(ਬਾਕੀ ਸਫਾ 10 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੁਚ ਰਹਨੁ ਥਿਰੁ ਨਾਹੀ॥

# ਸ੍ਰੀਮਤੀ ਰੋਸ਼ਨੀ ਚੋਪੜਾ ਸੁਪਤਨੀ ਸ੍ਰੀ ਸੁਖਰਾਜ ਚੋਪੜਾ

## ਸਾਨ ਫਰਾਂਸਿਸਕੋ ਨਿਵਾਸੀ ਮਿਤੀ 3 ਜੂਨ 2020 ਨੂੰ ਇਸ ਸੰਸਾਰ ਤੋਂ ਕੂਚ ਕਰ ਗਏ



ਬੜੇ ਦੁਖੀ ਹਿਰਦੇ ਨਾਲ ਲਿਖਣਾ ਪੈਂਦਾ ਹੈ ਕਿ ਸ੍ਰੀਮਤੀ ਰੋਸ਼ਨੀ ਚੋਪੜਾ ਸੁਪਤਨੀ ਸ੍ਰੀ ਸੁਖਰਾਜ ਚੋਪੜਾ ਸਾਨ ਫਰਾਂਸਿਸਕੋ ਨਿਵਾਸੀ ਮਿਤੀ 3 ਜੂਨ 2020 ਨੂੰ ਸੰਸਾਰ ਵਿਚ ਚੱਲ ਰਹੀ ਮਹਾਂਮਾਰੀ ਕਰੋਨਾ ਵਾਇਰਸ ਦੀ ਵਜ੍ਹਾ ਨਾਲ ਇਸ ਸੰਸਾਰ ਤੋਂ ਕੂਚ ਕਰ ਗਏ ਹਨ। ਰੋਸ਼ਨੀ ਚੋਪੜਾ ਜੀ ਇਕ ਨੇਕ ਦਿਲ ਇਨਸਾਨ ਤੇ ਧਾਰਮਿਕ ਖਿਆਲਾਂ ਦੀ ਸ਼ਖਸੀਅਤ ਸੀ। ਆਪਣੇ ਭਾਈਚਾਰੇ ਦੇ ਮੰਦਰਾਂ/ਗੁਰਦੁਆਰਿਆਂ ਵਿਚ ਭਜਨ ਸ਼ਬਦ ਕੀਰਤਨ ਗਾਉਣਾ ਉਹਨਾਂ ਦੀ ਇਕ ਖਾਸ ਰੁਚੀ ਸੀ। ਰੋਸ਼ਨੀ ਜੀ ਦੇ ਜਾਣ ਨਾਲ ਚੋਪੜਾ ਪਰਿਵਾਰ ਨੂੰ ਤਾਂ ਬਹੁਤ ਘਾਟਾ ਪਿਆ ਹੀ ਹੈ ਪਰ ਸਾਡੀ ਕਮਿਊਨਿਟੀ ਨੂੰ ਵੀ ਬਹੁਤ ਘਾਟਾ ਪਿਆ ਹੈ। ਅਸੀਂ ਵਾਹਿਗੁਰੂ ਅੱਗੇ ਇਹੋ ਅਰਦਾਸ ਕਰਦੇ ਹਾਂ ਕਿ ਸੱਚੇ ਪਾਤਸ਼ਾਹ ਰੋਸ਼ਨੀ ਚੋਪੜਾ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇ ਤੇ ਪਿੱਛੇ ਪਰਿਵਾਰ ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦੀ ਸਮਰੱਥਾ ਬਖਸ਼ੇ।

ਫਰਿਜ਼ਨੋ ਸਿਲਮਾ ਤੇ ਇਲਾਕੇ ਦੀਆਂ ਸੰਗਤਾਂ ਨੇ ਫਰਿਜ਼ਨੋ ਵਿਖੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਨਾਂ ਤੇ ਗੁਰਦੁਆਰਾ ਸਥਾਪਤ ਕਰਨਾ ਚਾਹਿਆ। ਸਾਨੂੰ ਪਤਾ ਲੱਗਾ ਕਿ ਸੁਖਰਾਜ ਚੋਪੜਾ ਤੇ ਰੋਸ਼ਨੀ ਚੋਪੜਾ ਜੀ, ਜਿਹਨਾਂ ਨੇ ਫਿਜ਼ੀ ਵਿਚ ਤੇ ਅਮਰੀਕਾ ਵਿਚ ਆ ਕੇ ਪਿਟਸਬਰਗ ਵਿਚ ਗੁਰਦੁਆਰੇ ਬਣਾਉਣ ਵਿਚ ਤਨ ਮਨ ਅਤੇ ਧਨ ਨਾਲ ਬੇਅੰਤ ਸੇਵਾ ਕੀਤੀ ਹੈ। ਰਵਿਦਾਸੀਆ ਕੌਮ ਦੇ ਭਾਈਚਾਰੇ ਨੇ ਸਾਨੂੰ ਚੋਪੜਾ ਪਰਿਵਾਰ ਨੂੰ ਮਿਲਣ ਦੀ ਸਲਾਹ ਦਿੱਤੀ। ਸੋ, ਅਸੀਂ ਚੋਪੜਾ ਪਰਿਵਾਰ ਨੂੰ ਮਿਲਣ ਉਹਨਾਂ ਦੇ ਗ੍ਰਹਿ ਵਿਚ ਗਏ। ਜਿਸ ਤਰ੍ਹਾਂ ਸੁਖਰਾਜ ਜੀ ਤੇ ਰੋਸ਼ਨੀ ਚੋਪੜਾ ਜੀ ਨੇ ਸਾਡੀ ਆਓ ਭਗਤ ਕੀਤੀ ਤੇ ਜੋ ਬਚਨ ਸਾਡੇ ਨਾਲ ਸਾਂਝੇ ਕੀਤੇ, ਉਹ ਬਹੁਤ ਹੀ ਵਡਮੁੱਲੇ ਸਨ। ਉਹਨਾਂ ਨੇ ਕਿਹਾ ਕਿ "ਇਹ ਸਾਡੇ ਵੱਡੇ ਭਾਗ ਹਨ ਕਿ ਐਡੀ ਦੂਰੋਂ ਸੰਗਤਾਂ ਚੱਲ ਕੇ ਸਾਡੇ ਗਰੀਬਖਾਨੇ ਆਈਆਂ ਹਨ ਤੇ ਉਹਨਾਂ ਨੇ 20,000 ਡਾਲਰ ਭੇਟਾ ਦਿੱਤੀ। ਇੱਥੇ ਹੀ ਬੱਸ ਨਹੀਂ ਚੋਪੜਾ ਜੀ ਨੇ ਸਾਡੇ ਸਾਹਮਣੇ ਆਪਣੇ ਸਾਕ ਸਬੰਧੀਆਂ ਨੂੰ ਫੋਨ ਕੀਤੇ ਤੇ ਫੋਨ 'ਤੇ ਹੀ ਹਜ਼ਾਰਾਂ ਡਾਲਰ ਇਕੱਠੇ ਕਰਕੇ ਦਿੱਤੇ। ਬਾਅਦ ਵਿਚ ਅਸੀਂ ਇੰਗਲੈਂਡ, ਕੈਨੇਡਾ ਵੀ ਉਗਰਾਹੀ ਕਰਨ ਗਏ। ਉਦੋਂ ਚੋਪੜਾ ਜੀ ਨੇ ਆਪਣੇ ਰਿਸ਼ਤੇਦਾਰਾਂ ਨੂੰ ਫੋਨ ਕੀਤੇ ਤੇ ਉਥੋਂ ਵੀ ਅਸੀਂ ਚੋਖੀ ਮਾਇਆ ਇਕੱਤਰ ਕੀਤੀ। ਇਸ ਤਰ੍ਹਾਂ ਦੀ ਸੇਵਾ ਕਿਸੇ-ਕਿਸੇ ਦੇ ਹੀ ਭਾਗਾਂ ਵਿਚ ਨਸੀਬ ਹੁੰਦੀ ਹੈ।

ਗੁਰੂ ਘਰ ਫਰਿਜ਼ਨੋ ਦੀ ਓਪਨਿੰਗ ਸੈਰੇਮਨੀ ਵੀ ਸੰਨ 2004 ਵਿਚ ਸੁਖਰਾਜ ਚੋਪੜਾ ਤੇ ਰੋਸ਼ਨੀ ਚੋਪੜਾ ਜੀ ਨੇ ਕੀਤੀ। ਅਸੀਂ ਇਕ ਵਾਰ ਫਿਰ ਰੋਸ਼ਨੀ ਚੋਪੜਾ ਜੀ ਦੀ ਆਤਮਾ ਲਈ ਅਰਦਾਸ ਕਰਦੇ ਹਾਂ। ਵਾਹਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇ ਤੇ ਸੁਖਰਾਜ ਚੋਪੜਾ ਜੀ ਨੂੰ ਲੰਬੀ ਉਮਰ ਬਖਸ਼ੇ ਕਿ ਉਹ ਆਪਣੀ ਕੌਮ ਦੀ ਸੇਵਾ ਕਰਦੇ ਰਹਿਣ।

**ਬੋਲੇ ਸੋ ਨਿਰਭੈਅ! ਸਤਿਗੁਰ ਰਵਿਦਾਸ ਮਹਾਰਾਜ ਜੀ ਕੀ ਜੈ!!**

**ਰਾਮ ਲਾਲ ਮਹਿਮੀ ਸੈਲਮਾ 559-301-1529**

**ਬੰਸੀ ਲਾਲ ਬੰਗੜ ਫਰਿਜ਼ਨੋ 559-801-8908**

ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਉਘੇ ਦਾਨੀ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਦੇ ਮਿਸਿਜ਼ ਸ੍ਰੀਮਤੀ ਰੋਸ਼ਨੀ ਚੋਪੜਾ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਦਿਲੀ ਦੁੱਖ ਪ੍ਰਗਟ ਕਰਦੀ ਹੈ। ਵਾਹਿਗੁਰੂ ਉਹਨਾਂ ਦੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।


Law Office of
NIRWAN & ASSOCIATES



www.nirwanlaw.com

*Business Incorporation*
Articles of Incorp
Dissolution
501 © Non-Profit

Jagdip S. Nirwan, Esq 916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿਲ ਦੀ ਹੋਈ ਸਲਾਨਾ ਮੀਟਿੰਗ 'ਚ ਸ.ਨਿਰਮਲਜੀਤ ਸਿੰਘ ਭੱਟੀ ਪ੍ਰਧਾਨ ਤੇ ਸ.ਨਰਿੰਦਰ ਸਿੰਘ ਸਹੋਤਾ ਸਕੱਤਰ ਬਣੇ






**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਜੋ ਕਿ 1993 ਤੋਂ ਇਥੇ ਦੇ ਗ੍ਰੇਟ ਸਾਊਥ ਰੋਡ ਅਤੇ ਮੋਟਰਵੇਅ ਨੰਬਰ 1 ਦੇ ਵਿਚਕਾਰ ਸਵਾ 6 ਏਕੜਾਂ ਵਿਚ ਸਥਿਤ ਹੈ, ਵਿਖੇ ਅੱਜ ਸ੍ਰੀ ਗੁਰੂ ਰਵਿਦਾਸ ਜੀ ਦਾ ਜੋਤੀ-ਜੋਤਿ ਦਿਵਸ ਅਤੇ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਹਜ਼ੂਰੀ ਰਾਗੀ ਭਾਈ ਕੁਲਦੀਪ ਸਿੰਘ ਰਸੀਲਾ ਦੇ ਜੱਥੇ ਨੇ ਬਹੁਤ ਹੀ ਰਸਭਿੰਨਾ ਕੀਰਤਨ ਸਰਵਣ ਕਰਵਾਇਆ। ਅੱਜ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵਿਖੇ ਪ੍ਰਬੰਧਕ ਕਮੇਟੀ ਦੀ ਸਲਾਨਾ ਮੀਟਿੰਗ ਵੀ ਰੱਖੀ ਗਈ ਸੀ ਜਿਸ ਦੇ ਵਿਚ ਪ੍ਰਬੰਧਕ ਅਤੇ ਹੋਰ ਕਮੇਟੀ ਮੈਂਬਰ ਸ਼ਾਮਿਲ ਹੋਏ। ਮੀਟਿੰਗ ਦੀ ਸ਼ੁਰੂਆਤ ਸੇਵਾ ਮੁਕਤ ਹੋ ਰਹੇ ਪ੍ਰਧਾਨ ਸ. ਪਰਮਜੀਤ ਸਿੰਘ ਮਹਿਮੀ ਨੇ ਕੀਤੀ। ਉਨ੍ਹਾਂ ਆਏ ਸਾਰੇ ਮੈਂਬਰਜ਼ ਨੂੰ ਜੀ ਆਇਆਂ ਆਖਿਆ। ਦੋ ਮਿੰਟ ਲਈ ਵਿਛੜ ਚੁੱਕੀਆਂ ਰੂਹਾਂ ਨੂੰ ਮੋਨ ਵਰਤ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਆਪਣੀ ਪ੍ਰਧਾਨਗੀ ਰਿਪੋਰਟ ਪੜ੍ਹ ਕੇ ਸੁਣਾਈ ਅਤੇ ਪਿਛਲੇ ਇਕ ਸਾਲ ਦੀ ਸਾਰੀ ਰਿਪੋਰਟ ਪੇਸ਼ ਕੀਤੀ। ਸਾਰੇ ਮੈਂਬਰ ਰਿਪੋਰਟ ਤੋਂ ਸ਼ੰਤੁਸ਼ਟ ਹੋਏ ਫਿਰ ਖਜ਼ਾਨਚੀ ਵਿਪਨ ਸੁਮਨ ਨੇ ਵੀ ਵਿੱਤੀ ਰਿਪੋਰਟ ਪੜ੍ਹੀ ਅਤੇ ਜੋ ਕਿ ਸਰਬ ਸੰਮਤੀ ਨਾਲ ਪਾਸ ਹੋਈ। ਆਮ ਵਿਚਾਰ-ਵਿਮਰਸ਼ ਕਰਕੇ ਪੁਰਾਣੀ ਕਮੇਟੀ ਨੂੰ ਖਾਰਜ ਕਰ ਦਿੱਤਾ ਗਿਆ ਅਤੇ ਨਵੀਂ ਕਮੇਟੀ ਦੀ ਕਾਰਵਾਈ ਸ਼ੁਰੂ ਹੋਈ। ਨਵੀਂ ਕਮੇਟੀ ਦੀ ਚੋਣ: ਸਰਬ ਸੰਮਤੀ ਦੇ ਨਾਲ ਸ. ਨਿਰਮਲਜੀਤ ਸਿੰਘ ਭੱਟੀ ਨੂੰ ਪ੍ਰਧਾਨ, ਸ੍ਰੀ ਪਿਆਰਾ ਰੱਤੂ ਨੂੰ ਉਪ ਪ੍ਰਧਾਨ, ਸ. ਨਰਿੰਦਰ ਸਿੰਘ ਸਹੋਤਾ ਨੂੰ ਜਨਰਲ ਸਕੱਤਰ, ਸ.ਕੁਲਵਿੰਦਰ ਸਿੰਘ ਝੱਮਟ ਖਜ਼ਾਨਚੀ ਅਤੇ ਸ. ਮਲਕੀਅਤ ਸਿੰਘ ਸਹੋਤਾ ਨੂੰ ਔਡੀਟਰ ਨੂੰ ਚੁਣਿਆ ਗਿਆ। ਲੰਗਰ ਸੇਵਾ ਦੇ ਲਈ ਲੇਡੀਜ਼ ਕਮੇਟੀ ਵੀ ਗਠਿਤ ਕੀਤੀ ਗਈ। ਸ. ਨਿਰਮਲਜੀਤ ਸਿੰਘ ਭੱਟੀ ਅਤੇ ਸ. ਰਵਿੰਦਰ ਸਿੰਘ ਝੱਮਟ ਨੇ ਪੁਰਾਣੀ ਕਮੇਟੀ ਨੂੰ ਪਿਛਲੇ 2 ਸਾਲ ਤੱਕ ਵਧੀਆ ਸੇਵਾਵਾਂ ਨਿਭਾਉਣ ਲਈ ਸ਼ਾਬਾਸ਼ ਦਿੱਤੀ ਅਤੇ ਧੰਨਵਾਦ ਕੀਤਾ। ਪੁਰਾਣੀ ਕਮੇਟੀ ਮੈਂਬਰਾਂ ਨੇ ਨਵੀਂ ਕਮੇਟੀ ਨੂੰ ਪੂਰਨ ਸਾਥ ਦੇਣ ਦਾ ਵਾਅਦ ਕੀਤਾ ਹੈ ਤਾਂ ਕਿ ਗੁਰਦੁਆਰਾ ਸਾਹਿਬ ਦੀਆਂ ਮੌਜੂਦਾ ਅਤੇ ਆਉਣ ਵਾਲੀਆਂ ਸੇਵਾਵਾਂ ਇਸੀ ਤਰ੍ਹਾਂ ਜਾਰੀ ਰਹਿ ਸਕਣ।

# ਸਿਹਤ ਵਿਭਾਗ ਵੱਲੋਂ ਕਰੋਨਾ ਮਹਾਂਮਾਰੀ ਦੌਰਾਨ 'ਜੱਚਾ-ਬੱਚਾ' ਦੀ ਸੇਵਾ ਕਰਨ ਵਾਲੀਆਂ ਮਿੱਡ ਵਾਈਵਜ਼ ਦਾ 2500 ਡਾਲਰ ਨਾਲ ਥੈਂਕਸ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਰਾਜਨੀਤੀ ਦੇ ਮਾਹਿਰਾਂ ਦੇ ਦੇਸ਼ ਵਿਚ ਜੇਕਰ ਮਾਹਿਰਾਂ ਕੋਲੋਂ ਕੰਮ ਕਰਾਉਣਾ ਹੋਵੇ ਤਾਂ ਉਨ੍ਹਾਂ ਦੇ ਕੰਮ ਦੀ ਕਦਰ ਐਸੇ ਤਰੀਕੇ ਨਾਲ ਕਰੀ ਜਾਂਦੀ ਹੈ ਕਿ ਹੋਰ ਲੋਕ ਵੀ ਉਸ ਕਿੱਤੇ ਵੱਲ ਖਿਚੇ ਆਉਂਦੇ ਹਨ। ਕਰੋਨਾ ਮਹਾਂਮਾਰੀ ਦੇ ਚਲਦਿਆਂ ਹਰ ਦੇਸ਼ ਦੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਨੇ ਕਾਫੀ ਵੱਡੇ ਪੱਧਰ ਉਤੇ ਆਪਣੀ ਜਾਨ ਦਾ ਖਤਰਾ ਮੁੱਲ ਲੈ ਕੇ ਲੋਕਾਂ ਦੀ ਬਿਮਾਰੀ ਦੂਰ ਕਰਨ ਵਿਚ ਆਪਣਾ ਯੋਗਦਾਨ ਪਾਇਆ ਅਤੇ ਪਾਇਆ ਜਾ ਰਿਹਾ ਹੈ। ਨਿਊਜ਼ੀਲੈਂਡ ਦੇਸ਼ ਜਿੱਥੇ ਕਿ ਲਗਤਾਰਾ 3 ਹਫਤਿਆਂ ਤੋਂ ਕੋਈ ਨਵਾਂ ਕਰੋਨਾ ਦਾ ਕੇਸ ਦਰਜ ਨਹੀਂ ਹੋਇਆ ਅਤੇ ਨਾ ਹੀ ਇਸ ਵੇਲੇ ਦੇਸ਼ ਵਿਚ ਕੋਈ ਕਰੋਨਾ ਦਾ ਮਰੀਜ ਹੈ, ਦੇ ਸਿਹਤ ਮੰਤਰਾਲੇ ਨੇ ਆਪਣੇ ਸਟਾਫ ਦਾ ਲੋਕਾਂ ਦਾ ਕੇਅਰ (ਦੇਖਭਾਲ) ਕਰਨ ਦੇ ਲਈ ਉਨ੍ਹਾਂ ਦੇ ਨਾਲ ਨਿਆਂਪੂਰਨ (ਫੇਅਰ) ਰਵੱਈਆ ਅਪਣਾਇਆ ਜਾ ਰਿਹਾ ਹੈ। ਅੱਜ ਦੇਸ਼ ਦੇ ਸਿਹਤ ਮੰਤਰੀ ਸ੍ਰੀ ਡੇਵਿਡ ਕਲਾਰਕ ਨੇ ਦੇਸ਼ ਦੇ ਵਿਚ ਰਜਿਸਟਰਡ ਮਿੱਡਵਾਈਵਜ਼ (ਦਾਈਆਂ) ਜਾਂ ਕਹਿ ਲਈਏ ਜੱਚਾ ਅਤੇ ਬੱਚਾ ਦੀ ਦੇਖਭਾਲ ਕਰਨ ਵਾਲੀਆਂ ਮਿਡਵਾਈਵਜ਼ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ 2500-2500



ਡਾਲਰ ਦਾ ਚੈਕ ਦੇਣ ਦਾ ਐਲਾਨ ਕੀਤਾ ਹੈ। ਇਨ੍ਹਾਂ ਮਿੱਡਵਾਈਵਜ਼ ਨੇ ਗਰਭਵਤੀ ਮਹਿਲਾਵਾਂ, ਬੱਚਿਆਂ ਦੇ ਜਨਮ ਵਿਚ ਅਤੇ ਜਨਮ ਦੇ ਬਾਅਦ ਵਿਚ ਮਹਿਲਾਵਾਂ ਦੀ ਮੁਹਾਰਿਤ ਦੇ ਨਾਲ ਸਹਾਇਤਾ ਕੀਤੀ ਹੈ।

ਦੇਸ਼ ਦੇ ਸਿਹਤ ਮੰਤਰਾਲੇ ਨੇ 100 ਮਿਲੀਅਨ ਡਾਲਰ ਦਾ ਫੰਡ ਸਿਹਤ ਸੇਵਾਵਾਂ ਦੇ ਵਿਚ ਹਿੱਸਾ ਪਾਉਣ ਲਈ ਵਿਸ਼ੇਸ਼ ਤੌਰ 'ਤੇ ਰੱਖਿਆ ਹੈ। ਇਸਨੂੰ 6 ਭਾਗਾਂ ਵਿਚ ਵੰਡਿਆ ਗਿਆ ਹੈ ਜਿਵੇਂ ਕਿ 37 ਮਿਲੀਅਨ ਡਾਲਰ ਕੋਵਿਡ ਟੈਸਟਿੰਗ ਵਾਸਤੇ, 18 ਮਿਲੀਅਨ ਡਾਲਰ 365 ਕ੍ਰਿਟੀਕਲ ਕਮਿਊਨਿਟੀ ਫਾਰਮੇਸੀਜ ਲਈ, 5.48 ਮਿਲੀਅਨ ਮਿੱਡਵਾਈਵਜ਼ ਲਈ, 10 ਮਿਲੀਅਨ ਜ਼ਿਲ੍ਹਾ ਹੈਲਥ ਬੋਰਡ ਅਤੇ ਸਾਹਪ੍ਰਣਾਲੀ ਉਪਕਰਣਾਂ ਲਈ, 7,33 ਮਿਲੀਅਨ ਸੁਪੋਰਟ ਹੌਸਪਿਕਸ ਲਈ ਅਤੇ 14.6 ਮਿਲੀਅਨ ਨੈਸ਼ਨਲ ਟੈਲੀਹੈਲਥ ਵਾਸਤੇ ਰੱਖੇ ਗਏ ਹਨ। ਵਰਨਣਯੋਗ ਹੈ ਕਿ ਇਸ ਕਾਰਜ ਦੇ ਵਿਚ ਕਈ ਭਾਰਤੀ ਕੁੜੀਆਂ ਵੀ ਹਨ ਜਿਨ੍ਹਾਂ ਨੇ ਕਰੋਨਾ ਦੇ ਬਾਵਜੂਦ ਆਪਣੀ ਡਿਊਟੀ ਪੂਰੀ ਕੀਤੀ। ਪਹਿਲੀ ਵਾਰ ਇਥੇ ਦਸੰਬਰ 2018 ਦੇ ਵਿਚ ਮਿਡਵਾਈਵਜ਼ ਨੇ ਹੜਤਾਲ ਕੀਤੀ ਸੀ। ਜੂਨ 2019 ਦੇ ਅੰਕੜਿਆਂ ਮੁਤਾਬਿਕ ਦੇਸ਼ ਵਿਚ 3171 ਮਿਡ ਵਾਈਵਜ਼ ਸਨ।

# ਸੀਰੀਸ, ਕੈਲੀਫੋਰਨੀਆ ਵਿੱਚ ਪੰਜਾਬੀ ਵਲੋਂ ਆਪਣੇ ਬੱਚੇ ਤੇ ਘਰਵਾਲੀ ਨੂੰ ਗੋਲੀ ਮਾਰ ਕੇ ਆਪ ਵੀ ਕੀਤੀ ਆਤਮ ਹੱਤਿਆ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅੱਜ ਸਵੇਰੇ ਤੜਕਸਾਰ ਕਰੀਬ 2:15 ਵਜੇ ਇੱਕ ਪੰਜਾਬੀ ਜੰਗਬਹਾਦਰ ਸਿੰਘ ਸੰਧੂ ਨਾਂ ਦੇ ਵਿਅਕਤੀ ਵਲੋਂ ਪਹਿਲਾਂ ਆਪਣੇ ਇੱਕ 12 ਸਾਲ ਦੇ ਬੱਚੇ ਤੇ ਫਿਰ ਘਰਵਾਲੀ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ ਤੇ ਉਸਤੋ ਬਾਅਦ ਆਪਣੇ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ।





ਸੀਰੀਸ ਪੁਲਿਸ ਕਤਲ-ਆਤਮ-ਹੱਤਿਆ ਵਜੋਂ ਜਾਂਚ ਕਰ ਰਹੀ ਹੈ। ਸੀਰੀਸ ਪੁਲਿਸ ਵਿਭਾਗ ਨੇ ਇਕ ਖ਼ਬਰ ਜਾਰੀ ਕਰਦਿਆਂ ਕਿਹਾ ਕਿ ਪੁਲਿਸ ਅਧਿਕਾਰੀਆਂ ਵਲੋਂ ਸੋਮਵਾਰ ਸਵੇਰੇ 2:15 ਵਜੇ ਰੋਡਿੰਗ ਰੋਡ ਦੇ 2700 ਬਲਾਕ 'ਤੇ ਸਥਿਤ ਇਕ ਨਿਵਾਸ' ਤੇ ਦੇਖਿਆ ਗਿਆ ਕਿ ਇਨਾਂ ਤਿੰਨਾਂ ਦੇ ਖੂਨ ਵਗ ਰਿਹਾ ਸੀ ਅਤੇ ਇਹ ਤਿਨੋਂ ਸਾਹ ਨਹੀਂ ਲੈ ਰਹੇ ਸਨ। ਪੁਲੀਸ ਅਧਿਕਾਰੀ ਫਰੈਡਰਿਕੋ ਓਰਟਿਜ਼ ਨੇ ਕਿਹਾ ਕਿ ਇਕ ਕਿਸੇ ਗੁਆਂਢੀ ਨੇ 911 'ਤੇ ਕਾਲ ਕੀਤੀ ਸੀ। ਪੁਲੀਸ ਅਧਿਕਾਰੀਆਂ ਨੇ ਮਰੇ ਹੋਏ ਵਿਆਕਤੀਆਂ ਵਿੱਚ ਇਕ ਆਦਮੀ, ਇਕ ਔਰਤ ਅਤੇ ਇਕ ਬਾਲਗ ਨੂੰ ਪਾਇਆ ਜਿਨਾਂ ਨੂੰ ਗੋਲੀਆਂ ਮਾਰੀਆਂ ਗਈਆਂ ਸਨ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਮੁਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਆਦਮੀ ਨੇ ਔਰਤ ਅਤੇ ਨਾਬਾਲਗ ਨੂੰ ਗੋਲੀ ਮਾਰ ਦਿੱਤੀ ਅਤੇ ਫਿਰ ਆਪਣੇ ਆਪ ਨੂੰ ਗੋਲੀ ਮਾਰ ਲਈ। ਸਾਰਿਆਂ ਨੂੰ ਘਟਨਾ ਸਥਾਨ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਜਦੋਂ ਤੱਕ ਪਰਿਵਾਰ ਨੂੰ ਸੂਚਿਤ ਨਹੀਂ ਕੀਤਾ ਜਾਂਦਾ ਉਦੋਂ ਤਕ ਪਹਿਚਾਣ ਰੋਕ ਦਿੱਤੀ ਗਈ ਹੈ। 12 ਸਾਲ ਦੀ ਉਮਰ ਦੇ ਬੱਚੇ ਦੀ ਵੀ ਪਹਿਚਾਣ ਜਾਰੀ ਨਹੀਂ ਕੀਤੀ ਗਈ। ਵਿੰਡਮੀਅਰ ਅਪਾਰਟਮੈਂਟ ਕੰਪਲੈਕਸ ਜਿਥੇ ਉਹ ਰਹਿ ਰਹੇ ਸਨ ਦੇ ਇੱਕ ਕਰਮਚਾਰੀ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਰਿਵਾਰ ਕੁਝ ਸਮੇਂ ਤੋਂ ਕਿਰਾਏਦਾਰ ਵਜੋਂ ਰਹਿ ਰਿਹਾ ਸੀ। ਕਰਮਚਾਰੀ ਨੇ ਕਿਹਾ ਕਿ ਇਕ ਹੋਰ ਰਿਸ਼ਤੇਦਾਰ ਉਸ ਸਮੇਂ ਘਰ ਵਿਚ ਹੀ ਸੀ ਅਤੇ ਉਸਦੇ ਕੋਈ ਸੱਟ ਨਹੀਂ ਲੱਗੀ।ਨਿਉਜ਼ ਰੀਲੀਜ਼ ਵਿਚ ਕਿਹਾ ਗਿਆ ਹੈ ਕਿ ਖੂਫੀਆ ਵਿਭਾਗ ਵਿਆਪਕ ਜਾਂਚ ਕਰ ਰਿਹਾ ਹੈ। ਪੁਲੀਸ ਨੇ ਭਾਵੇਂ ਕੋਈ ਇਸ ਸਮੇਂ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਕਿ ਇਹ ਮੌਤਾਂ ਘਰੇਲੂ-ਹਿੰਸਾ ਦਾ ਕਾਰਣ ਬਣੀਆਂ ਜਾਂ ਇਸ ਪਿਛੇ ਕੀ ਕਾਰਣ ਸੀ।

ਸਾਡੇ ਵਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਜੰਗਬਹਾਦਰ ਸਿੰਘ ਸੰਧੂ ਉਮਰ ਕਰੀਬ 50 ਸਾਲ ਅਮ੍ਰਿਤਧਾਰੀ ਸਿੰਘ ਸੀ ਤੇ ਉਸਦੀ ਇਹ ਦੁਜੇ ਵਿਆਹ ਦੀ ਔਰਤ ਸੀ ਤੇ ਬੱਚਾ ਵੀ ਔਰਤ ਤੋਂ ਪਿਛੋਂ ਹੀ ਆਇਆ ਸੀ। ਉਸਦੀ ਪਹਿਲੀ ਔਰਤ ਜਿਸ ਨਾਲ ਤਲਾਕ ਹੋ ਚੁੱਕਾ ਹੈ ਇੰਡੀਆਨਾ ਵਿੱਚ ਜੰਗਬਹਾਦਰ ਸਿੰਘ ਸੰਧੂ ਦੇ ਪਹਿਲੇ ਲੜਕੇ ਨਾ ਰਹਿ ਰਹੀ ਹੈ। ਜੰਗਬਹਾਦਰ ਸਿੰਘ ਸੰਧੂ ਦੀ ਮਾਂ ਆਪਣੇ ਦੂਸਰੇ ਬੇਟੇ ਬਲਿਹਾਰ ਸਿੰਘ ਸੰਧੂ ਨਾਲ ਮਨਟੀਕੇ ਰਹਿ ਰਹੀ ਹੈ। ਜੰਗਬਹਾਦਰ ਸਿੰਘ ਸੰਧੂ ਦਾ ਪਿਛਲਾ ਪਿੰਡ ਗੁਰਾਇਆਂ ਦੇ ਨਜਦੀਕ ਪੈਂਦਾ ਰੁੜਕਾ ਕਲਾਂ ਹੈ ਤੇ ਹੇਠ ਕੀ ਪੱਟੀ ਦਾ ਵਸਨੀਕ ਸੀ। ਸਥਾਨਕ ਸਿੱਖ ਭਾਈਚਾਰਾ ਇੱਹ ਖ਼ਬਰ ਮਿਲਣ ਤੇ ਸੁੰਨ ਹੈ।

# ਨਿਊਜ਼ੀਲੈਂਡ 'ਚ 2 ਨਵੇਂ ਆਏ ਕਰੋਨਾ ਕੇਸਾਂ ਨਾਲ 24 ਦਿਨਾਂ ਦਾ ਅੰਤਰਾਲ ਟੁੱਟਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ 'ਚ ਲਗਾਤਾਰ 24 ਦਿਨਾਂ ਦੇ ਅੰਤਰਾਲ ਬਾਅਦ ਕਰੋਨਾ ਬਿਮਾਰੀ ਦੇ 2 ਨਵੇਂ ਕੇਸ ਦੇਸ਼ ਅੰਦਰ ਦੁਬਾਰਾ ਪਹੁੰਚ ਗਏ ਹਨ। ਇਹ ਕੇਸ ਬ੍ਰਿਟੇਨ ਤੋਂ ਆਈਆਂ ਦੋ ਮਹਿਲਾ ਯਾਤਰੀਆਂ (ਉਮਰ 40 ਅਤੇ 30 ਸਾਲ) ਦੇ ਹਨ ਜੋ ਕਿ ਕਿਸੇ ਮ੍ਰਿਤਕ ਦੇ ਪਰਿਵਾਰ ਨੂੰ ਮਿਲਣ ਆਈਆਂ ਸਨ। ਇਹ ਔਕਲੈਂਡ ਤੋਂ ਵਲਿੰਗਟਨ ਤੱਕ ਕਾਰ ਵਿਚ ਗਈਆਂ ਸਨ। ਉਹ ਕਰੋਨਾ ਦਾ ਕਾਫੀ ਖਿਆਲ ਰੱਖਦੀਆਂ ਸਨ ਅਤੇ ਰਸਤੇ ਦੇ ਵਿਚ ਕਿਸੇ ਪੈਟਰੋਲ ਪੰਪ 'ਤੇ ਵੀ ਨਹੀਂ ਰੁਕੀਆਂ। ਉਨ੍ਹਾਂ ਨੇ ਪ੍ਰਾਈਵੇਟ ਕਾਰ ਦੀ ਵਰਤੋਂ ਕੀਤੀ ਸੀ। ਇਹ ਔਰਤਾਂ 7 ਜੂਨ ਨੂੰ ਇਥੇ ਆਈਆਂ ਸਨ ਅਤੇ ਮੈਨੇਜਡ ਆਈਸੋਲੇਸ਼ਨ ਦੇ ਵਿਚ ਸਨ ਅਤੇ ਵਿਸ਼ੇਸ਼ ਪ੍ਰਵਾਨਗੀ ਅਧੀਨ 13 ਜੂਨ ਨੂੰ ਵਲਿੰਗਟਨ ਗਈਆਂ ਸਨ। ਵਲਿੰਗਟਨ ਵਿਖੇ ਉਨ੍ਹਾਂ ਦਾ ਟੈਸਟ ਹੋਇਆ ਅਤੇ ਪਾਜ਼ੇਟਿਵ ਪਾਈਆਂ ਗਈਆਂ। ਉਹ ਵਾਇਆ ਬ੍ਰਿਸਬੇਨ ਅਤੇ ਦੋਹਾ ਆਈਆਂ ਸਨ।




ਬੀਤੇ ਕੱਲ੍ਹ ਆਖ਼ਰੀ ਪੁਸ਼ਟੀ ਕੀਤੇ ਕੇਸ ਤੋਂ 24 ਦਿਨ ਹੋਏ ਸਨ ਅਤੇ ਆਕਲੈਂਡ ਵਿੱਚ ਮੈਰਿਸਟ ਕਾਲਜ ਦੇ ਕਲੱਸਟਰ ਦਾ ਅੰਤ ਵੀ ਹੋਇਆ ਸੀ ਜਿਸ ਨੇ 96 ਲੋਕ ਸੰਕਰਮਿਤ ਕੀਤੇ ਸਨ। ਸਿਹਤ ਮੰਤਰਾਲੇ ਦਾ ਇਲੈਮੀਨੇਸ਼ਨ ਡੇਅ ਵੀ ਕੱਲ੍ਹ ਸੀ - ਆਖ਼ਰੀ ਕਮਿਊਨਿਟੀ ਟਰਾਂਸਮਿਸ਼ਨ ਕੇਸ ਆਈਸੋਲੇਸ਼ਨ ਹੋਣ ਤੋਂ ਬਾਅਦ ਬਾਹਰ ਆਇਆ ਸੀ। ਉਸ ਕੇਸ ਵਿੱਚ ਮਨਿਸਟਰੀ ਆਫ਼ ਪ੍ਰਾਇਮਰੀ ਇੰਡਸਟਰੀ ਦਾ ਇੱਕ ਵਰਕਰ ਸੀ ਜੋ ਟਾਰਗੈਟਿੰਗ ਟੈਸਟਿੰਗ ਦੌਰਾਨ ਪਾਜ਼ਟਿਵ ਆਇਆ ਸੀ, ਉਹ 30 ਅਪ੍ਰੈਲ ਨੂੰ ਆਈਸੋਲੇਸ਼ਨ ਵਿੱਚ ਚਲਾ ਗਿਆ ਸੀ ਅਤੇ 18 ਮਈ ਨੂੰ ਬਾਹਰ ਆਇਆ ਸੀ।

2 ਨਵੇਂ ਕੇਸਾਂ ਦਾ ਅਰਥ ਹੈ ਕਿ ਨਿਊਜ਼ੀਲੈਂਡ ਵਿੱਚ ਪੁਸ਼ਟੀ ਕੀਤੇ ਕੇਸਾਂ ਦੀ ਕੁੱਲ ਗਿਣਤੀ 1156 ਤੱਕ ਪਹੁੰਚ ਗਈ ਹੈ, ਪੁਸ਼ਟੀ ਕੀਤੇ ਗਏ ਅਤੇ ਸੰਭਾਵਿਤ ਕੇਸਾਂ ਦੀ ਸਾਂਝੀ ਕੁੱਲ ਗਿਣਤੀ ਹੁਣ 1506 ਹੈ। ਜੋ ਦੇਸ਼ ਵੱਲੋਂ ਵਿਸ਼ਵ ਸਿਹਤ ਸੰਗਠਨ ਨੂੰ ਰਿਪੋਰਟ ਕੀਤੇ ਗਏ ਹਨ।

BERKSHIRE HATHAWAY
BH HS
Home Services
Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਵ੍ਹਾਈਟ ਹਾਊਸ ਦੇ ਡਾਕਟਰ ਫੌਉਚੀ ਦਾ ਕਹਿਣਾ ਹੈ ਕਿ ਅਮਰੀਕਾ ਕੋਵਿਡ -19 ਮਾਮਲਿਆਂ ਦੀ 'ਦੂਜੀ ਲਹਿਰ' ਨਹੀ ਵੇਖ ਸਕਦਾ

**ਵਾਸ਼ਿੰਗਟਨ, (ਰਾਜ ਗੋਗਨਾ)–** ਬਹੁਤ ਸਾਰੇ ਮਾਹਿਰ ਡਰਦੇ ਹਨ ਕਿ ਸਟੇਟ ਆਰਥਿਕਤਾ ਨੂੰ ਮੁੜ ਖੋਲ੍ਹਣ ਦੀਆਂ ਕੋਸ਼ਿਸ਼ਾਂ ਅਤੇ ਪੁਲਿਸ ਦੀ ਬੇਰਹਿਮੀ ਅਤੇ ਨਸ਼ਲਵਾਦ ਨੂੰ ਲੈ ਕੇ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਮਾਮਲਿਆਂ ਵਿੱਚ ਦੂਜੀ ਵਾਰ ਵਾਧਾ ਕਰਨ ਵਿੱਚ ਯੋਗਦਾਨ ਪਾ ਸਕਦੇ ਹਨ।ਪਰ ਡਾਕਟਰ ਫੌਉਚੀ ਨੈਸ਼ਨਲ ਇੰਸੀਚਿਊਟ ਆਫ ਐਲਰਜੀ ਅਤੇ ਛੂਤ ਦੀਆਂ ਬੀਮਾਰੀਆਂ ਦੇ ਨਿਰਦੇਸ਼ਕ, ਜਿਨ੍ਹਾਂ ਨੂੰ ਵ੍ਹਾਈਟ ਹਾਊਸ ਦੁਆਰਾ ਅਪ੍ਰੈਲ ਤੋਂ ਵੱਖ ਕਰ ਦਿੱਤਾ ਗਿਆ ਹੈ, ਨੇ ਆਰਥਿਕਤਾ ਨੂੰ ਮੁੜ ਖੋਲ੍ਹਣ ਬਾਰੇ ਡੋਨਲਡ ਟਰੰਪ ਦੀ ਸਥਿੱਤੀ ਤੋੜਦਿਆਂ ਬੀਤੇਂ ਦਿਨਸੀਐਨਐਨ ਨੂੰ ਦੱਸਿਆ ਕਿ ਕਈ ਰਾਜਾਂ ਵਿੱਚ ਮਾਮਲਿਆਂ ਵਿੱਚ ਵਾਧਾ ਹੋਣਾ ਲਾਜ਼ਮੀ ਸੂਚਕ ਨਹੀਂ ਸੀ। ਡਾਕਟਰ ਫੌਉਚੀ ਨੇ ਕਿਹਾ, "ਜਦੋਂ ਤੁਸੀਂ ਹਸਪਤਾਲ ਵਿਚ ਦਾਖਲੇ ਨੂੰ ਵੇਖਣਾ ਸ਼ੁਰੂ ਕਰਦੇ ਹੋ, ਤਾਂ ਇਹ ਇਕ ਨਿਸ਼ਚਤ ਸਥਿਤੀ ਹੈ ਜਿਸ ਦਾ ਤੁਹਾਨੂੰ ਪੂਰਾ ਧਿਆਨ ਦੇਣਾ ਪਏਗਾ, ਇਹ ਲਾਜ਼ਮੀ ਨਹੀਂ ਹੈ ਕਿ ਪਤਝੜ ਵਿਚ ਦੂਸਰੀ ਲਹਿਰ ਆਵੇਗੀ, ਜਾਂ ਜੇ ਤੁਸੀਂ ਇਸ ਨੂੰ ਸਹੀ ਢੰਗ ਨਾਲ ਵੇਖਦੇ ਹੋ ਤਾਂ ਬਹੁਤ ਵੱਡਾ ਵਾਧਾ ਹੋਵੇਗਾ, ਉਸਨੇ ਲੋਕਾਂ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਅਤੇ ਮਾਸਕ ਪਹਿਨਣ ਦੀ ਸਲਾਹ ਦਿੱਤੀ। ਉਸਨੇ ਕਿਹਾ ਜਨਤਕ ਤੇ ਇਕੱਠ ਵਿੱਚ ਮਾਸਕ ਪਾਉਣਾ ਬਹੁਤ ਜ਼ਰੂਰੀ ਹੈ। ਜੋ ਨਹੀਂ ਪਾ ਰਹੇ ਉਹ ਖ਼ੁਦ ਕੋਰੋਨਾ ਨੂੰ ਸੱਦਾ ਦੇ ਰਹੇ ਹਨ। ਫੈਡਰਲ ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ.) ਦੇ ਅਨੁਸਾਰ, ਪਿਛਲੇ ਮਹੀਨੇ 80% ਦੇ ਕਰੀਬ ਅਮਰੀਕੀ ਸਵੈ-ਅਲੱਗ-ਥਲੱਗ ਹੋਏ ਹਨ ਅਤੇ 74% ਆਮ ਤੌਰ 'ਤੇ ਜਾਂ ਅਕਸਰ ਜਨਤਕ ਤੌਰ' ਤੇ ਸਾਹਮਣੇ ਹੋਏ ਸਨ। ਨਿਊਯਾਰਕ ਅਤੇ ਲਾਸ ਏਂਜਲਸ ਦੇ ਵਸਨੀਕਾਂ ਨੇ ਲਗਭਗ 90% ਸਮਾਂ ਅਜਿਹਾ ਕੀਤਾ। ਪਿਛਲੇ ਹਫ਼ਤੇ, ਟੈਕਸਾਸ, ਸਾਊਥ ਕੈਰੋਲਿਨਾ, ਯੂਟਾਹ, ਐਰੀਜ਼ੋਨਾ, ਉੱਤਰੀ ਕੈਰੋਲਿਨਾ, ਅਰਕਾਨਸਾਸ, ਅਲਾਬਾਮਾ, ਓਰੇਗਨ, ਕੈਲੀਫੋਰਨੀਆ, ਨੇਵਾਦਾ ਅਤੇ ਫਲੋਰਿਡਾ ਸਮੇਤ 19 ਰਾਜਾਂ ਵਿੱਚ ਕੋਵੀਡ -19 ਦੇ ਨਵੇਂ ਇਨਫੈਕਸ਼ਨਾਂ ਲਈ ਸੱਤ ਦਿਨਾਂ ਦੀ ਰੋਲਿੰਗ ਔਸਤਨ ਉੱਚਤਮ ਦਰਜ ਕੀਤੀ ਗਈ ਹੈ। ਇਹ ਰਿਸ ਕਰਕੇ ਹੋਇਆ ਕਿ ਇਹਨਾ ਲੋਕਾਂ ਨੇ ਮਾਸਕ ਤੇ ਦੂਰੀ ਨੂੰ ਨਜ਼ਰ ਅੰਦਾਜ਼ ਕੀਤਾ ਸੀ। ਅਰਕਨਸਾਸ ਵਿਚ ਸ਼ੁੱਕਰਵਾਰ ਨੂੰ, ਉਦਾਹਰਣ ਵਜੋਂ, ਗਵਰਨਰ ਆਸਾ ਹਚਿੰਸਨ, ਰਿਪਬਲਿਕਨ, ਨੇ ਪਿਛਲੇ 24 ਘੰਟਿਆਂ ਦੌਰਾਨ ਰਿਕਾਰਡ ਗਿਣਤੀ ਵਿਚ ਮਾਮਲਿਆਂ ਦੀ ਘੋਸ਼ਣਾ ਕੀਤੀ ਹੈ।ਓਰੇਗਨ ਵਿੱਚ, ਗਵਰਨਰ ਕੇਟ ਬ੍ਰਾਨ, ਇੱਕ ਡੈਮੋਕਰੇਟ, ਨੇ ਸਮਾਜਿਕ ਪਾਬੰਦੀਆਂ ਤੇ ਸਖ਼ਤੀ ਕਰਨ 'ਤੇ ਸੱਤ ਦਿਨਾਂ ਦੀ ਪਕੜ ਰੱਖੀ। ਜਿਸ ਕਰਕੇ ਸਥਿਤੀ ਕੰਟਰੋਲ ਵਿੱਚ ਰਹੀ ਹੈ। ਮੈਰੀਲੈਂਡ ਵਿਚ, ਬਾਲਟੀਮੋਰ ਨੇ ਘੋਸ਼ਣਾ ਕੀਤੀ ਕਿ ਇਹ ਯੋਜਨਾਬੱਧ ਦੁਬਾਰਾ ਖੋਲ੍ਹਣ ਦੇ ਪੜਾਅ ਦੋ ਵਿਚ ਨਹੀਂ ਜਾਵੇਗੀ। ਕਿਉਂਕਿ ਇਥੇ ਸਖ਼ਤੀ ਵਰਤੀ ਜਾ ਰਹੀ ਹੈ। ਉਲੰਘਣਾ ਕਰਨ ਵਾਲ਼ਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾ ਰਿਹਾ ਹੈ। ਦੋ ਧਾਰਮਿਕ ਸਥਾਨ ਬੰਦ ਕਰਨ ਦੀ ਨੌਬਤ ਆਈ ਸੀ ਜੋ ਹਦਾਇਤਾ ਦੀ ਪਾਲਣਾ ਨਹੀਂ ਸੀ ਕਰਦੇ। ਪਰ ਸਾਡੀਆਂ ਟੀਮਾਂ ਲਗਾਤਾਰ ਨਜ਼ਰ ਬਣਾਈ ਰੱਖ ਰਹੀਆਂ ਹਨ ਕਿ ਕੋਈ ਵੀ ਅਦਾਰਾ ਮਾਸਕ ਤੇ ਦੂਰੀ ਦੀ ਕੁਤਾਹੀ ਨਾਂ ਕਰੇ। ਰੋਜ ਦੀ ਰੋਜ ਡਾਟਾ ਇੱਕਠਾ ਕੀਤਾ ਜਾ ਰਿਹਾ ਹੈ। ਇੱਕ ਬਿਆਨ ਵਿੱਚ, ਮੇਅਰ, ਬਰਨਾਰਡ ਯੰਗ ਨੇ ਕਿਹਾ, ਮੈਨੂੰ ਸਾਰਿਆਂ ਨਾਲ ਕ੍ਰਿਸਟਲ ਸਾਫ਼ ਹੋਣ ਦਿਉ ਮੈਂ, ਲਗਭਗ ਕਿਸੇ ਵੀ ਵਿਅਕਤੀ ਨਾਲੋਂ, ਇਹ ਵੇਖਣਾ ਪਸੰਦ ਕਰਾਂਗਾ ਕਿ ਬਾਲਟੀ-ਮੋਰ ਸ਼ਹਿਰ ਖੁੱਲਾ ਅਤੇ ਸੁਰੱਖਿਅਤ ਹੈ, ਪਰ ਇਹ ਉਹੋ ਨਹੀਂ ਹੈ ਜੋ ਅੰਕੜੇ ਦੱਸ ਰਹੇ ਹਨ ਸਾਨੂੰ ਇਸ ਸਮੇਂ। ਪਰ ਹਦਾਇਤਾ ਦੀ ਪਾਲਣਾ ਕਰਨਾ ਸਮੇ ਦੀ ਲੋੜ ਹੈ।ਸੀਡੀਸੀ ਨੇ ਕਿਹਾ ਕਿ ਉਹ ਕੋਰੋਨਾਵਾਇਰਸ ਹਸਪਤਾਲਾਂ ਵਿੱਚ ਦਾਖਲ ਹੋਣ ਦੀਆਂ ਖਬਰਾਂ ਦੀ ਪੁਸ਼ਟੀ ਨਹੀਂ ਕਰ ਸਕਦਾ ਪਰ ਇਹ ਗਿਣਤੀ ਨੂੰ ਬਹੁਤ ਨੇੜਿਉ ਨਿਗਰਾਨੀ ਕਰੇਗਾ।



ਅਜਿਹੀਆਂ ਘਟਨਾਕ੍ਰਮ ਨੇ ਸ਼ੁੱਕਰਵਾਰ ਨੂੰ ਥੋੜੀ ਜਿਹੀ ਰਿਕਵਰੀ ਤੋਂ ਪਹਿਲਾਂ ਵੀਰਵਾਰ ਨੂੰ ਸਟਾਕ ਮਾਰਕੀਟ ਨੂੰ ਟੇਲਸਪਿਨ ਵਿਚ ਭੇਜਿਆ ਹੈ। ਇਸ ਦੌਰਾਨ ਕੁਝ ਮਾਹਰ ਵਧੇਰੇ ਆਸ਼ਾਵਾਦੀ ਬਣ ਗਏ ਹਨ ਕਿ ਕੋਵਿਡ -19 ਲਈ ਇਕ ਟੀਕਾ ਜਲਦੀ ਵਿਕਸਤ ਕੀਤਾ ਜਾ ਸਕਦਾ ਹੈ। ਸਾਬਕਾ ਸੀਡੀਸੀ ਡਾਇਰੈਕਟਰ ਜੂਲੀ ਗਰਬਰਡਿੰਗ ਨੇ ਸੀਐਨਐਨ ਨੂੰ ਦੱਸਿਆ, "ਮੈਨੂੰ ਲਗਦਾ ਹੈ ਕਿ ਸਾਇੰਸ ਸਾਡੇ ਪਾਸੇ ਹੈ ਤੇ ਖੋਜ ਵੱਡੇ ਪੱਧਰ ਤੇ ਹੋ ਰਹੀ ਹੈ। ਨਿਊਯਾਰਕ ਸਿਟੀ ਵਿੱਚ, ਵਿਸ਼ਾਲ ਵਿਰੋਧ ਪ੍ਰਦਰਸ਼ਨਾਂ ਨੇ ਅਮਰੀਕੀ ਮਹਾਂਮਾਰੀ ਕੇਂਦਰ ਵਿੱਚ ਵਾਇਰਸ ਦੇ ਮੁੜ ਉੱਭਰਨ ਦੀ ਖ਼ੌਫ਼ ਪੈਦਾ ਕਰ ਦਿੱਤੇ ਹਨ। ਪਰ ਨਵੇਂ ਇਨਫੈਕਸ਼ਨ ਹੁਣ ਪੂਰੇ ਅਮਰੀਕਾ ਵਿਚ ਸਭ ਤੋਂ ਹੇਠਲੇ ਪੱਧਰ ਤੇ ਹਨ।

# ਸਪੀਕਰ ਰਾਣਾ ਕੇ.ਪੀ ਸਿੰਘ ਵੱਲੋਂ ਮਹਿਲਾ ਮੰਡਲਾਂ ਅਤੇ ਯੂਥ ਕਲੱਬਾਂ ਨੂੰ 90 ਲੱਖ ਰੁਪਏ ਦੀਆਂ ਗ੍ਰਾਂਟਾਂ ਦੀ ਵੰਡ

**ਨਿਊਯਾਰਕ/ਨੰਗਲ (ਰਾਜ ਗੋਗਨਾ )–** ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ ਸਿੰਘ ਵਲੋਂ ਆਪਣੇ ਅਖਤਿਆਰੀ ਫੰਡਾਂ ਵਿਚੋ 90 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਜਾਰੀ ਕੀਤੇ ਚੈਕ ਅੱਜ ਸ਼੍ਰੀ ਅਨੰਦਪੁਰ ਸਾਹਿਬ ਦੇ ਮੈਬਰ ਪਾਰਲੀਮੈਂਟ ਸ਼੍ਰੀ ਮਨੀਸ਼ ਤਿਵਾੜੀ ਅਤੇ ਸਪੀਕਰ ਰਾਣਾ ਕੇ ਪੀ ਸਿੰਘ ਵਲੋਂ ਸਾਂਝੇ ਤੋਰੇ ਤੇ ਹਲਕੇ ਦੇ ਕਲੱਬਾਂ, ਮਹਿਲਾਂ ਮੰਡਲਾਂ ਅਤੇ ਸੰਸਥਾਵਾਂ ਨੂੰ ਦਿੱਤੇ ਗਏ। ਇਸ ਵਿਚ ਰੂਪਨਗਰ, ਨੰਗਲ ਵਿਚ ਹਸਪਤਾਲਾਂ ਦੇ ਲਈ ਉਪਕਰਨ ਅਤੇ ਹੋਰ ਜਰੂਰੀ ਸਮਾਨ ਖਰੀਦਣ ਲਈ 20 ਲੱਖ ਰੁਪਏ ਦੇ ਚੈਕ ਵੀ ਸ਼ਾਮਿਲ ਹਨ , ਤਾਂ ਜ਼ੋ ਮੋਜੂਦਾ ਹਾਲਾਤ ਵਿਚ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਹਸਪਤਾਲਾ ਵਿਚ ਹੋਰ ਵੀ ਪਰਬੰਧ ਕੀਤੇ ਜਾ ਸਕਣ।ਇਸ ਮੋਕੇ ਰਾਣਾ ਕੇ.ਪੀ ਸਿੰਘ ਨੇ ਕਿਹਾ ਕਿ ਮਹਿਲਾ ਮੰਡਲਾ ਅਤੇ ਯੂਥ ਕਲੱਬਾ ਵਲੋ ਪਿਛਲੇ ਸਮੇਂ ਦੌਰਾਨ ਬਹੁਤ ਹੀ ਅਣਥੱਕ ਮਿਹਨਤ, ਲਗਨ ਅਤੇ ਤਨਦੇਹੀ ਨਾਲ ਲੋਕਾ ਦੀ ਸੇਵਾ ਕੀਤੀ ਗਈ ਹੈ। ਉਨ੍ਹਾਂ ਵਲੋ ਆਮ ਲੋਕਾ ਨੂੰ ਕੋਵਿਡ ਮਹਾਮਾਰੀ ਤੋ ਬਚਣ ਲਈ ਲੋਕਾ ਨੂੰ ਜਾਗਰੂਕ ਕੀਤਾ ਗਿਆ ਹੈ ਅਤੇ ਹੁਣ ਜਿੰਦਗੀ ਦੀ ਗੱਡੀ ਨੂੰ ਮੁੜ ਲੀਹ ਤੇ ਲਿਆਉਣ ਅਤੇ ਆਮ ਵਰਗੇ ਹਾਲਾਤ ਬਣਾਉਣ ਲਈ ਸਭ ਦਾ ਸਹਿਯੋਗ ਜਰੂਰੀ ਹੈ। ਪੰਜਾਬ ਵਿਚ ਮਿਸ਼ਨ ਫਤਿਹ ਦੀ ਕਾਮਯਾਬੀ ਲਈ ਪਰਸ਼ਾਸ਼ਨ, ਕਰੋਨਾ ਵਾਰੀਅਰ ਤੇ ਸਮਾਜ ਸੇਵੀ ਸੰਗਠਨਾ ਵਿਚ ਬਿਹਤਰ ਤਾਲਮੇਲ ਯਕੀਨੀ ਤੌਰ ਤੇ ਕਾਇਮ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਾਡੇ ਕੋਲ ਫੰਡਾਂ ਦੀ ਕੋਈ ਘਾਟ ਨਹੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਕੰਮ ਕਰ ਰਹੇ ਮਹਿਲਾ ਮੰਡਲਾਂ ਤੇ ਯੂਥ ਕਲੱਬਾ ਨੂੰ ਉਨ੍ਹਾਂ ਦੀ ਜਰੂਰਤ ਅਨੁਸਾਰ ਹੋਰ ਗ੍ਰਾਂਟਾਂ ਵੀ ਦਿੱਤੀਆ ਜਾਣਗੀਆਂ, ਕਿਉਕਿ ਇਹ ਸੰਸਥਾਵਾਂ ਜਮੀਨੀ ਤੋਰ ਤੇ ਲੋਕਾਂ ਨਾਲ ਜੁੜੀਆਂ ਹਨ। ਸਪੀਕਰ ਰਾਣਾ ਕੇ.ਪੀ ਸਿੰਘ ਨੇ ਕੋਵਿਡ-19 ਮਹਾਮਾਰੀ ਦੋਰਾਨ ਲੋਕਾ ਨੂੰ ਜਾਗਰੂਕ ਕੀਤਾ: ਮਨੀਸ ਤਿਵਾੜੀ ਸਾਂਸਦ ਮੈਂਬਰ ਨੇ ਲੋਕ ਸਭਾ ਹਲਕੇ ਦੇ ਵਿਕਾਸ ਲਈ ਹਰ ਸੰਭਵ ਮੱਦਦ ਦਾ ਦਿੱਤਾ ਭਰੋਸਾ, ਇਸ ਮੋਕੇ ਸਾਂਸਦ ਮੈਂਬਰ ਸ਼੍ਰੀ ਮਨੀਸ ਤਿਵਾੜੀ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੋਰਾਨ ਸਪੀਕਰ ਰਾਣਾ ਕੇ.ਪੀ ਸਿੰਘ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਮੇ ਸਮੇ ਤੇ ਇਸ ਇਲਾਕੇ ਵਿਚ ਆ ਕੇ ਸਰਕਾਰ ਦੀਆਂ ਹਦਾਇਤਾਂ ਅਤੇ ਬੰਦਿਸ਼ਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਲੋਕਾ ਨੂੰ ਇਸ ਮਹਾਮਾਰੀ ਤੋ ਬਚਾਓ ਲਈ ਪ੍ਰੇਰਿਤ ਕੀਤਾ ਅਤੇ ਕਣਕ ਦੀ ਫਸਲ ਦੇ ਖਰੀਦ ਪ੍ਰਬੰਧਾਂ ਉਤੇ ਮੰਡੀਆਂ ਵਿਚ ਜਾ ਕੇ ਜਾਇਜਾ ਲਿਆ। ਵਿਕਾਸ ਕਾਰਜ ਸੁਰੂ ਕਰਵਾਏ ਅਤੇ ਸਿਹਤ ਵਿਭਾਗ ਵਲੋ ਕੀਤੇ ਜਾ ਰਹੇ ਉਪਰਾਲਿਆ ਦੀ ਨਿਗਰਾਨੀ ਕੀਤੀ। ਇਹ ਅਜਿਹਾ ਸਮਾਂ ਸੀ, ਜਦੋ ਆਮ ਲੋਕ ਘਰ ਤੋ ਬਾਹਰ ਨਿਕਲਣ ਤੋ ਡਰੇ ਹੋਏ ਸਨ।



ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਧੀਆ ਪਰਸ਼ਾਸ਼ਨ ਅਤੇ ਇਸ ਜਿਲ੍ਹੇ ਦੇ ਅਧਿਕ-ਾਰੀਆਂ/ ਕੋਰੋਨਾ ਵਾਰੀਅਰ ਤੇ ਸਮਾਜ ਸੇਵੀ ਸੰਸਥਾਵਾ ਨੇ ਵੀ ਇਸ ਸਮੇਂ ਵਧੀਆ ਉਪਰਾਲੇ ਕੀਤੇ। ਜਿਲ੍ਹਾ ਪ੍ਰਸ਼ਾਸਨ, ਪੁਲਿਸ ਵਿਭਾਗ, ਸਿਹਤ ਵਿਭਾਗ, ਆਂਗਨਵਾੜੀ ਤੇ ਆਸ਼ਾ ਵਰਕਰ ਅਤੇ ਸਭ ਤੋ ਮਹੱਤਵਪੂਰਨ ਕੰਮ ਕਰਨ ਵਾਲੇ ਸਫਾਈ ਕਰਮਚਾਰੀਆਂ ਨੇ ਸ਼ਹਿਰਾ ਅਤੇ ਪਿੰਡਾਂ ਵਿਚ ਬਹੁਤ ਹੀ ਸਿੱਦਤ ਨਾਲ ਕੰਮ ਕਰਕੇ ਕੋਵਿਡ-19 ਉਤੇ ਫਤਿਹ ਦਰਜ ਕਰਨ ਦੀ ਸੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਹੁਣ ਜੀਵਨ ਨੂੰ ਆਮ ਵਰਗਾ ਬਣਾਉਣ ਦਾ ਸਮਾ ਆ ਗਿਆ ਹੈ,ਜਿਸ ਦੇ ਲਈ ਅਸੀ ਪੂਰੀ ਤਰਾਂ ਤਿਆਰ ਹਾਂ। ਇਸ ਮੋਕੇ ਪੰਜਾਬ ਲਾਰਜ ਸਕੇਲ ਇੰਡਸਟਰੀ ਦੇ ਚੇਅਰਮੈਨ ਸ਼੍ਰੀ ਪਵਨ ਦੀਵਾਨ ਨੇ ਕਿਹਾ ਕਿ ਮੋਜੂਦਾ ਹਾਲਾਤ ਵਿਚ ਅਸੀ ਆਪਣੀ ਇੰਡਸਟਰੀ ਨੂੰ ਮੁੜ ਪੈਰਾ ਤੇ ਲਿਆਉਣ ਲਈ ਉਪਰਾਲ ਕਰ ਰਹੇ ਹਾਂ। ਇਸ ਦੇ ਲਈ ਸਨਅਤੀ ਘਰਾਣਿਆ, ਕਾਰਖਾਨੇ ਦਾਰਾਂ, ਫੈਕਟਰੀ ਮਾਲਕਾ, ਛੋਟੇ-ਵੱਡੇ ਉਦਯੋਗ ਮਾਲਕਾ ਨਾਲ ਲਗਾਤਾਰ ਤਾਲਮੇਲ ਕਰਕੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਮੋਕੇ ਡੀ.ਐਸ.ਪੀ ਦਵਿੰਦਰ ਸਿੰਘ, ਸੰਜੇ ਸਾਹਨੀ, ਉਮਾ ਕਾਂਤ ਸ਼ਰਮਾ, ਟੋਨੀ ਸਹਿਗਲ, ਰਾਜੇਸ ਨਾਈਅਰ,ਨਰਿੰਦਰ ਪੁਰੀ ਜਿਲ੍ਹਾ ਪ੍ਰੀਸ਼ਦ ਮੈਬਰ, ਕਮਲਦੇਵ ਜ਼ੋਸੀ, ਵਿਜੇ ਕੋਸ਼ਲ, ਰਾਜ ਕੁਮਾਰ ਰਾਜੂ, ਰਵਿੰਦਰ ਦੀਵਾਨ, ਵਿੱਦਿਆ ਸਾਗਰ, ਸੁਰਿੰਦਰ ਪੱਮਾ, ਦੀਪਕ ਨੰਦਾ, ਤਰਿਤ ਮਲਿਕ, ਅਸ਼ੋਕ ਰਾਣਾ, ਨਰਿੰਦਰ ਪੁਰੀ ਆਦਿ ਹਾਜਰ ਸਨ।

# ਡਾਕਟਰ ਅੰਬੇਡਕਰ ਵੈਟਨਰੀ ਔਫ਼ੀਸਰਸ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਡਾਕਟਰ ਅਵਤਾਰ ਸਿੰਘ ਮਚਾਕੀ ਨੂੰ ਸੂਬਾ ਪ੍ਰਧਾਨ ਚੁਣਿਆ ਗਿਆ

ਮਿਤੀ 15-6-2020 ਨੂੰ ਵੇਬਿਨਾਰ ਜਰੀਏ ਹੋਈ ਹੰਗਾਮੀ ਮੀਟਿੰਗ ਵਿੱਚ ਡਾਕਟਰ ਅਵਤਾਰ ਸਿੰਘ ਮਚਾਕੀ ਨੂੰ ਸਰਬ-ਸੰਮਤੀ ਨਾਲ ਸੂਬਾ ਪ੍ਰਧਾਨ ਚੁਣ ਲਿਆ ਗਿਆ। ਇਸ ਮੀਟਿੰਗ ਵਿੱਚ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਤੋਂ ਵੈਟਨਰੀ ਅਫ਼ਸਰਾਂ ਨੇ ਉਚੇਚੇ ਤੌਰ ਤੇ ਭਾਗ ਲਿਆ। ਇਸ ਮੀਟਿੰਗ ਵਿੱਚ ਜਲੰਧਰ ਤੋਂ ਡਾਕਟਰ ਗੁਰਦੀਪ ਸਿੰਘ ਚੀਫ਼ ਪੈਟਰਨ, ਡਾਕਟਰ ਰਾਮ ਮੂਰਤੀ ਪੈਟਰਨ, ਅੰਮ੍ਰਿਤਸਰ ਤੋਂ ਡਾਕਟਰ ਗੁਰਦੀਪ ਸਿੰਘ ਪੈਟਰਨ, ਡਾਕਟਰ ਰਾਜੀਵ ਭੱਟੀ ਵਾਈਸ ਪ੍ਰਧਾਨ, ਡਾਕਟਰ ਕਮਲਜੀਤ ਸਿੰਘ ਜਨਰਲ ਸਕੱਤਰ ਤੇ ਡਾਕਟਰ ਰੌਸ਼ਨ ਸਿੰਘ ਨੂੰ ਸਰਬਸੰਮਤੀ ਨਾਲ ਕੈਸ਼ੀਅਰ ਚੁਣਿਆ ਗਿਆ। ਮੀਟਿੰਗ ਵਿੱਚ ਮਜ਼ਹਬੀ ਸਿੱਖK ਬਾਲਮੀਕੀ ਸਮਾਜ ਦੇ ਵੈਟਨਰੀ ਅਫ਼ਸਰਾਂ ਦੀ ਭਲਾਈ ਲਈ ਹਰ ਸੰਭਵ ਯਤਨ ਕਰਨ ਦਾ ਪ੍ਰਣ ਕੀਤਾ ਗਿਆ। ਇਸ ਮੀਟਿੰਗ ਨੂੰ ਡਾਕਟਰ ਗੁਰਦੀਪ ਸਿੰਘ ਅੰਮ੍ਰਿਤਸਰ, ਡਾਕਟਰ ਰਾਮ ਮੂਰਤੀ ਜਲੰਧਰ, ਡਾਕਟਰ ਡਾਕਟਰ ਅਵਤਾਰ ਸਿੰਘ ਮਚਾਕੀ ਤੇ ਤਰਨ ਤਾਰਨ ਤੋਂ ਡਾਕਟਰ ਬਲਜੀਤ ਸਿੰਘ ਨੇ ਸੰਬੋਧਨ ਕਰਦਿਆਂ ਆਪਣੇ ਵਿਚਾਰ ਰੱਖੇ। ਡਾਇਰੈਕੋਰੇਟ ਐਨਿਮਲ ਹਸਬੈਂਡਰੀ ਪੰਜਾਬ ਵੱਲੋਂ 4 ਜੂਨ ਨੂੰ ਜਾਰੀ ਕੀਤੀ ਗਈ ਟੈਂਟੇਟਿਵ ਸੀਨੀਆਰਤਾ ਸੂਚੀ ਵਿੱਚ ਤਰੁੱਟੀਆਂ ਤੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਅੰਮ੍ਰਿਤਸਰ ਤੋਂ ਡਾਕਟਰ ਸੰਦੀਪ ਸਿੰਘ, ਡਾਕਟਰ ਭੁਪਿੰਦਰ ਸਿੰਘ, ਡਾਕਟਰ ਕੁਲਜੰਤ ਸਿੰਘ, ਤਰਨ ਤਾਰਨ ਤੋਂ ਡਾਕਟਰ ਹਰਪ੍ਰੀਤ ਸਿੰਘ ਤੇ ਡਾਕਟਰ ਗੁਰਵਿੰਦਰ ਸਿੰਘ, ਬਰਨਾਲਾ ਤੋਂ ਡਾਕਟਰ ਹਰਦਿਲਵਰ ਪ੍ਰੀਤ ਸਿੰਘ, ਆਦਮਪੁਰ ਤੋਂ ਡਾਕਟਰ ਰਵਿੰਦਰ ਕੌਰ, ਫਿਰੋਜ਼ਪੁਰ ਤੋਂ ਡਾਕਟਰ ਗੁਰਵਿੰਦਰ ਸਿੰਘ, ਮੁਕਤਸਰ ਤੋਂ ਡਾਕਟਰ ਕੇਵਲ, ਪਟਿਆਲਾ ਤੋਂ ਡਾਕਟਰ ਗੁਰਦਰਸ਼ਨ ਸਿੰਘ, ਮੋਹਾਲੀ ਤੋਂ ਡਾਕਟਰ ਮਨਵੀਰ ਸਿੰਘ ਗਰਚਾ ਤੇ ਮੋਗਾ ਤੋਂ ਡਾਕਟਰ ਵਿਸ਼ਾਲਦੀਪ ਨੇ ਉਚੇਚੇ ਤੌਰ ਤੇ ਭਾਗ ਲਿਆ।



# ਕੈਦੀਆਂ ਦਾ ਕਮਾਲ: ਕੰਧਾਂ 'ਤੇ ਲਾਏ ਬੂਟੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਔਕਲੈਂਡ ਬੰਦਰਗਾਹ ਜਿੱਥੇ ਵੱਡੇ ਕਰੂਜ਼ ਸ਼ਿੱਪ ਅਤੇ ਹੋਰ ਸਮੁੰਦਰੀ ਜਹਾਜ਼ ਸਮਾਨ ਲੈ ਕੇ ਅੱਪੜਦੇ ਹਨ, ਵਿਖੇ ਇਕ ਬਹੁਤ ਵੱਡੀ ਬਿ-ਲਡਿੰਗ ਉਸਾਰੀ ਜਾ ਰਹੀ ਹੈ, ਜਿਸ ਦੀ ਸੁੰਦਰਤਾ ਦੇ ਵਾਸਤੇ ਦੁਨੀਆ ਦਾ ਪਹਿਲਾ ਕੰਮ ਕੀਤਾ ਜਾ ਰਿਹਾ ਹੈ। ਇਹ ਬਿਲਡਿੰਗ ਇਥੇ ਆਯਾਤ ਹੋ ਕੇ ਆਉਣ ਵਾਲੀਆਂ ਕਾਰਾਂ ਦੇ ਵਾਸਤੇ ਬਣਾਈ ਗਈ ਹੈ। ਇਸਦੀਆਂ ਕੰਧਾਂ ਦੇ ਉਤੇ ਲਟਕਵੇਂ ਬੂਟੇ ਮਾਡਰਨ ਸਿੰਚਾਈ ਦੇ ਤਰੀਕੇ ਨਾਲ ਲਗਾਏ ਜਾ ਰਹੇ ਹਨ। ਇਨ੍ਹਾਂ ਬੂਟਿਆਂ ਨੂੰ ਖਾਸ ਕਿਸਮ ਦੇ ਪਰਦੇ ਉਤੇ ਬਣੀਆਂ ਜੇਬਾਂ ਦੇ ਵਿਚ ਲਗਾਇਆ ਜਾ ਰਿਹਾ ਹੈ ਅਤੇ ਸੈਂਸਰ ਦੇ ਨਾਲ ਇਨ੍ਹਾਂ ਨੂੰ ਆਟੋਮੈਟਿਕ ਪਾਣੀ ਮਿਲਿਆ ਕਰੇਗਾ ਤਾਂ ਕਿ ਇਹ ਹਰੇ-ਭਰੇ ਰਹਿਣ। ਇਹ ਅਜਿਹੇ ਬੂਟੇ ਹਨ ਜਿਨ੍ਹਾਂ ਦੇ ਕੋਲ ਮੱਛਰ ਆਦਿ ਨਹੀਂ ਪਹੁੰਚਦਾ। ਇਹ ਲਟਕਵਾਂ ਬਗੀਚਾ ਪਾਰੀਮੋਰੀਮੋ ਜ਼ੇਲ੍ਹ ਦੇ ਕੈਦੀਆਂ ਵੱਲੋਂ ਬਣਾਇਆ ਗਿਆ ਹੈ। ਜੋ ਵੀ ਡਿਜ਼ਾਈਨ ਦੇ ਵਿਚ ਵਰਤਿਆ ਗਿਆ ਹੈ ਉਹ ਦੁਬਾਰਾ ਵਰਤਿਆ ਜਾ ਸਕਦਾ ਹੈ ਅਤੇ ਰੀਸਾਈਕਲ ਹੋ ਸਕੇਗਾ। ਇਸ ਹੈਂਗਿੰਗ ਗਾਰਡਨ ਦੇ ਵਿਚ 3800 ਬੂਟੇ ਲਾਏ ਜਾਣਗੇ। ਬਾਇਓ ਸਕਿਉਰਿਟੀ ਵੱਲੋਂ ਬੂਟਿਆਂ ਦੀ ਸ਼੍ਰੇਣੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਰੋਜ਼ਾਨਾ 2 ਮਿੰਟ ਵਾਸਤੇ ਇਨ੍ਹਾਂ ਬੂਟਿਆਂ ਨੂੰ ਆਪਣੇ ਆਪ ਪਾਣੀ ਮਿਲੇਗਾ। ਰਾਤ ਨੂੰ ਲਾਈਟਾਂ ਦਾ ਪ੍ਰਬੰਧ ਵੀ ਹੋਵੇਗਾ ਅਤੇ ਲੋਕਾਂ ਨੂੰ ਇਕ ਵੱਖਰਾ ਹੀ ਨਜ਼ਾਰਾ ਵੇਖਣ ਨੂੰ ਮਿਲੇਗਾ। ਇਸ ਬਿਲਡਿੰਗ ਦੇ ਉਤੇ ਕਾਰ ਪਾਰਕ ਵੀ ਬਣਾਈ ਜਾ ਰਹੀ ਹੈ।




## ਲੜਕੀ ਦੀ ਲੋੜ

Boy 30 Years, 5'10", Handsome Punjabi Hindu M.Sc. Plant Biotechnology, Bio-Medical Engineer Born and Educated in USA. Looking for beautiful, well-educated girl.

Please E-mail: cbob255@gmail.com your Bio-Data

Call us at Tel: 1-847-809-5340


# ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਭੋਗਪੁਰ (ਦੋਆਬਾ) ਦਾ ਗਠਨ

**ਭੋਗਪੁਰ/ਸ਼ਾਮਚੁਰਾਸੀ, (ਚੁੰਬਰ) –** ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਦੇ ਸੂਬਾ ਪ੍ਰਧਾਨ ਗਾਇਕ ਹਾਕਮ ਬਖ਼ਤੜੀਵਾਲਾ ਦੇ ਦਿਸ਼ਾ ਨਿਰਦੇਸ਼ ਹੇਠ ਕਲਾਕਾਰਾਂ ਦੀਆਂ ਦਰਪੇਸ਼ ਮੁਸ਼ਕਿਲਾਂ ਨੂੰ ਸਰਕਾਰ ਤੋਂ ਹੱਲ ਕਰਵਾਉਣ ਲਈ ਭੋਗਪੁਰ ਵਿਖੇ ਯੂਨਿਟ ਸਥਾਪਿਤ ਕੀਤਾ ਗਿਆ। ਸੰਗੀਤਕਾਰ ਮੁੱਖਾ ਦੋਰਾਹਾ ਦੇ ਉਪਰਾਲਿਆਂ ਸਦਕਾ ਇਸ ਯੂਨਿਟ ਦੇ ਪ੍ਰਧਾਨ ਤਾਜ ਨਗੀਨਾ, ਉਪ ਪ੍ਰਧਾਨ ਕੁਲਦੀਪ ਚੁੰਬਰ, ਐਸ ਰਿਸ਼ੀ, ਸੀਨੀਅਰ ਮੁੱਖ ਮੈਂਬਰ ਗਾਇਕ ਸੁਰਿੰਦਰ ਲਾਡੀ ਅਤੇ ਰਾਏ ਜੁਝਾਰ, ਜਨਰਲ ਸੈਕਟਰੀ ਸੁੱਖ ਨੰਦਾਚੌਰੀਆ, ਖਜ਼ਾਨਚੀ ਚਰਨਜੀਤ ਚੰਨੀ, ਸਰਪ੍ਰਸਤ ਸਰਬਜੀਤ ਫੁੱਲ, ਚੇਅਰਮੈਨ ਕੁਲਵਿੰਦਰ ਕਿੰਦਾ, ਵਾਈਸ ਚੇਅਰਮੈਨ ਦਲਵੀਰ ਸ਼ੌਂਕੀ, ਮੁੱਖ ਸਲਾਹਕਾਰ ਗੁਰਪ੍ਰੀਤ ਗੋਰਾ, ਕੁਮਾਰ ਰਾਜਨ, ਪ੍ਰੈਸ ਸਕੱਤਰ ਨਿਸ਼ਾਨ ਬਹਿਰਾਮੀਆ, ਬਲਦੇਵ ਰਾਹੀ, ਉਪ ਸਕੱਤਰ ਦਲਜੀਤ ਬੱਗਾ, ਸਲਾਹਕਾਰ ਹਰੀ ਮੋਹਨ ਲੜੋਈ, ਮਿੰਟੂ ਕਾਲੂਵਾਹਰੀਆ, ਗਾਇਕਾ ਬਲਜਿੰਦਰ ਜੋਤੀ ਅਤੇ ਜਸਪਾਲ ਪਿੰਕਾ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਇਲਾਕੇ ਦੀਆਂ ਅਨੇਕਾਂ ਹੀ ਕਲਾ ਹਸਤੀਆਂ ਨੂੰ ਇਸ ਯੂਨਿਟ ਵਿਚ ਬਤੌਰ ਏ ਮੈਂਬਰ ਨਾਮਜਦ ਕਰਕੇ ਲਾਮਬੰਦ ਕੀਤਾ ਗਿਆ।




## ਲੜਕੀ ਦੀ ਲੋੜ

ਕਮਲ ਬਾਬਰ, ਜਨਮ 1989 (ਜਲੰਧਰ), ਕੱਦ 5 ਫੁੱਟ 8 ਇੰਚ, ਜਾਤੀ ਬਾਬਰ, ਗੋਤਰ ਖੋਸਲ, ਬੀ਼ ਏ਼ ਪਾਸ ਬਿਜਨਸਮੈਨ, ਕੁਆਰੇ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕਾ ਮੰਗਲੀਕ ਹੈ, ਜੋ ਕਿ ਸੱਤਕਰਤਾਰ ਐਨਕਲੇਵ ਜਲੰਧਰ ਵਿਖੇ ਰਹਿੰਦਾ ਹੈ। ਪਿਤਾ ਦਾ ਨਾਂ ਅਸ਼ਵਨੀ ਬਾਬਰ (ਬਿਜਨਸਮੈਨ), ਮਾਤਾ ਘਰੇਲੂ ਔਰਤ। ਲੜਕੇ ਦਾ ਇਕ ਭਰਾ ਅਮਰੀਕਾ ਵਿਚ ਸੈਟਲ ਹੈ ਅਤੇ ਦੋ ਭੈਣਾਂ ਵਿਆਹੀਆਂ ਹੋਈਆਂ ਹਨ। ਪਰਿਵਾਰ ਮਾਡਰਨ ਅਤੇ ਵੈਜੀਟੇਰੀਅਨ ਹੈ। ਅਮਰੀਕਾ ਵਿਚ ਸੈਟਲ ਲੜਕੀ ਨੂੰ ਤਰਜੀਹ।

ਸੰਪਰਕ ਕਰੋ: 1-718-709-1908




ਮਲ ਚੌਕ ਨਾਗਪੁਰ ਵਿਖੇ ਚੋਣ ਸਭਾ ਨੂੰ ਸੰਬੋਧਨ ਕਰਦਿਆਂ ਮਾਨਯੋਗ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਮੰਚ ਤੇ ਸਸ਼ੋਭਤ ਸ੍ਰੀ ਕ੍ਰਿਸ਼ਨਾ ਉਬਾਲੇ ਪਰਧਾਨ ਮਹਾਂਰਾਸ਼ਟਰ, ਮਾਨਯੋਗ ਹਰਭਜਨ ਲਾਖਾ ਮੈਂਬਰ ਲੋਕ ਸਭਾ ਜਨਰਲ ਸਕੱਤਰ ਬਸਪਾ ਪੰਜਾਬ, ਸ: ਲਾਲ ਸਿੰਘ ਸੁਲਹਾਣੀ ਉਪ ਪਰਧਾਨ ਬਸਪਾ ਪੰਜਾਬ ਤੇ ਸ: ਅਵਤਾਰ ਸਿੰਘ ਕਰੀਮਪੁਰੀ ਵਿਧਾਇਕ ਬਸਪਾ ਪੰਜਾਬ।

# ਬੋਧਾਚਾਰਿਯਾ ਸ਼ਾਂਤੀ ਸਵਰੂਪ ਬੋਧ ਦਾ ਦੇਹਾਂਤ ਕਦੇ ਨਾ ਪੂਰਾ ਹੋਣ ਵਾਲਾ ਘਾਟਾ

**ਜਲੰਧਰ-** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਦੇ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇੱਕ ਪ੍ਰੈਸ ਬਿਆਨ ਵਿਚ ਕਿਹਾ ਕਿ ਬੋਧਾਚਾਰਿਯਾ ਸ਼ਾਂਤੀ ਸਵਰੂਪ ਬੋਧ ਦਾ ਦਿੱਲੀ ਵਿਖੇ ਅਚਾਨਕ ਦੇਹਾਂਤ ਹੋ ਗਿਆ. ਉਹ ਸਮਿਅਕ ਪ੍ਰਕਾਸ਼ਨ ਦੇ ਸੰਸਥਾਪਕ ਅਤੇ ਉਚ ਪੱਧਰੀ ਬੋਧੀ ਵਿਦਵਾਨ ਸਨ . ਪੰਜਾਬ ਵਿਚ ਬੁੱਧ ਧੱਮ ਦੀ ਲਹਿਰ ਦੀ ਸ਼ੁਰੂਆਤ ਕਰਨ ਵਿਚ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਣ ਹੈ. ਸ਼ਾਂਤੀ ਸਵਰੂਪ ਬੋਧ ਨੂੰ ਬੁੱਧ ਧੱਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਾ ਸਿਰਫ ਪੰਜਾਬ ਵਿਚ, ਬਲਕਿ ਪੂਰੇ ਦੇਸ਼ ਅਤੇ ਵਿਸ਼ਵ ਵਿਚ ਜਾਣਿਆ ਜਾਂਦਾ ਹੈ. ਉਨ੍ਹਾਂ ਦੇ ਇਸ



ਸੰਸਾਰ 'ਚੋਂ ਜਾਣ ਨਾਲ ਅੰਬੇਡਕਰ ਮਿਸ਼ਨ ਅਤੇ ਸਮੁੱਚੇ ਬੋਧ ਜਗਤ ਨੂੰ ਧੱਕਾ ਲੱਗਿਆ ਹੈ । ਜਸਵਿੰਦਰ ਵਰਿਆਣਾ ਨੇ ਕਿਹਾ ਕਿ ਦਲ ਦੇ ਸਮੂਹ ਸੈਨਿਕਾਂ ਅਤੇ ਪੰਜਾਬ ਵਿਚ ਕੰਮ ਕਰ ਰਹੀਆਂ ਸਾਰੀਆਂ ਅੰਬੇਡਕਰਵਾਦੀ ਅਤੇ ਬੋਧੀ ਸੰਸਥਾਵਾਂ ਨੇ ਸਤਿਕਾਰਯੋਗ ਸ਼ਾਂਤੀ ਸਵਰੂਪ ਬੋਧ ਦੇ ਦੇਹਾਂਤ ਦਾ ਬਹੁਤ ਦੁੱਖ ਮਨਾਇਆ ਹੈ ਅਤੇ ਉਨ੍ਹਾਂ ਦਾ ਦੇਹਾਂਤ ਸਮਾਜ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਕਿਉਂਕਿ ਉਸਨੇ ਅੰਬੇਡਕਰ ਮਿਸ਼ਨ ਅਤੇ ਬੁੱਧ ਧੱਮ ਵਿੱਚ ਇਮਾਨਦਾਰੀ ਨਾਲ ਸੇਵਾ ਕੀਤੀ ਹੈ. ਇਸ ਮੌਕੇ ਵਰਿੰਦਰ ਕੁਮਾਰ, ਐਡਵੋਕੇਟ ਕੁਲਦੀਪ ਭੱਟੀ, ਬਲਦੇਵ ਰਾਜ ਭਾਰਦਵਾਜ ਅਤੇ ਸ਼ੁਭਮ ਹਾਜਰ ਸਨ.

# ਪੰਚਾਇਤਾਂ ਖੇਤ ਮਜ਼ਦੂਰਾਂ ਵਿਰੁੱਧ ਗੈਰਕਾਨੂੰਨੀ ਮਤੇ ਪਾਸ ਕਰਨੇ ਬੰਦ ਕਰਨ - ਸਮਤਾ ਸੈਨਿਕ ਦਲ

**ਜਲੰਧਰ-** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇੱਕ ਪ੍ਰੈਸ ਬਿਆਨ 'ਚ ਕਿਹਾ ਕਿ ਕਰੋਨਾ ਮਹਾਮਾਰੀ ਕਾਰਨ ਸਾਰੀ ਦੁਨੀਆਂ ਵਿਚ ਲੋਕਾਂ ਦਾ ਜੀਵਨ ਅਸਤ ਵਿਅਸਤ ਹੋ ਗਿਆ ਹੈ. ਇਸ ਦੀ ਮਾਰ ਖਾਸ ਕਰਕੇ ਮਜ਼ਦੂਰ ਵਰਗ ਨੂੰ ਪਈ ਹੈ. ਦੇਸ਼ ਦੇ ਕਈ ਪ੍ਰਾਂਤਾਂ ਵਿਚ ਸਰਕਾਰਾਂ ਦੁਆਰਾ ਮਜ਼ਦੂਰਾਂ ਦੇ ਹੱਕਾਂ ਵਿਚ ਕਾਨੂੰਨ ਤਬਦੀਲੀ ਕਰਕੇ ਖੋਹ ਲਏ ਗਏ ਹਨ. ਮਾਲੀ ਨੁਕਸਾਨ ਦੇ ਨਾਲ ਨਾਲ ਬਹੁਤ ਸਾਰੇ ਪਰਵਾਸੀ ਮਜ਼ਦੂਰਾਂ ਦੀਆਂ ਆਪਣੇ ਜੱਦੀ ਪਿੰਡਾਂ ਅਤੇ ਸ਼ਹਿਰਾਂ ਨੂੰ ਵਾਪਸ ਪਰਤਣ ਵੇਲੇ ਜਾਨਾਂ ਤਕ ਚਲੀਆਂ ਗਈਆਂ. ਪਰਵਾਸ ਕਾਰਨ ਪੰਜਾਬ ਵਿਚ ਮਜ਼ਦੂਰਾਂ ਦੀ ਘਾਟ ਆਈ ਹੈ।

ਵਰਿਆਣਾ ਨੇ ਕਿਹਾ ਕਿ ਪੰਜਾਬ ਦੇ ਮਾਲਵੇ ਖੇਤਰ ਵਿਚ ਦੇਖਣ 'ਚ ਆਇਆ ਹੈ ਕਿ ਪਿੰਡਾਂ ਦੀਆਂ ਪੰਚਾਇਤਾਂ ਨੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਸੁਚੱਜੇ ਅਤੇ ਕਾਨੂੰਨੀ ਢੰਗ ਨਾਲ ਨਜਿੱਠਣ ਦੀ ਬਜਾਏ ਤਾਨਾਸ਼ਾਹੀ ਰਵਈਆ ਅਖਤਿਆਰ ਕੀਤਾ ਹੈ. ਪੰਚਾਇਤਾਂ ਦੇ ਹੁਕਮਾਂ ਅਨੁਸਾਰ ਪਿੰਡਾਂ ਵਿਚ ਰਹਿੰਦੇ ਦਲਿਤ ਮਜ਼ਦੂਰਾਂ ਨੂੰ ਪਿੰਡ ਦੇ ਜਿਮੀਂਦਾਰਾਂ



ਦੇ ਖੇਤਾਂ ਵਿਚ ਹੀ ਕੰਮ ਕਰਨਾ ਪਵੇਗਾ ਅਤੇ ਵੇਤਨ ਵੀ ਪੰਚਾਇਤ ਦੇ ਆਦੇਸ਼ਾਂ ਅਨੁਸਾਰ ਹੀ ਲੈਣਾ ਪਵੇਗਾ. ਪੰਚਾਇਤਾਂ ਗੈਰਕਾਨੂੰਨੀ ਮਤੇ ਪਾਸ ਕਰਕੇ ਦਲਿਤ ਮਜ਼ਦੂਰਾਂ ਦਾ ਬਾਈਕਾਟ ਕਰ ਰਹੀਆਂ ਹਨ. ਇਸ ਤੋਂ ਵੀ ਵੱਧ ਅਫਸੋਸ ਦੀ ਗੱਲ ਇਹ ਹੈ ਕਿ ਪੰਚਾਇਤ ਦੇ ਆਦੇਸ਼ਾਂ ਅਤੇ ਦਲਿਤ ਮਜ਼ਦੂਰਾਂ ਦੇ ਬਾਈਕਾਟ ਦੀ ਘੋਸ਼ਣਾ ਵੀ ਗੁਰੂਘਰਾਂ 'ਚੋਂ ਲਾਊਡਸਪੀਕਰਾਂ ਰਾਹੀਂ ਕੀਤੀ ਜਾਂਦੀ ਹੈ. ਵਰਿਆਣਾ ਨੇ ਅੱਗੇ ਕਿਹਾ ਕਿ ਆਲ ਇੰਡੀਆ ਸਮਤਾ ਸੈਨਿਕ ਦਲ ਇਸਦੀ ਘੋਰ ਨਿੰਦਾ ਕਰਦਾ ਹੈ ਅਤੇ ਸਰਕਾਰ ਤੋਂ ਮੰਗ ਕਰਦਾ ਹੈ ਕਿ ਇਸ ਮਾਮਲੇ ਵਿਚ ਜਲਦ ਤੋਂ ਜਲਦ ਦਖਲ ਦੇ ਕੇ ਮਜ਼ਦੂਰਾਂ ਦੀ ਸਮਸਿਆ ਦਾ ਸਮਾਧਾਨ ਕੀਤਾ ਜਾਵੇ ਅਤੇ ਗੈਰਕਾਨੂੰਨੀ ਫੈਸਲੇ ਲੈਣ ਵਾਲੀਆਂ ਪੰਚਾਇਤਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਹੀ ਕੀਤੀ ਜਾਵੇ. ਇਸ ਸੰਬੰਧ ਵਿਚ ਸਮਤਾ ਸੈਨਿਕ ਦਲ ਵਲੋਂ ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਈ-ਮੇਲ ਭੇਜ ਕੇ ਗਰੀਬ ਮਜ਼ਦੂਰਾਂ ਦੀ ਸਮਸਿਆ ਦਾ ਜਲਦੀ ਤੋਂ ਜਲਦੀ ਹੱਲ ਕਰਨ ਦੀ ਬੇਨਤੀ ਕੀਤੀ ਗਈ ਹੈ.



ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ, ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ, ਜਿੱਥੇ ਵਾਲ ਤਰਸਦੇ ਕੰਘੀਆਂ ਨੂੰ, ਅੱਖਾਂ ਸੁੰਨੀਆਂ ਤੇ ਦੰਦ ਕਰੇੜੇ, ਤੂੰ ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ ॥

**(ਸੰਤ ਰਾਮ ਉਦਾਸੀ ਦੀ ਰਚਨਾ ਵਿੱਚੋਂ ਸਤਿਕਾਰ ਸਾਹਿਤ)**

# ਚੀਨ ਦੇ ਹਮਲਿਆਂ ਦਾ ਦਿੱਤਾ ਜਾਵੇ ਕਰਾਰਾ ਜਵਾਬ- ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ-** ਲੱਦਾਖ ਦੀ ਗਲਵਾਨ ਘਾਟੀ ਵਿਚ ਚੀਨ ਨਾਲ ਹਿੰਸਕ ਝੜਪ ਦੌਰਾਨ ਭਾਰਤੀ ਫ਼ੌਜੀਆਂ ਦੇ ਮਾਰੇ ਜਾਣ 'ਤੇ ਡੂੰਘਾ ਦੁੱਖ ਅਤੇ ਗੁੱਸਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਸਰਕਾਰ ਨੂੰ ਇਸ ਹਮਲੇ ਦਾ ਕਰਾਰ ਜਵਾਬ ਦੇਣ ਦੀ ਅਪੀਲ ਕੀਤੀ ਹੈ। ਕੈਪਟਨ ਨੇ ਕਿਹਾ 'ਸਾਡੇ ਫ਼ੌਜੀ ਕੋਈ ਖੇਡ ਨਹੀਂ ਕਿ ਸਾਡੀਆਂ ਸਰਹੱਦਾਂ ਦੀ ਰਾਖੀ ਕਰਦੇ ਅਫਸਰਾਂ ਤੇ ਜਵਾਨਾਂ ਨੂੰ ਹਰ ਥੋੜੇ ਦਿਨਾਂ ਬਾਅਦ ਮਾਰ ਜਾਂ ਜ਼ਖ਼ਮੀ ਕਰ ਦਿੱਤਾ ਜਾਵੇ।'

ਉਨ੍ਹਾਂ ਕਿਹਾ ਕਿ ਇਹ ਕਾਰਾ ਉਸ ਵੇਲੇ ਕੀਤਾ ਗਿਆ ਜਦੋਂ ਦੋਵੇਂ ਪਾਸਿਆਂ ਤੋਂ ਫ਼ੌਜਾਂ ਕਈ ਦਿਨਾਂ ਦੇ ਤਣਾਅ ਦੀ ਸਥਿਤੀ 'ਚ ਨਿਕਲਣ ਦੀ ਪ੍ਰਕਿਰਿਆ ਵਿਚ ਸਨ। ਮੁੱਖ ਮੰਤਰੀ ਨੇ ਕਿਹਾ, 'ਹੁਣ ਵੇਲਾ ਆ ਗਿਆ ਹੈ ਕਿ ਭਾਰਤ ਗੁਆਂਢੀ ਮੁਲਕ ਵੱਲੋਂ ਵਾਰ-ਵਾਰ ਕੀਤੇ ਜਾ ਰਹੇ ਹਮਲਿਆਂ ਦਾ ਜਵਾਬ ਦੇਵੇ।' ਉਨ੍ਹਾਂ ਕਿਹਾ ਕਿ ਭਾਰਤ ਵਾਲੇ ਪਾਸਿਓਂ ਕਿਸੇ ਵੀ ਕਿਸਮ ਦੀ ਕਮਜ਼ੋਰੀ ਦੇ ਸੰਕੇਤ ਨਾਲ ਚੀਨ ਦੀ ਪ੍ਰਕਿਰਿਆ ਹੋਰ ਹਿੰਸਕ ਹੋ ਜਾਂਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਫ਼ੌਜ ਦੇ ਕਮਾਂਡਿੰਗ ਅਫਸਰ ਅਤੇ ਦੋ ਫ਼ੌਜੀਆਂ ਨੂੰ ਬੁਰੀ ਤਰ੍ਹਾਂ ਕੁੱਟ ਕੇ ਮਾਰਨ ਤੋਂ ਬਾਅਦ ਵੀ ਚੀਨ ਬੇਕਸੂਰ ਹੋਣ ਦਾ ਬਹਾਨਾ ਬਣਾ ਰਿਹਾ ਹੈ ਅਤੇ ਸਾਰਾ ਕਸੂਰ ਭਾਰਤ ਸਿਰ ਮੜ੍ਹਨ ਦਾ ਯਤਨ ਕਰ ਰਿਹਾ ਹੈ।

ਕੈਪਟਨ ਨੇ



ਕਿਹਾ ਕਿ ਚੀਨ ਦੀਆਂ ਗਤੀਵਿਧੀਆਂ ਦੋਵਾਂ ਮੁਲਕਾਂ ਦਰਮਿਆਨ ਹੋਈਆਂ ਸੰਧੀਆਂ ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੇ ਹਮਲਿਆਂ ਨੂੰ ਹਲਕੇ ਵਿਚ ਨਾ ਲਿਆ ਜਾਵੇ, ਚੀਨ ਨੂੰ ਸਖ਼ਤ ਸੁਨੇਹਾ ਦੇਣ ਵਾਸਤੇ ਢੁੱਕਵੇਂ ਕਦਮ ਚੁੱਕੇ ਜਾਣ।

ਹਾਲ ਹੀ ਦੇ ਹਫਤਿਆਂ ਵਿਚ ਭਾਰਤ-ਪਾਕਿਸਤਾਨ ਅਤੇ ਭਾਰਤ-ਨੇਪਾਲ ਸਰਹੱਦਾਂ 'ਤੇ ਵਧੇ ਤਣਾਅ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੁਲਕ ਸਪੱਸ਼ਟ ਰੂਪ ਵਿਚ ਅਜਿਹੀਆਂ ਤਾਕਤਾਂ ਨਾਲ ਘਿਰਿਆ ਹੈ, ਜੋ ਕੋਵਿਡ ਸੰਕਟ ਦਾ ਲਾਹਾ ਲੈ ਕੇ ਭਾਰਤ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਤਾਕ ਵਿਚ ਹਨ। ਇਨ੍ਹਾਂ ਬਾਹਰੀ ਤਾਕਤਾਂ ਨੂੰ ਚਿਤਾਵਨੀ ਦੇਣ ਦੀ ਲੋੜ ਹੈ ਕਿ ਭਾਰਤ ਕਿਸੇ ਵੀ ਕੀਮਤ 'ਤੇ ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਨਹੀਂ ਕਰੇਗਾ।

ਭਾਵੇਂ ਭਾਰਤ ਅੰਦਰੂਨੀ ਪੱਧਰ 'ਤੇ ਮਹਾਮਾਰੀ ਨਾਲ ਲੜ ਰਿਹਾ ਹੈ ਪਰ ਇਹ ਬਾਹਰੀ ਵੰਗਾਰਾਂ ਨਾਲ ਲੜਨ ਦੇ ਪੂਰੀ ਤਰ੍ਹਾਂ ਕਾਬਿਲ ਹੈ। ਗਲਵਾਨ ਘਾਟੀ ਹਿੰਸਾ ਵਿਚ ਜਾਨਾਂ ਗਵਾਉਣ ਵਾਲੇ ਫ਼ੌਜੀਆਂ ਨੂੰ ਸ਼ਰਧਾਂਜਲੀ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੂਰਾ ਦੇਸ਼ ਇਸ ਦੁੱਖ ਦੀ ਘੜੀ ਵਿਚ ਭਾਰਤੀ ਫ਼ੌਜ ਦੇ ਨਾਲ ਖੜ੍ਹਿਆ ਹੈ।

# ਕਿਉ ਤਣਾਅ ਦਾ ਸ਼ਿਕਾਰ ਹੈ ਨੌਜਵਾਨ ਪੀੜ੍ਹੀ?

**(ਸਫਾ 6 ਦੀ ਬਾਕੀ)**

ਆਪਣੀਆਂ ਚਿੰਤਾਵਾਂ ਤੇ ਡਰ ਕਿਸੇ ਨੂੰ ਦੱਸਣ ਤੋਂ ਅਸਮਰੱਥ ਮਹਿਸੂਸ ਕਰਦੇ ਹਨ। ਪਰਿਵਾਰ ਤੇ ਦੋਸਤਾਂ ਨਾਲ ਸਮਾਂ ਬਿਤਾਉਣਾ ਭਾਵਨਾਤਮਕ ਤੇ ਸਮਾਜਿਕ ਸਹਾਇਤਾ ਪ੍ਰਦਾਨ ਕਰਦਾ ਹੈ ਤੇ ਜੀਵਨ ਵਿਚ ਸਹਿਜਤਾ ਲੈ ਕੇ ਆਉਂਦਾ ਹੈ ਪਰ ਜਦੋਂ ਅਸਲੀ ਮੇਲ-ਮਿਲਾਪ ਤੇ ਗੱਲਬਾਤ ਦੀ ਜਗ੍ਹਾ ਸੋਸ਼ਲ ਸਾਈਟਸ 'ਤੇ ਹੋਣ ਵਾਲੀ ਗੱਲਬਾਤ ਲੈ ਲੈਂਦੀ ਹੈ ਤਾਂ ਨੌਜਵਾਨ ਆਪਣੇ ਆਪ ਨੂੰ ਅਸਲੀ ਸੰਸਾਰ ਵਿਚ ਅਲੱਗ- ਥਲੱਗ ਮਹਿਸੂਸ ਕਰਦੇ ਹਨ ਤੇ ਉਸ ਸਮੇਂ ਉਨ੍ਹਾਂ ਨੂੰ ਜੋ ਮਾਨਸਿਕ ਤੇ ਭਾਵਨਾਤਮਕ ਸਹਾਇਤਾ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ, ਉਹ ਉਸ ਨੂੰ ਮੰਗਣ ਤੇ ਪ੍ਰਗਟਾਉਣ ਵਿਚ ਅਸਮਰੱਥ ਮਹਿਸੂਸ ਕਰਦੇ ਹਨ।

ਵਿਸ਼ਵ ਸਿਹਤ ਸੰਗਠਨ ਅਨੁਸਾਰ, ਭਾਰਤ ਆਪਣੇ ਪਹਿਲਾਂ ਤੋਂ ਹੀ ਬਹੁਤ ਛੋਟੇ ਸਿਹਤ ਬਜਟ ਦਾ ਸਿਰਫ 0.06 ਫ਼ੀਸਦੀ ਮਾਨਸਿਕ ਸਿਹਤ ਉਪਰ ਖ਼ਰਚਦਾ ਹੈ। ਭਾਰਤ ਵਿਚ 13 ਹਜ਼ਾਰ ਤੋਂ ਜ਼ਿਆਦਾ ਮਾਨਸਿਕ ਰੋਗੀਆਂ ਲਈ ਇਕ ਮਨੋ-ਚਿਕਿਤਸਕ ਮੁਹੱਈਆ ਹੈ। ਇਸ ਦੀ ਤੁਲਨਾ ਵਿਚ ਇੰਗਲੈਂਡ ਵਿਚ ਓਨੀ ਹੀ ਜਨਸੰਖਿਆ ਲਈ 59 ਮਨੋਵਿਗਿਆਨੀ ਹਨ। ਭਾਰਤ ਨੂੰ ਬੁਨਿਆਦੀ ਢਾਂਚਾ ਬਣਾਉਣ ਵਿਚ ਨਿਵੇਸ਼ ਕਰਨ ਦੀ ਜ਼ਰੂਰਤ ਹੈ ਜਿਵੇਂ ਕਿ ਮਾਨਸਿਕ ਰੋਗਾਂ ਦੇ ਮਾਹਿਰ ਵਧੇਰੇ ਡਾਕਟਰ, ਹੋਰ ਹਸਪਤਾਲ, ਮਾਨਸਿਕ ਰੋਗਾਂ ਪ੍ਰਤੀ ਜਾਗਰੂਕਤਾ ਪ੍ਰੋਗਰਾਮ। ਇਹ ਸਭ ਮਾਨਸਿਕ ਬਿਮਾਰੀਆਂ ਦਾ ਇਲਾਜ ਕਰਨ ਲਈ ਲਾਹੇਵੰਦ ਸਾਬਿਤ ਹੋਣਗੇ।ਪਰ ਅਜਿਹੇ ਵਿਕਾਸ ਦੇ ਪ੍ਰਭਾਵ ਨੂੰ ਦੇਖਣ ਲਈ ਖ਼ਾਸ ਕਰਕੇ ਜਦੋਂ ਇਸ ਵਿਚ ਹੁਨਰਮੰਦ ਮਨੁੱਖੀ ਵਸੀਲਿਆਂ ਦੀ ਗਿਣਤੀ ਵਿਚ ਵਾਧਾ ਸ਼ਾਮਲ ਹੁੰਦਾ ਹੈ, ਲੰਬਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ।

ਅਸੀ ਭਾਰਤੀ ਇਸ ਗੱਲ ਨੂੰ ਲੈ ਕੇ ਬਹੁਤ ਚਿੰਤਤ ਰਹਿੰਦੇ ਹਾਂ ਕਿ ਦੂਜੇ ਸਾਡੇ ਬਾਰੇ ਕੀ ਸੋਚਦੇ ਹਨ, ਇਸ ਸੋਚ ਨੂੰ ਬਦਲਣ ਦੀ ਲੋੜ ਹੈ। ਸਾਨੂੰ ਇਕ ਦੂਜੇ ਦੇ ਵਿਚਾਰਾਂ ਅਤੇ ਮੁੱਦਿਆਂ ਦਾ ਆਦਰ ਕਰਨਾ ਚਾਹੀਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀ ਨੌਜਵਾਨਾਂ ਵਿਚਲੇ ਮਾਨਸਿਕ ਵਿਗਾੜ ਨੂੰ ਇਕ ਸਧਾਰਨ ਵਰਤਾਰੇ ਵਜੋਂ ਸਵੀਕਾਰ ਕਰਨਾ ਬੰਦ ਕਰ ਦੇਈਏ ਤੇ ਅਸਲ ਵਿਚ ਆਪਣੇ ਨੌਜਵਾਨਾਂ ਨੂੰ ਇਸ 'ਚੋਂ ਬਾਹਰ ਕੱਢਣ ਲਈ ਇਸ ਬਾਰੇ ਉਪਰਾਲੇ ਕਰਨੇ ਸ਼ੁਰੂ ਕਰੀਏ। ਸਾਨੂੰ ਡਿਪਰੈਸ਼ਨ 'ਤੇ ਦੇਸ਼ ਪੱਧਰ ਦੀ ਉਸਾਰੂ ਚਰਚਾ ਸ਼ੁਰੂ ਕਰਨ ਦੀ ਜ਼ਰੂਰਤ ਹੈ। ਇਸ ਦੀ ਪਹਿਲਕਦਮੀ ਕਰਦਿਆਂ ਬਾਲੀਵੁੱਡ ਅਦਾਕਾਰਾ ਦੀਪਿਕਾ ਪਾਦੁਕੋਣ ਤੇ ਕਰਨ ਜੌਹਰ ਨੇ ਸ਼ੁਰੂਆਤ ਕੀਤੀ ਹੈ ਪਰ ਸਾਨੂੰ ਬਹੁਤ ਜ਼ਿਆਦਾ ਲੋਕਾਂ ਨੂੰ ਗੱਲਬਾਤ ਵਿਚ ਸ਼ਾਮਲ ਕਰਨ ਦੀ ਲੋੜ ਹੈ। ਸਾਨੂੰ ਸਮਾਜ ਦੇ ਹਰ ਪੱਧਰ 'ਤੇ ਤਣਾਅ ਤੋਂ ਦੂਰ ਰਹਿਣ, ਤਣਾਅ ਨਾਲ ਲੜਨ ਦੀ ਸ਼ਕਤੀ, ਭਾਵਨਾਵਾਂ ਨੂੰ ਜ਼ਾਹਿਰ ਕਰਨ ਸਬੰਧੀ ਜਾਗਰੂਕਤਾ ਮੁਹਿੰਮ ਚਲਾਉਣੀ ਪਵੇਗੀ।

ਆਓ ਆਪਾਂ ਸਭ ਮਿਲ ਕੇ ਇਸ ਦਾ ਸਾਹਮਣਾ ਕਰੀਏ, ਡਿਪਰੈਸ਼ਨ ਖ਼ੁਦ ਦੇ ਕਾਰਨ ਨਹੀਂ ਹੁੰਦਾ ਤੇ ਨਾ ਹੀ ਡਿਪਰੈਸ਼ਨ ਤੋਂ ਪੀੜਤ ਵਿਅਕਤੀ ਆਪਣੇ ਪਿਆਰਿਆਂ ਦੀ ਸਹਾਇਤਾ ਤੋਂ ਬਿਨਾਂ ਇਸ ਨੂੰ ਖ਼ਤਮ ਕਰ ਸਕਦਾ ਹੈ। ਬਹੁਤ ਹੱਦ ਤਕ ਉਦਾਸੀ ਦਾ ਕਾਰਨ ਪਿਆਰ ਤੇ ਧਿਆਨ ਦੀ ਘਾਟ ਹੁੰਦਾ ਹੈ। ਇਸ ਲਈ ਯਕੀਨੀ ਬਣਾਓ ਕਿ ਤੁਸੀਂ ਜਦੋਂ ਵੀ ਆਪਣੇ ਬੱਚਿਆਂ ਜਾਂ ਦੋਸਤਾਂ ਵਿਚ ਮਾਨਸਿਕ ਬਿਮਾਰੀ ਨਾਲ ਸਬੰਧਤ ਕੋਈ ਲੱਛਣ ਵਿਕਸਿਤ ਹੁੰਦਾ ਦੇਖਦੇ ਹੋ ਤਾਂ ਤੁਸੀਂ ਉਨ੍ਹਾਂ ਦੀ ਮਦਦ ਲਈ ਉਥੇ ਹਾਜ਼ਰ ਹੋਵੋ। ਤੁਹਾਡੀ ਸਹਾਇਤਾ ਤੇ ਦਿਆਲਤਾ ਪੀੜਤ ਲੋਕਾਂ ਦੀ ਮਦਦ ਕਰ ਸਕਦੀ ਹੈ। ਆਪਣੇ ਆਪ ਨੂੰ ਨਾ ਸਮਝੇ ਜਾਣ ਦੇ ਡਰ ਕਾਰਨ ਉਹ ਚੁੱਪ ਰਹਿੰਦੇ ਹਨ ਤੇ ਕਈ ਸਾਲ ਦੁੱਖ ਭੋਗਦੇ ਹਨ ਤੇ ਕੁਝ ਮਾਮਲਿਆਂ 'ਚ ਗੱਲ ਖ਼ੁਦਕੁਸ਼ੀ ਤਕ ਪਹੁੰਚ ਜਾਂਦੀ ਹੈ। ਉਨ੍ਹਾਂ ਨੂੰ ਸਿਰਫ਼ ਲੋਕਾਂ ਵੱਲੋਂ ਸਵੀਕਾਰੇ ਜਾਣ ਤੇ ਉਨ੍ਹਾਂ ਦੀ ਗੱਲ ਸੁਣਨ ਦੀ ਲੋੜ ਹੈ। ਤੁਹਾਨੂੰ ਆਪਣੇ ਪਰਿਵਾਰ ਦੇ ਮੈਂਬਰਾਂ 'ਚ ਸਹੀ ਕਦਰਾਂ- ਕੀਮਤਾਂ ਪੈਦਾ ਕਰਨੀਆਂ ਚਾਹੀਦੀਆਂ ਹਨ ਅਤੇ ਖੁੱਲ੍ਹਾ ਸੰਚਾਰ ਹੋਣਾ ਚਾਹੀਦਾ ਹੈ। ਸ਼ੁਰੂਆਤੀ ਇਲਾਜ ਸ਼ੁਰੂ ਕਰਨ ਲਈ ਲੋਕਾਂ 'ਚ ਜਾਗਰੂਕਤਾ ਫੈਲਾਉਣ ਦੀ ਜ਼ਰੂਰਤ ਹੈ। ਹੁਣ ਇਸ ਸਮੱਸਿਆ ਦੇ ਹੱਲ ਲਈ ਸਿਰਫ਼ ਮਾਨਸਿਕ ਰੋਗ ਦੇ ਮਾਹਿਰਾਂ ਜਾਂ ਸਰਕਾਰਾਂ ਦੇ ਮੂੰਹ ਵੱਲ ਹੀ ਨਹੀਂ ਦੇਖਣਾ ਚਾਹੀਦਾ ਸਗੋਂ ਸਾਨੂੰ ਸਭ ਨੂੰ ਮਾਨਸਿਕ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਸਾਡੇ ਦੇਸ਼ ਦੇ ਭਵਿੱਖ ਨੂੰ ਤਣਾਅ ਵਿਚਲੀ ਦਲਦਲ 'ਚੋਂ ਧਸਣ ਤੋਂ ਬਚਾ ਸਕੀਏ।

# ਇੱਕੋ ਸਮੇਂ ਤਿੰਨ ਮੁਲਕਾਂ ਨਾਲ ਸਰਹੱਦ 'ਤੇ ਟਕਰਾਅ

**(ਸਫਾ 1 ਦੀ ਬਾਕੀ)**

ਰਾਈਫਲਜ਼ ਦੇ ਚਾਰ ਜਵਾਨ ਸ਼ਹੀਦ ਹੋਏ ਸਨ। ਦੂਜੇ ਪਾਸੇ ਪੂਰਬ-ਉਤਰੀ ਸੂਬਿਆਂ ਨਾਲ ਚੀਨ ਨਾਲ ਲੱਗਦੀ ਸਰਹੱਦ 'ਤੇ ਸਾਲ 1967 ਤੋਂ ਬਾਅਦ ਤੋਂ ਕੋਈ ਖ਼ੂਨੀ ਝੜਪ ਨਹੀਂ ਹੋਈ ਹੈ। ਚੀਨ ਜਿਸ ਤਰ੍ਹਾਂ ਨਾਲ ਸਮੁੱਚੇ ਪੱਛਮੀ ਸੈਕਟਰ ਵਿਚ ਹਮਲਾਵਰ ਹੁੰਦਾ ਜਾ ਰਿਹਾ ਹੈ ਉਸ ਨੂੰ ਦੇਖਦਿਆਂ ਭਾਰਤੀ ਫ਼ੌਜ ਦੇ ਰਣਨੀਤੀਕਾਰਾਂ ਨੂੰ ਹੁਣ ਜ਼ਿਆਦਾ ਸਰਗਰਮ ਯੋਜਨਾ ਬਣਾਉਣੀ ਪਵੇਗੀ। ਭਾਰਤੀ ਵਿਦੇਸ਼ ਮੰਤਰਾਲੇ ਨੂੰ ਆਉਣ ਵਾਲੇ ਦਿਨਾਂ ਵਿਚ ਨੇਪਾਲ ਨੂੰ ਸੰਭਾਲਣ ਲਈ ਵੀ ਕਾਫ਼ੀ ਮਿਹਨਤ ਕਰਨੀ ਪੈ ਸਕਦੀ ਹੈ। ਨੇਪਾਲ ਦੇ ਪੀਐੱਮ ਕੇਪੀ ਸ਼ਰਮਾ ਓਲੀ ਨੇ ਹਾਲ ਹੀ ਦੇ ਦਿਨਾਂ ਵਿਚ ਭਾਰਤ ਵਿਰੁੱਧ ਮੋਰਚਾ ਖੋਲ੍ਹਿਆ ਹੋਇਆ ਹੈ। ਕੁਝ ਲੋਕ ਇਹ ਮੰਨਦੇ ਹਨ ਕਿ ਓਲੀ ਨੇ ਜਿਸ ਤਰ੍ਹਾਂ ਨਾਲ ਲਿਪੁਲੇਖ ਤੇ ਕਾਲਾਪਾਣੀ ਦੇ ਮੁੱਦੇ ਨੂੰ ਹਵਾ ਦੇਣੀ ਸ਼ੁਰੂ ਕੀਤੀ ਹੈ ਉਸ ਪਿੱਛੇ ਵੀ ਚੀਨ ਦਾ ਹੱਥ ਹੈ। ਓਲੀ ਆਪਣੇ ਪਹਿਲੇ ਕਾਰਜਕਾਲ 'ਚ ਵੀ ਤੇ ਮੌਜੂਦਾ ਕਾਰਜਕਾਲ ਵਿਚ ਵੀ ਚੀਨ ਨਾਲ ਨਵੇਂ ਸਮੀਕਰਨ ਬਣਾਉਣ ਦੀ ਕੋਸ਼ਿਸ਼ ਕਰ ਚੁੱਕੇ ਹਨ। ਦੂਜੇ ਪਾਸੇ ਚੀਨ ਤੇ ਪਾਕਿਸਤਾਨ ਵਿਚਾਲੇ ਰਿਸ਼ਤਾ ਕਿਸੇ ਤੋਂ ਹਕਿਆ ਨਹੀਂ ਹੈ। ਦੂਜੇ ਪਾਸੇ ਚੀਨ ਤੇ ਪਾਕਿਸਤਾਨ ਵਿਚਾਲੇ ਰਿਸ਼ਤਾ ਵੀ ਕਿਸੇ ਤੋਂ ਲੁਕਿਆ ਨਹੀਂ ਹੈ। ਅਜਿਹੇ ਵਿਚ ਭਾਰਤੀ ਕੂਟਨੀਤੀ ਤੇ ਰਣਨੀਤੀਕਾਰਾਂ ਨੂੰ ਹੁਣ ਚੀਨ, ਪਾਕਿਸਤਾਨ ਨਾਲ ਹੀ ਨੇਪਾਲ ਦੇ ਤਿਕੋਣ ਨੂੰ ਲੈ ਕੇ ਸਮੂਹਿਕ ਨੀਤੀ ਬਣਾਉਣੀ ਪੈ ਸਕਦੀ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 18 ਜੂਨ ਦੇ ਪੰਜ ਗ਼ਦਰੀ ਸ਼ਹੀਦ



ਸੀਤਾ ਰਾਮ ਮਾਧੋਪੁਰੀ

ਪਹਿਲੀ ਸੰਸਾਰ ਜੰਗ ਲਗਦਿਆਂ ਗ਼ਦਰ ਪਾਰਟੀ ਦੇ ਸੱਦੇ ਤੇ ਅੱਠ ਹਜ਼ਾਰ ਗ਼ਦਰੀ ਵੱਖ-ਵੱਖ ਦੇਸ਼ਾਂ ਤੋਂ ਭਾਰਤ ਵਿੱਚ ਹਥਿਆਰਬੰਦ ਸੰਘਰਸ਼ ਕਰਨ ਆਏ। 19 ਫਰਵਰੀ 1915 ਨੂੰ ਗ਼ਦਰ ਅਸਫ਼ਲ ਹੋ ਜਾਣ ਮਗਰੋਂ ਗ਼ਦਰੀ ਦੇਸ਼ ਭਗਤਾਂ ਨੇ ਹਥਿਆਰਾਂ ਦਾ ਪ੍ਰਬੰਧ ਕਰਨ, ਝੋਲੀਚੁੱਕ ਗਦਾਰਾਂ ਨੂੰ ਖ਼ਤਮ ਕਰਨ, ਜੇਲ੍ਹਾਂ ਵਿੱਚੋਂ ਇਨਕਲਾਬੀ ਦੇਸ਼ ਭਗਤਾਂ ਨੂੰ ਛਡਵਾਉਣ ਤੇ ਫਿਰ ਅੰਗਰੇਜ਼ਾਂ ਨੂੰ ਖ਼ਤਮ ਕਰਨ ਲਈ ਮੁੜ ਸੰਘਰਸ਼ ਸ਼ੁਰੂ ਕੀਤਾ। ਅੱਜ ਦੇ ਦਿਨ 18 ਜੂਨ 1916 ਨੂੰ ਪੰਜ ਗ਼ਦਰੀ ਦੇਸ਼ ਭਗਤਾਂ ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ ਤੇ ਉਨ੍ਹਾਂ ਦਾ ਸੰਸਕਾਰ ਜੇਲ੍ਹ ਦੇ ਅਹਾਤੇ ਵਿੱਚ ਕਰ ਦਿੱਤਾ ਸੀ। 102 ਗ਼ਦਰੀਆਂ ਤੇ ਚੱਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿੱਚ ਛੇ ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ ਪਰ ਹੀਰਾ ਸਿੰਘ ਚਰੜ ਜ਼ਿਲ੍ਹਾ ਲਾਹੌਰ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਸੀ।









**1. ਈਸ਼ਰ ਸਿੰਘ ਢੁੱਡੀਕੇ (ਜ਼ਿਲ੍ਹਾ ਮੋਗਾ)**- 1882 ਵਿੱਚ ਮਾਤਾ ਧਰਮ ਕੌਰ ਦੀ ਕੁੱਖੋਂ ਪਿਤਾ ਸੱਜਣ ਸਿੰਘ ਦੇ ਘਰ ਜਨਮ ਹੋਇਆ। ਗ਼ਦਰ ਪਾਰਟੀ ਦੇ ਸੱਦੇ ਤੇ ਕਨੇਡਾ ਤੋਂ 14 ਦਸੰਬਰ 1914 ਨੂੰ ਭਾਰਤ ਆਇਆ। ਇਸਦੇ ਯਤਨਾਂ ਨਾਲ ਢੁੱਡੀਕੇ ਇਨਕਲਾਬੀ ਸਰਗਰਮੀਆਂ ਦਾ ਗੜ੍ਹ ਬਣ ਗਿਆ ਸੀ। 19 ਫਰਵਰੀ 1915 ਨੂੰ ਫਿਰੋਜ਼ਪੁਰ ਛਾਉਣੀ ਵਿੱਚ ਗ਼ਦਰ ਕਰਾਉਣ ਭਾਈ ਰਣਧੀਰ ਸਿੰਘ ਦੇ 60-70 ਗ਼ਦਰੀਆਂ ਦੇ ਜੱਥੇ ਵਿੱਚ ਉੱਤਮ ਸਿੰਘ ਹਾਂਸ ਨਾਲ ਗਿਆ ਸੀ। 25 ਅਪ੍ਰੈਲ 1915 ਨੂੰ ਆਪਣੇ ਪੰਜ ਸਾਥੀਆਂ ਨਾਲ ਨੰਗਲ ਕਲਾਂ (ਹੁਸ਼ਿਆਰਪੁਰ) ਦੇ ਮੁਖ਼ਬਰ ਜੈਲਦਾਰ ਚੰਦਾ ਸਿੰਘ ਨੂੰ ਕਤਲ ਕਰ ਦਿੱਤਾ।

5 ਜੂਨ 1915 ਨੂੰ ਕਪੂਰਥਲਾ ਰਿਆਸਤ ਦੇ ਅਸਲਾਖਾਨੇ ਤੇ ਹਮਲਾ ਕਰਕੇ ਹਥਿਆਰ ਖੋਹਣ ਲਈ 19 ਗ਼ਦਰੀ ਕਪੂਰਥਲੇ ਇਕੱਠੇ ਹੋਏ ਪਰ ਗਿਣਤੀ ਘੱਟ ਹੋਣ ਕਾਰਨ ਇਹ ਯੋਜਨਾ 12 ਜੂਨ ਤੱਕ ਟਾਲ ਦਿੱਤੀ। ਹਥਿਆਰ ਪ੍ਰਾਪਤ ਕਰਨ ਲਈ ਵੱਲਾ (ਅੰਮ੍ਰਿਤਸਰ) ਪੁਲ ਤੇ ਤਾਇਨਾਤ ਗਾਰਦ ਤੇ 11 ਜੂਨ 1915 ਦੀ ਰਾਤ ਨੂੰ ਹਮਲਾ ਕਰਕੇ ਹਥਿਆਰ ਖੋਹਣ ਚ ਗ਼ਦਰੀ ਕਾਮਯਾਬ ਹੋ ਗਏ। ਦੋ ਸਿਪਾਹੀ ਮਾਰੇ ਗਏ। ਅਗਲੇ ਦਿਨ ਜੈਲਦਾਰਾਂ ਨੇ ਡਾਕੂ ਡਾਕੂ ਕਹਿ ਕੇ ਪਿੰਡਾਂ ਦੇ ਲੋਕਾਂ ਨੂੰ ਗ਼ਦਰੀਆਂ ਦੇ ਪਿੱਛੇ ਲਾ ਦਿੱਤਾ। ਸੱਠ ਮੀਲ ਮੁਕਾਬਲਾ ਕਰਦੇ ਗ਼ਦਰੀ ਵਰ੍ਹਦੀਆਂ ਗੋਲ਼ੀਆਂ ਵਿੱਚ ਗੋਇੰਦਵਾਲ ਸਾਹਿਬ ਦੇ ਪੱਤਣ ਤੋਂ ਬੇੜੀਆਂ ਖੋਹ ਕੇ ਕਪੂਰਥਲਾ ਰਿਆਸਤ ਦੇ ਪਿੰਡਾਂ ਵੱਲ੍ਹ ਨਿੱਕਲ ਗਏ। ਇਸ ਗੋਲੀਬਾਰੀ ਵਿੱਚ ਦੋ ਜਣੇ ਮਾਰੇ ਗਏ ਸਨ।

ਈਸ਼ਰ ਸਿੰਘ ਤੇ ਉੱਤਮ ਸਿੰਘ ਹਾਂਸ ਰਿਆਸਤ ਫ਼ਰੀਦਕੋਟ ਦੇ ਇੱਕ ਪਿੰਡ ਵਿੱਚੋਂ 19 ਸਤੰਬਰ 1915 ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਏ।

**2. ਸ਼ਹੀਦ ਉੱਤਮ ਸਿੰਘ ਹਾਂਸ (ਲੁਧਿਆਣਾ)**- 1880 ਵਿੱਚ ਜੀਤਾ ਸਿੰਘ ਦੇ ਘਰ ਜਨਮ ਹੋਇਆ। ਕਨੇਡਾ ਵਿੱਚ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਦੇ ਯਾਤਰੀਆਂ ਨੂੰ ਆਪਣੇ ਗ਼ਦਰੀ ਸਾਥੀਆਂ ਨਾਲ ਇਸ ਜਹਾਜ਼ ਉੱਤੇ ਜਾ ਕੇ 22 ਜੁਲਾਈ 1914 ਨੂੰ ਦੇਸ਼ ਦੀ ਆਜ਼ਾਦੀ ਲਈ ਘੋਲ਼ ਕਰਨ ਲਈ ਭਾਸ਼ਨ ਦਿੱਤਾ। ਗ਼ਦਰ ਕਰਨ ਲਈ 14 ਦਸੰਬਰ 1914 ਨੂੰ ਭਾਰਤ ਮੁੜ ਆਇਆ। ਝਾਬੇਵਾਲ ਤੇ ਲੋ-ਹਟਬੱਦੀ ਦੀਆਂ ਬੰਬ ਫੈਕਟਰੀਆਂ ਵਿੱਚ ਬੰਬ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। 19 ਫਰਵਰੀ 1915 ਨੂੰ ਫਿਰੋਜ਼ਪੁਰ ਛਾਉਣੀ ਤੇ ਹਮਲੇ ਦੀ ਯੋਜਨਾ, ਸਿਆਸੀ ਡਾਕਿਆਂ, ਕਪੂਰਥਲਾ ਅਸਲਾਖਾਨੇ ਤੇ ਹਮਲੇ ਅਤੇ ਵੱਲਾ ਪੁਲ਼ ਪੁਲਿਸ ਗਾਰਦ ਹਮਲੇ ਵਿੱਚ ਹਿੱਸਾ ਲਿਆ।

**3. ਸ਼ਹੀਦ ਬੀਰ ਸਿੰਘ ਬਾਹੋਵਾਲ (ਹੁਸ਼ਿਆਰਪੁਰ)** – 1871 ਵਿੱਚ ਬੂਟਾ ਸਿੰਘ ਦੇ ਘਰ ਜਨਮ ਹੋਇਆ। ਵੈਨਕੂਵਰ (ਕਨੇਡਾ) ਤੋਂ 13 ਅਕਤੂਬਰ 1914 ਨੂੰ ਕਲਕੱਤੇ ਆਇਆ।ਬਾਹਰੋਂ ਪੈਸੇ ਨਾਂ ਆਉਣ ਕਰਕੇ ਗ਼ਦਰੀਆਂ ਨੇ ਪਾਰਟੀ ਦਾ ਕੰਮ ਚਲਾਉਣ ਲਈ ਡਾਕੇ ਮਾਰੇ। ਬੀਰ ਸਿੰਘ 23 ਜਨਵਰੀ 1915 ਨੂੰ ਸਾਨ੍ਹੇਵਾਲ, 27 ਜਨਵਰੀ ਨੂੰ ਮਨਸੂਰਾਂ (ਲੁਧਿਆਣਾ) ਤੇ 2 ਫਰਵਰੀ 1915 ਨੂੰ ਚੱਬਾ (ਅੰਮ੍ਰਿਤਸਰ) ਡਾਕਿਆਂ ਵਿੱਚ ਸ਼ਾਮਲ ਸੀ। ਚੱਬੇ ਡਾਕੇ ਵਿੱਚ ਗ਼ਦਰੀਆਂ ਵੱਲੋਂ ਸੁੱਟੇ ਗਏ ਬੰਬ ਧਮਾਕੇ ਦੇ ਛਰ੍ਹੇ ਬੀਰ ਸਿੰਘ ਦੀ ਪਿੱਠ ਵਿੱਚ ਖੁੱਭ ਗਏ ਸਨ। 5 ਜੂਨ 1915 ਨੂੰ ਕਪੂਰਥਲਾ ਰਿਆਸਤ ਦਾ ਅਸਲਾਖਾਨਾ ਲੁੱਟਣ ਲਈ ਕੀਤੀ ਮੀਟਿੰਗ ਵਿੱਚ ਹਾਜ਼ਰ ਸੀ। ਅਗਲੇ ਦਿਨ ਚਿੱਟੀ (ਜਲੰਧਰ) ਦੇ ਗੁਰੂਦੁਆਰੇ ਵਿੱਚੋਂ ਅਰਜਨ ਸਿੰਘ ਜਗਰਾਉਂ, ਕਪੂਰ ਸਿੰਘ ਕਉਂਕੇ ਤੇ ਬੂਟਾ ਸਿੰਘ ਅਕਾਲਗੜ੍ਹ ਨਾਲ ਗ੍ਰਿਫਤਾਰ ਕੀਤਾ।

**4. ਸ਼ਹੀਦ ਰੰਗਾ ਸਿੰਘ ਖੁਰਦਪੁਰ (ਜਲੰਧਰ)** – ਗੁਰਦਿੱਤ ਸਿੰਘ ਦੇ ਘਰ ਜਨਮ ਹੋਇਆ। ਗ਼ਦਰ ਪਾਰਟੀ ਦੇ ਹੁਕਮ ਤੇ ਅਮਰੀਕਾ ਤੋਂ 21 ਦਸੰਬਰ 1914 ਨੂੰ ਭਾਰਤ ਆਇਆ। ਢੁੱਡੀਕੇ ਦੇ ਗ਼ਦਰੀਆਂ ਨਾਲ ਮਿਲ਼ ਕੇ 5 ਜੂਨ ਨੂੰ ਕਪੂਰਥਲਾ ਦੇ ਅਸਲਾਖਾਨੇ ਤੇ ਹਮਲਾ ਕਰਨ ਗਿਆ। 11 ਜੂਨ 1915 ਦੀ ਰਾਤ ਨੂੰ ਵੱਲਾ ਪੁਲ਼ ਪੁਲਿਸ ਗਾਰਦ ਤੇ ਹਮਲਾ ਕਰਨ ਲਈ ਢੁਕਵੇਂ ਸਮੇਂ ਦਾ ਇੰਤਜ਼ਾਰ ਕਰ ਰਹੇ ਗ਼ਦਰੀ ਸਾਥੀਆਂ ਗੁੱਸੇ ਹੋ ਕੇ ਵਾਪਸ ਆ ਗਿਆ ਕਿ ਉਹ ਤੁਰੰਤ ਹਮਲਾ ਕਿਉਂ ਨਹੀਂ ਕਰਦੇ। ਹੋਤੀ ਮਰਦਾਨ ਸਰਹੱਦ ਲਾਗਿਓਂ ਗ੍ਰਿਫਤਾਰ ਕੀਤਾ।

**5. ਸ਼ਹੀਦ ਰੂੜ ਸਿੰਘ ਤਲਵੰਡੀ ਦੁਸਾਂਝ (ਜ਼ਿਲ੍ਹਾ ਮੋਗਾ)**- ਸਮੰਦ ਸਿੰਘ ਦੇ ਘਰ ਜਨਮ ਹੋਇਆ। ਨਾਨਕਿਆਂ ਦੇ ਪਿੰਡ ਢੁੱਡੀਕੇ ਰਹਿੰਦਿਆਂ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਕੇ 5 ਜੂਨ ਕਪੂਰਥਲਾ ਅਸਲਾਖਾਨੇ ਤੇ ਹਮਲਾ ਕਰਨ ਵਾਲੀ ਮੀਟਿੰਗ ਵਿੱਚ ਤੇ 11 ਜੂਨ ਦੀ ਰਾਤ ਨੂੰ ਵੱਲਾ ਪੁਲ਼ ਪੁਲਿਸ ਗਾਰਦ ਤੇ ਹਮਲਾ ਕਰਨ ਵਾਲਿਆਂ ਵਿੱਚ ਸ਼ਾਮਲ ਸੀ।

# ਕੰਪਿਊਟਰ ਅਧਿਆਪਕਾਂ ਵੱਲੋਂ ਸਰਕਾਰੀ ਸਕੂਲਾਂ ਨੂੰ ਬੁਲੰਦੀਆਂ ਤੇ ਪਹੁੰਚਾਉਣ 'ਤੇ ਵਿਦਿਆਰਥੀਆਂ ਨੂੰ ਆਨਲਾਈਨ ਸਿੱਖਿਆ ਦੇਣ ਲਈ ਕੀਤੇ ਜਾ ਰਹੇ ਹਨ ਸ਼ਲਾਘਾਯੋਗ ਉਪਰਾਲੇ

ਅੱਜ ਪੂਰੀ ਦੁਨੀਆਂ ਕਰੋਨਾ ਵਾਇਰਸ ਨਾਂ ਦੀ ਭਿਆਨਕ ਬਿਮਾਰੀ ਨਾਲ ਲਗਾਤਾਰ ਲੜ੍ਹ ਰਹੀ ਹੈ ਜਿਸ ਕਾਰਨ ਸੋਸ਼ਲ ਡਿਸਟੈਂਸ ਨੂੰ ਲਾਗੂ ਕਰਦਿਆਂ ਪੰਜਾਬ ਸਮੇਤ ਪੂਰੇ ਭਾਰਤ ਵਿਚ ਲਾਕ ਡਾਊਨ ਦੇ ਚਲਦਿਆਂ ਸਕੂਲਾਂ ਨੂੰ ਬੰਦ ਕਰਨਾਂ ਪਿਆ ਹੈ। ਕਰੋਨਾਂ ਵਾਇਰਸ ਨਾਂ ਦੀ ਮਹਾਂ ਮਾਰੀ ਕਾਰਨ ਭਾਵੇਂ ਸਾਰੇ ਸਕੂਲਾਂ ਵਿੱਚ ਛੁੱਟੀਆਂ ਕਰ ਦਿਤੀਆਂ ਹਨ, ਪਰ ਆਨ ਲਾਈਨ ਸਿੱਖਿਆ ਵਿਦਿਆਰਥੀਆਂ ਲਈ ਵਰਦਾਨ ਸਿੱਧ ਹੋ ਰਹੀ ਹੈ। ਸੂਬੇ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੇ ਨਾਕਾਰਤਮਕ ਵਿਚਾਰਾਂ ਤੋਂ ਬਚਾਅ ਕੇ ਇਸ ਅਲਾਮਤ ਦਾ ਜ਼ਿੰਦਾਦਿਲੀ ਨਾਲ ਟਾਕਰਾ ਕਰਨ ਦੇ ਸਮਰੱਥ ਬਣਾਉਣ ਲਈ ਉਹਨਾਂ ਨਾਲ ਲਗਾਤਾਰ ਰਾਬਤਾ ਬਣਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਨ ਲਾਈਨ ਪੜਾਈ ਲਈ ਸ਼ੋਸਲ ਮੀਡੀਆ ਵਰਦਾਨ ਸਿੱਧ ਹੋ ਰਹੀ ਹੈ।

ਆਨਲਾਈਨ ਸਿੱਖਿਆ ਨੂੰ ਲਾਗੂ ਕਰਨ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਕੰਪਿਊਟਰ ਅਧਿਆਪਕ ਬਿਹਤਰੀਨ ਤੇ ਸ਼ਲਾਘਾਯੋਗ ਉਪਰਾਲੇ ਕਰ ਰਹੇ ਹਨ। ਬੱਚਿਆਂ ਨੂੰ ਘਰ ਬੈਠੇ ਹੀ ਕੰਪਿਊਟਰ ਵਿਸ਼ੇ ਦੀ ਵਧੀਆ ਤਰੀਕੇ ਨਾਲ ਈ ਕੰਟੈਨਟ, ਨੋਟਸ, ਲੈਕਚਰ, ਕੁਇੱਜ਼ ਮੁਕਾਬਲੇ, ਲਿਖਤੀ ਟੈਸਟ ਆਦਿ ਜਰੀਏ ਪੜ੍ਹਾਈ ਕਰਵਾਈ ਜਾ ਰਹੀ ਹੈ। ਕੰਪਿਊਟਰ ਆਧਿਆਪਕਾਂ ਦੀ "ਕੰਪਿਊਟਰ ਸਾਇੰਸ ਟੀਮ ਪੰਜਾਬ" ਦੇ ਸਹਿਯੋਗ ਨਾਲ ਤਿਆਰ ਕੀਤੇ ਕੁਇੱਜ਼ ਸਾਫ਼ਟਵੇਅਰ ਦੇ ਜਰੀਏ ਸਮੂਹ ਕੰਪਿਊਟਰ ਅਧਿਆਪਕਾਂ ਵੱਲੋਂ ਪੰਜਾਬ ਦੇ ਛੇਵੀਂ ਤੋਂ ਬਾਰਵੀਂ ਤੱਕ ਦੇ ਸਰਕਾਰੀ ਸਕੂਲਾਂ ਦੇ ਬੱਚਿਆ ਦਾ ਹੁਣ ਤੱਕ ਦੇ ਸਿਲੇਬਤ ਵਿਚੋਂ ਦੋ ਵਾਰ ਟੈਸਟ ਲਿਆ ਜਾ ਚੁੱਕਾ ਹੈ ਜਿਸ ਵਿੱਚ ਦੋਨੋਂ ਕੁਇੱਜ਼ ਟੈਸਟਾਂ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਪਹਿਲੇ ਟੈਸਟ ਵਿੱਚ ਮਈ 2020 ਦੇ ਪਹਿਲੇ ਹਫਤੇ 457993 ਬੱਚਿਆਂ ਨੇ ਭਾਗ ਲਿਆ ਸੀ ਅਤੇ ਮਈ ਦੇ ਅੰਤ ਵਿੱਚ ਲਏ ਗਏ ਕੰਪਿਊਟਰ ਸਾਇੰਸ ਵਿਸ਼ੇ ਦੇ ਦੂਸਰੇ ਟੈਸਟ ਵਿੱਚ 478000 ਬੱਚਿਆਂ ਹਿੱਸਾ ਲੈ ਕੇ ਵਿਸ਼ਵ ਰਿਕਾਰਡ ਬਣਾਇਆ। ਪੰਜਾਬ ਦੇ ਕੰਪਿਊਟਰ ਅਧਿਆਪਕਾਂ ਨੇ ਆਨਲਾਈਨ ਕੰਪਿਊਟਰ ਟੈਸਟ ਵਿੱਚ 478000 ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਹਿੱਸਾ ਦਵਾ ਕੇ ਵਿਸ਼ਵ ਰਿਕਾਰਡ ਸਥਾਪਿਤ ਕੀਤਾ ਜੋ ਕਿ ਇੱਕ ਬਹੁਤ ਹੀ ਵਧੀਆ ਤੇ ਸ਼ਲਾਘਾਯੋਗ ਉਪਰਾਲਾ ਹੈ। ਇਸ ਵਿਸ਼ਵ ਰਿਕਾਰਡ ਲਈ ਪੰਜਾਬ ਦੇ ਮਾਨਯੋਗ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਵੀ ਸ਼ਲਾਘਾ ਕੀਤੀ ਗਈ ।

ਇਸੇ ਤਰ੍ਹਾਂ ਪੰਜਾਬ ਦੀ "ਕੰਪਿਊਟਰ ਟੀਚਰ ਵੈਲਫੇਅਰ ਸੁਸਾਇਟੀ" ਟੀਮ ਦੇ ਸਹਿਯੋਗ ਨਾਲ ਸਮੂਹ ਕੰਪਿਊਟਰ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਉਹਨਾਂ ਦੇ ਘਰਾਂ ਵਿੱਚ ਆਨ ਲਾਈਨ ਈ ਕੰਟੈਨਟ ਦੇ ਰਾਹੀਂ ਪੜ੍ਹਾਈ ਕਰਵਾ ਕੇ ਲਿਖਤੀ ਪੇਪਰ ਵੀ ਲਏ ਜਾ ਰਹੇ ਹਨ। ਕੰਪਿਊਟਰ ਅਧਿਆਪਕਾਂ ਵੱਲੋ ਹੁਣ ਤੱਕ ਦੇ ਸਿਲੇਬਸ ਵਿਚੋਂ ਬੱਚਿਆਂ ਦੀ ਤਿਆਰੀ ਕਰਵਾ ਕੇ ਲਿਖਤੀ ਪੇਪਰ ਤਿਆਰ ਕਰਕੇ ਬੱਚਿਆਂ ਨੂੰ ਸੋਸ਼ਲ ਮੀਡੀਆ ਰਾਹੀਂ ਭੇਜੇ ਗਏ ਅਤੇ ਯਾਦ ਕਰਕੇ ਬਿਨ੍ਹਾਂ ਦੇਖੇ ਮਾਤਾ ਪਿਤਾ ਦੀ ਨਿਗਰਾਨੀ ਹੇਠ ਹੱਲ ਕਰਕੇ ਅਤੇ ਆਪਣੇ ਕਿਸੇ ਵੀ ਪਰਿਵਾਰਕ ਮੈਂਬਰ ਤੋ ਚੈਕ ਕਰਵਾ ਕੇ ਭੇਜਣ ਲਈ ਕਿਹਾ। ਇਸ ਲਿਖਤੀ ਕੰਪਿਊਟਰ ਪੇਪਰ ਵਿੱਚ ਵੀ ਬੱਚਿਆਂ ਨੇ ਵੱਧ ਚੜ੍ਹ ਹਿੱਸਾ ਲਿਆ ਅਤੇ ਜੋ ਬੱਚੇ ਕਿਸੇ ਕਾਰਣ ਰਹਿ ਗਏ ਉਹ ਹੁਣ ਵੀ ਇਹ ਟੈਸਟ ਹੱਲ ਕਰ ਰਹੇ ਹਨ। ਇਹਨਾਂ ਲਿਖਤੀ ਟੈਸਟਾਂ ਵਿੱਚ ਬੱਚਿਆਂ ਦੇ ਮਾਂ ਪਿਓ ਭੈਣ ਭਰਾ ਨੇ ਨਿਗਰਾਨ ਦੀ ਡਿਊਟੀ ਦਿੱਤੀ ਅਤੇ ਜੋ ਪੜ੍ਹੇ ਲਿਖੇ ਸਨ ਉਹਨਾਂ ਨੇ ਚੈੱਕ ਵੀ ਕੀਤੇ, ਬਾਕੀ ਬੱਚਿਆਂ ਦੇ ਟੈਸਟ ਕੰਪਿਊਟਰ ਅਧਿਆਪਕਾਂ ਦੁਆਰਾ ਵਟਸ ਅੱਪ ਤੇ ਮੰਗਵਾ ਕੇ ਖੁਦ ਚੈੱਕ ਕੀਤੇ ਜਾ ਰਹੇ ਹਨ।

ਬੱਚਿਆਂ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਹੇ ਮਾਂ ਬਾਪ ਨੇ ਬੱਚਿਆਂ ਦੇ ਪੇਪਰ ਚੈਕ ਕਰਕੇ ਇਹ ਸਾਬਿਤ ਕੀਤਾ ਕਿ ਅਸੀਂ ਵੀ ਆਪਣੇ ਬੱਚਿਆਂ ਦੀ ਟੈਸਟਿੰਗ ਕਰ ਸਕਦੇ ਹਾਂ ਅਤੇ ਦੇਖ ਸਕਦੇ ਹਾਂ ਕਿ ਸਾਡੇ ਬੱਚਿਆਂ ਨੂੰ ਕੁੱਛ ਆਂਦਾ ਜਾਂਦਾ ਹੈ ਜਾ ਨਹੀਂ। ਬੱਚਿਆਂ ਨੇ ਆਪਣੇ ਆਪ ਉਪਰ ਕੈਮਰੇ ਲਾ ਕੇ ਪੇਪਰ ਦਿੱਤੇ ਅਤੇ ਅਪਣੇ ਅਧਿਆਪਕਾਂ ਨੂੰ ਸਬੂਤ ਦੇਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਨਕਲ ਮਾਰਕੇ ਨਹੀਂ ਸਗੋਂ ਘਰਾਂ ਵਿਚ ਪੜ੍ਹ ਕੇ ਪੇਪਰ ਦਿੱਤੇ ਹਨ।



ਬੱਚਿਆਂ ਨੇ ਆਪਣੇ ਚੈਕ ਕੀਤੇ ਪੇਪਰ ਆਪਣੇ ਅਧਿਆਪਕਾਂ ਨੂੰ ਭੇਜੇ ਜਿਨ੍ਹਾਂ ਨੂੰ ਦੇਖ ਕੇ ਇੱਕ ਕੰਪਿਊਟਰ ਅਧਿਆਪਕ ਹੋਣ ਦੇ ਨਾਤੇ ਮੈਨੂੰ ਬਹੁਤ ਖੁਸ਼ੀ ਮਹਿਸੂਸ ਹੋਈ। ਅਤੇ ਮਹਿਸੂਸ ਹੋਇਆ ਕੇ ਲਾਕ ਡਾਊਨ ਦੌਰਾਨ ਵੀ ਬੱਚਿਆਂ ਦੀ ਪੜ੍ਹਾਈ ਦਾ ਕੋਈ ਬਹੁਤ ਨੁਕਸਾਨ ਨਹੀ ਹੋ ਰਿਹਾ ਸਗੋਂ ਸਭ ਸਮਝਦਾਰ ਨੇ ਤੇ ਅਧਿਆਪਕਾਂ ਵੱਲੋ ਕਰਵਾਈ ਜਾ ਰਹੀ ਆਨ ਲਾਈਨ ਸਿੱਖਿਆ ਨੂੰ ਵਧੀਆ ਤਰੀਕੇ ਨਾਲ ਸਮਝ ਰਹੇ ਹਨ। ਵਧੀਆ ਤਰੀਕੇ ਨਾਲ ਆਨ ਲਾਈਨ ਲਿਖਤੀ ਅਤੇ ਕੁਇੱਜ਼ ਟੈਸਟ ਦੇਣ ਵਾਲੇ ਸਰਕਾਰੀ ਸਕੂਲਾਂ ਦੇ ਸਮੂਹ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੰਪਿਊਟਰ ਅਧਿਆਪਕਾਂ ਦੀ ਮਾਹਿਰ ਟੀਮ ਵੱਲੋ ਸ਼ਰਟੀਫਿਕੇਟ ਵੀ ਤਿਆਰ ਕਰਕੇ ਦਿੱਤੇ ਜਾ ਰਹੇ ਹਨ ਜੋ ਕਿ ਬੱਚਿਆਂ ਨੂੰ ਵਿਸ਼ੇ ਨਾਲ ਜੋੜਨ ਦਾ ਇੱਕ ਬਹੁਤ ਦੀ ਸ਼ਲਾਘਾਯੋਗ ਉਪਰਾਲਾ ਹੈ।

ਇਸੇ ਤਰ੍ਹਾਂ "ਈ ਸਕੂਲ ਕੁਇਜ਼ ਟੀਮ" ਪੰਜਾਬ ਵੱਲੋਂ ਵਧੀਆ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ, ਪ੍ਰੀਖਿਆਵਾਂ ਵਿੱਚੋਂ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਆਦਿ ਨੂੰ ਸਨਮਾਨ ਪੱਤਰ, ਸ਼ਰਟੀਫਿਕੇਟ ਆਦਿ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ ਜੋ ਕਿ ਹੋਰ ਵੀ ਸ਼ਲਾਘਾਯੋਗ ਕਦਮ ਹੈ।

ਪੰਜਾਬ ਦੇ ਸਮੂਹ ਕੰਪਿਊਟਰ ਅਧਿਆਪਕਾਂ ਵੱਲੋਂ ਵੱਖ ਵੱਖ ਢੰਗਾਂ ਨਾਲ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਪ੍ਰੇਰਿਤ ਕਰਕੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਵਧਾਉਣ ਵਿੱਚ ਵੀ ਭਰਪੂਰ ਯੋਗਦਾਨ ਪਾਇਆ ਜਾ ਰਿਹਾ ਹੈ। ਸਕੂਲਾਂ ਦੀਆਂ ਕੰਪਿਊਟਰ ਲੈਬਾਂ ਅਤੇ ਸਕੂਲਾਂ ਦੀ ਨੁਹਾਰ ਨੂੰ ਚਾਰ ਚੰਨ ਲਾਉਣ ਵਿੱਚ ਵੀ ਇਹਨਾਂ ਦਾ ਵੱਡਾ ਸਹਿਯੋਗ ਹੈ। ਸਿੱਟੇ ਵਜੋਂ ਸਰਕਾਰ ਸਕੂਲ ਦਿਨੋਂ ਦਿਨ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਕਿਤੇ ਜਿਆਦਾ ਸੁੰਦਰ ਬਣਦੇ ਜਾ ਰਹੇ ਹਨ ਤੇ ਗਰੀਬ ਪਰਿਵਾਰਾਂ ਦੇ ਬੱਚੇ ਵੀ ਉੱਚ ਸਿੱਖਿਆ ਹਾਸਲ ਕਰਕੇ ਸਮੇਂ ਦੇ ਹਾਣੀ ਬਣ ਰਹੇ ਹਨ। ਸਰਕਾਰੀ ਸਕੂਲਾਂ ਲਈ ਰੀੜ ਦੀ ਹੱਡੀ ਬਣ ਚੁੱਕੇ ਕੰਪਿਊਟਰ ਅਧਿਆਪਕਾਂ ਦੀਆਂ ਇਹਨਾਂ ਅਗਾਂਹ ਵਧੂ ਸੇਵਾਵਾਂ ਤੇ ਮਿਹਨਤ ਸਦਕਾ ਸਿੱਖਿਆ ਵਿਭਾਗ ਪੰਜਾਬ ਵੀ ਦਿਨੋਂ ਦਿਨ ਤਰੱਕੀ ਵੱਲ ਅੱਗੇ ਵਧ ਰਿਹਾ ਹੈ। ਸੋ ਇਹਨਾਂ ਦੇ ਸ਼ਲਾਘਾਯੋਗ ਕੰਮਾਂ ਅਤੇ ਮਹੱਤਤਾ ਨੂੰ ਦੇਖਦੇ ਹੋਏ ਹੁਣ ਸਰਕਾਰ ਦਾ ਵੀ ਹੱਕ ਬਣਦਾ ਹੈ ਕਿ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਪੱਕੇ ਅਧਿਆਪਕਾਂ ਵਾਂਗ ਸਾਰੀਆਂ ਸਹੂਲਤਾਂ ਦੇ ਕੇ ਬਿਨ੍ਹਾਂ ਕਿਸੇ ਸ਼ਰਤ ਦੇ ਜਲਦ ਤੋਂ ਜਲਦ ਆਈ.ਸੀ.ਟੀ ਸੋਸਾਇਟੀ ਤੋਂ ਸਿੱਖਿਆ ਵਿਭਾਗ ਵਿੱਚ ਸਿਫ਼ਟ ਕੀਤਾ ਜਾਵੇ ਅਤੇ ਕੰਪਿਊਟਰ ਵਿਸ਼ੇ ਨੂੰ ਬਾਕੀ ਵਿਸ਼ਿਆਂ ਵਾਂਗ ਜਰੂਰੀ ਵਿਸ਼ਾ ਸਮਝਦੇ ਹੋਏ ਹਰੇਕ ਕਲਾਸ ਦੇ ਹਫ਼ਤੇ ਵਿੱਚ 6 ਪੀਰੀਅਡ ਕੀਤੇ ਜਾਣ।

ਕਈ ਵਾਰ ਸਵਾਲ ਉੱਠਦਾ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਇਹ ਸਥਿਤੀ ਨਹੀਂ ਹੁੰਦੀ ਕਿ ਉਹਨਾਂ ਕੋਲ ਇੰਟਰਨੈੱਟ ਅਤੇ ਸ਼ੋਸਲ ਮੀਡੀਆ ਦੀ ਸਹੂਲਤ ਹੋਵੇ। ਬਿਲਕੁੱਲ ਸਹੀ ਹੈ ਕਿ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਲੋੜਵੰਦ ਮਾਪਿਆਂ ਕੋਲ ਕਈ ਵਾਰ ਇਹ ਸਹੂਲਤਾਂ ਨਹੀਂ ਹੁੰਦੀਆਂ। ਜੇਕਰ ਕਿਸੇ ਵਿਦਿਆਰਥੀ ਕੋਲ ਇਹ ਸਹੂਲਤ ਨਹੀਂ ਤਾਂ ਉਸ ਨੂੰ ਕਿਸੇ ਵੀ ਪ੍ਰਕਾਰ ਇਸ ਦੀ ਉਪਲਬਧਤਾ ਲਈ ਮਜਬੂਰ ਨਹੀਂ ਕੀਤਾ ਜਾ ਰਿਹਾ। ਪਰ ਫਿਰ ਵੀ ਬਹੁਗਿਣਤੀ ਬੱਚਿਆਂ ਦੇ ਪਰਿਵਾਰਾਂ 'ਚ ਆਧੁਨਿਕ ਸਮੇਂ ਦੀ ਜਰੂਰਤ ਬਣਿਆ ਇੰਟਰਨੈੱਟ ਉਪਲਬਧ ਹੈ ਅਤੇ ਉਹਨਾਂ ਪਰਿਵਾਰਾਂ ਵੱਲੋਂ ਮੰਨੋਰੰਜਨ ਲਈ ਸ਼ੋਸਲ ਮੀਡੀਆ ਦੇ ਸਾਧਨਾਂ ਵਟਸਅਪ ਅਤੇ ਫੇਸਬੁੱਕ ਤੋਂ ਲੈ ਕੇ ਯੂ ਟਿਊਬ ਤੱਕ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਹੁਣ ਸਮਾਂ ਇਹਨਾਂ ਸ਼ੋਸਲ ਮੀਡੀਆ ਸਾਧਨਾਂ ਦੇ ਸਦਉਪਯੋਗ ਦਾ ਹੈ। ਜੇਕਰ ਆਨਲਾਈਨ ਜਮਾਤ ਦੌਰਾਨ ਸੱਠ ਕੁ ਫੀਸਦੀ ਵਿਦਿਆਰਥੀ ਵੀ ਹਾਜ਼ਰ ਹੋ ਜਾਂਦੇ ਹਨ ਤਾਂ ਵੀ ਇਹ ਕੋਈ ਛੋਟੀ ਪ੍ਰਾਪਤੀ ਨਹੀਂ ਹੈ। ਬਾਕੀ ਬੱਚਿਆਂ ਨਾਲ ਫੋਨ ਤੇ ਰਾਬਤਾ ਰੱਖਿਆ ਜਾ ਰਿਹਾ ਹੈ । ਬੇਸ਼ੱਕ ਹੀ ਇਸ ਕੋਸ਼ਿਸ਼ ਦਾ ਨਤੀਜਾ ਵਿੱਦਿਅਕ ਤੌਰ 'ਤੇ ਬਹੁਤਾ ਤਸੱਲੀਬਖਸ਼ ਨਾ ਰਹੇ ਪਰ ਵਿਦਿਆਰਥੀਆਂ ਨੂੰ ਪੜਾਈ ਨਾਲੋਂ ਟੁੱਟਣ ਤੋਂ ਬਚਾਉਣ ਅਤੇ ਇਸ ਮਹਾਂਮਾਰੀ ਦੇ ਦੌਰਾਨ ਉਹਨਾਂ ਨੂੰ ਜਾਗਰੂਕ ਕਰਨ ਸਾਰਥਿਕ ਸਿੱਧ ਹੋਵੇਗਾ।



ਪ੍ਰਮੋਦ ਧੀਰ ਜੈਤੋ
91-98550-31081

ਇਸ ਤੋ ਇਲਾਵਾ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਉੱਦਮ ਸਦਕਾ ਸਾਰੇ ਵਿਸ਼ਿਆਂ ਦੇ ਛੇਵੀ ਤੋਂ ਬਾਰਵੀਂ ਤੱਕ ਦੇ ਸਾਰੇ ਪਾਠਾਂ ਦੇ ਲੈਕਚਰ, ਈ ਕੰਟੈਨਟ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੋ ਹੀ ਤਿਆਰ ਕਰਵਾ ਕੇ ਡੀ ਡੀ ਪੰਜਾਬੀ ਟੀ ਵੀ ਚੈਨਲ ਤੇ ਰੋਜ਼ਾਨਾ ਸਵੇਰੇ 9 ਵਜੇ ਤੋ ਸ਼ਾਮ 4 ਵਜੇ ਤੱਕ ਟਾਈਮ ਟੇਬਲ ਦੇ ਅਨੁਸਾਰ ਪ੍ਰਸਾਰਿਤ ਕਰਵਾਏ ਜਾ ਰਹੇ ਹਨ। ਇੰਨਾਂ ਲੈਕਚਰਾਂ ਦਾ ਪੰਜਾਬ ਦੇ ਸਾਰੇ ਹੀ ਸਕੂਲਾਂ ਦੇ ਵਿਦਿਆਰਥੀ ਭਰਪੂਰ ਲਾਭ ਉਠਾ ਰਹੇ ਹਨ । ਡੀ ਡੀ ਪੰਜਾਬੀ ਚੈਨਲ ਪੰਜਾਬ ਦੇ ਲਗਭਗ ਸਾਰੇ ਹੀ ਘਰਾਂ ਵਿੱਚ ਉਪਲਬਧ ਟੈਲੀਵਿਜ਼ਨ ਤੇ ਚਲਦਾ ਹੈ ਇਸ ਲਈ ਇਹ ਸਾਰੇ ਲੈਕਚਰ ਆਨ ਸਿੱਖਿਆ ਵਿੱਚ ਬਹੁਤ ਹੀ ਜ਼ਿਆਦਾ ਸਹਾਈ ਹੋ ਰਹੇ ਹਨ। ਸਰਕਾਰੀ ਸਕੂਲਾਂ ਦੇ ਨਾਲ ਨਾਲ ਪ੍ਰਾਈਵੇਟ ਸਕੂਲਾਂ ਦੇ ਬੱਚੇ ਵੀ ਇਹਨਾਂ ਲੈਕਚਰਾਂ ਦਾ ਰੋਜ਼ਾਨਾ ਲਾਭ ਉਠਾ ਰਹੇ ਹਨ।

ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਵਾਂਗ ਆਮ ਪਰਿਵਾਰਾਂ ਦੇ ਬੱਚਿਆਂ ਨੂੰ ਵੀ ਸਕੂਲਾਂ ਦੀ ਤਾਲਾਬੰਦੀ ਦੌਰਾਨ ਆਨਲਾਈਨ ਸੁਵਿਧਾ ਦੇ ਸੁਰੱਖਿਅਤ ਤਰੀਕਿਆਂ ਨਾਲ ਪੜਾਉਣ 'ਚ ਜੁਟੇ ਸਮੂਹ ਅਧਿਆਪਕਾਂ ਅਤੇ ਉਹਨਾਂ ਦੀ ਅਗਵਾਈ ਕਰ ਰਹੇ ਸਕੂਲ ਮੁਖੀਆਂ ਦੀ ਇਸ ਕੋਸ਼ਿਸ਼ ਨੂੰ ਸਾਡਾ ਸਲਾਮ ਹੈ। ਇੱਕ ਸਹੀ ਅਧਿਆਪਕ ਦਾ ਫਰਜ਼ ਆਪਣੇ ਵਿਦਿਆਰਥੀਆਂ ਨੂੰ ਪੜਾਈ ਦੇ ਨਾਲ ਨਾਲ ਜਿੰਮੇਵਾਰ ਨਾਗਰਿਕ ਬਣਾਉਣਾ ਵੀ ਹੁੰਦਾ ਹੈ। ਸੋ ਸਰਕਾਰੀ ਸਕੂਲਾਂ ਦੇ ਅਧਿਆਪਕ ਸੀਮਿਤ ਸਾਧਨਾਂ ਦੇ ਬਾਵਜੂਦ ਘਰਾਂ 'ਚ ਬੈਠਕੇ ਇਹ ਸਾਰਾ ਕੁੱਝ ਕਰਨ ਲਈ ਵਧਾਈ ਦੇ ਹੱਕਦਾਰ ਹਨ।

ਇਸ ਉਪਰਾਲੇ ਨਾਲ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਦੇ ਮਾਪਿਆਂ ਦਾ ਝੁਕਾਅ ਵੀ ਸਰਕਾਰੀ ਸਕੂਲਾਂ ਵੱਖ ਵਧਿਆ ਹੈ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਦਾ ਸਰਕਾਰੀ ਸਕੂਲਾਂ ਤੇ ਵਿਸ਼ਵਾਸ਼ ਹੋਰ ਵਧੇਗਾ ਤੇ ਬੱਚਿਆਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋਵੇਗਾ। ਪ੍ਰਮਾਤਮਾ ਕ੍ਰਿਪਾ ਕਰੇ ਕਿ ਪੂਰੇ ਸੰਸਾਰ ਨੂੰ ਕੋਰੋਨਾ ਮਹਾਂਮਾਰੀ ਤੋਂ ਜਲਦੀ ਰਾਹਤ ਮਿਲੇ ਅਤੇ ਸਕੂਲਾਂ 'ਚ ਜਲਦੀ ਤੋਂ ਆਮ ਵਾਂਗ ਪੜ੍ਹਾਈ ਸ਼ੁਰੂ ਹੋ ਸਕੇ।

# ਸਭ ਤੋਂ ਖ਼ਤਰਨਾਕ ਹੋਵੇਗਾ ਖੇਤੀਬਾੜੀ ਕਾਮਿਆਂ ਨੂੰ ਦੁਰਕਾਰਨਾ ਅਤੇ ਉਜਾੜਨਾ

11 ਜੂਨ, 2020 ਨੂੰ ਇਕ ਵੈਬੀਨਾਰ ਨੂੰ ਸੰਬੋਧਨ ਕਰਦਿਆ ਹੋਇਆ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਘਰੇਲੂ ਅਤੇ ਕੌਮਾਂਤਰੀ ਮੰਡੀਆਂ ਵਿਚਲੀਆਂ ਕੀਮਤਾਂ ਨਾਲੋਂ ਕਿਤੇ ਜ਼ਿਆਦਾ ਹਨ ਜਿਸ ਨਾਲ ਮੁਲਕ ਵਿਚ ਆਰਥਿਕ ਸੰਕਟ ਖੜ੍ਹਾ ਹੋ ਸਕਦਾ ਹੈ। ਉਨ੍ਹਾ ਜ਼ੋਰ ਦੇਕੇ ਕਿਹਾ ਕਿ ਮੁਲਕ ਦੀ ਅਰਥਵਿਵਸਥਾ ਉੱਪਰ ਪੈਣ ਵਾਲੇ ਮਾੜੇ ਪ੍ਰਭਾਵ ਤੋਂ ਪਹਿਲਾਂ ਹੀ ਇਸ ਦਾ ਕੋਈ ਬਦਲਵਾਂ ਹੱਲ ਲੱਭ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣੇ ਸਮੇਤ ਕੁਝ ਸੂਬਿਆਂ ਵਿਚ ਫ਼ਸਲੀ ਚੱਕਰ ਵਿੱਚ ਬਦਲਾਅ ਉੱਪਰ ਜ਼ੋਰ ਦਿੰਦਿਆਂ ਕਣਕ ਅਤੇ ਝੋਨੇ ਦਾ ਰਕਬਾ ਘਟਾਉਣ ਲਈ ਕਿਹਾ। ਉਨ੍ਹਾਂ ਅਨੁਸਾਰ ਪੰਜਾਬ ਅਤੇ ਹਰਿਆਣੇ ਵਿਚ ਇਨ੍ਹਾਂ ਜਿਨਸਾਂ ਦੇ ਭੰਡਾਰਨ ਥਾਂ ਨਹੀਂ ਹੈ, ਇਹ ਮੁਲਕ ਲਈ ਬੁਰਾ ਸਮਾਂ ਹੈ ਜਦੋਂ ਇਕ ਪਾਸੇ ਵਾਧੂ ਅਨਾਜ ਹੈ ਅਤੇ ਦੂਜੇ ਪਾਸੇ ਉਸ ਦੇ ਭੰਡਾਰਨ ਲਈ ਥਾਂ ਨਹੀਂ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਖੇਤੀਬਾੜੀ ਮਸਲਿਆਂ ਦੇ ਹੱਲ ਲੱਭੇ ਬਿਨਾਂ ਅਰਥਵਿਵਸਥਾ ਵਿਚ ਰਫ਼ਤਾਰ ਨਹੀਂ ਫੜੀ ਜਾ ਸਕਦੀ। ਉਨ੍ਹਾਂ ਨੇ ਇਸ ਵੈਬੀਨਾਰ ਵਿਚ ਇਹ ਵੀ ਕਿਹਾ ਕਿ ਮੁਲਕ ਵਿਚ ਕਣਕ ਅਤੇ ਚੋਲਾਂ ਦਾ ਆਉਣ ਵਾਲੇ ਤਿੰਨ ਸਾਲਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਭੰਡਾਰ ਹੈ ਅਤੇ ਉਨ੍ਹਾਂ ਨੇ ਚੋਲਾਂ ਤੋਂ ਇਥਾਨੋਲ ਬਣਾਉਣ ਦਾ ਸੁਝਾਅ ਵੀ ਦਿੱਤਾ।

ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਵੈਬੀਨਾਰ ਵਿਚ ਦਿੱਤੇ ਗਏ ਬਿਆਨ ਨੂੰ ਨਾ ਤਾਂ ਨਿੱਜੀ ਅਤੇ ਨਾ ਹੀ ਅਚਾਨਕ ਦਿੱਤਾ ਗਿਆ ਸਮਝਿਆ ਜਾ ਸਕਦਾ ਹੈ। ਉਨ੍ਹਾਂ ਦਾ ਇਹ ਬਿਆਨ ਤਾਂ 3 ਜੂਨ, 2020 ਨੂੰ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਖੇਤੀਬਾੜੀ ਨਾਲ ਸੰਬੰਧਿਤ ਤਿੰਨ ਅਧਿਆਦੇਸ਼ਾਂ ਬਾਰੇ ਦਿੱਤੀ ਗਈ ਸਹਿਮਤੀ ਅਤੇ 5 ਜੂਨ, 2020 ਨੂੰ ਮੁਲਕ ਦੇ ਰਾਸ਼ਟਰਪਤੀ ਵਲੋਂ ਇਨ੍ਹਾਂ ਅਧਿਆਦੇਸ਼ਾਂ ਉੱਪਰ ਸਹੀ ਪਾਏ ਜਾਣ ਨਾਲ ਮੁਲਕ ਦੇ ਗਜ਼ਟ ਵਿਚ ਦਰਜ਼ ਹੋਣ ਉਪਰੰਤ ਸੰਸਦ ਵਿਚ ਵਿਚਾਰ-ਵਟਾਂਦਰੇ ਉਪਰੰਤ ਪਾਸ ਹੋਏ ਬਿਨਾਂ ਆਉਣ ਵਾਲੇ 6 ਮਹੀਨਿਆਂ ਲਈ ਲਾਗੂ ਹੋਣ ਕਾਰਨ ਉਸ ਲੜੀ ਨੂੰ ਅੱਗੇ ਵਧਾਉਂਦਾ ਹੈ। ਮੁਲਕ ਦੀਆਂ ਕੁਝ ਰਾਜਸੀ ਪਾਰਟੀਆਂ, ਕਿਸਾਨ ਜੱਥੇਬੰਦੀਆਂ ਅਤੇ ਵਿਦਵਾਨਾਂ ਨੇ ਇਨ੍ਹਾਂ ਤਿੰਨਾਂ ਅਧਿਆਦੇਸ਼ਾਂ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਦੇ ਖ਼ਤਰਿਆਂ ਨੂੰ ਦੇਖਦੇ ਹੋਏ ਇਸ ਸੰਬੰਧ ਸਰਕਾਰ ਦੀ ਸਖ਼ਤ ਨੁਕਤਾਚੀਨੀ ਕੀਤੀ ਹੈ। ਇਸ ਸੰਬੰਧ ਵਿਚ ਕੁਝ ਕਿਸਾਨ ਜੱਥੇਬੰਦੀਆਂ ਨੇ ਆਉਣ ਵਾਲੇ ਦਿਨਾਂ ਵਿਚ ਰਾਸ਼ਟਰੀ ਪੱਧਰ ਉੱਪਰ ਰੋਸ ਮਾਰਚ ਅਤੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨ ਦੀ ਚਿਤਾਵਨੀ ਵੀ ਦਿੱਤੀ ਹੈ। ਇਸ ਸੰਬੰਧ ਵਿਚ ਕੀਤੀ ਗਈ ਸਖ਼ਤ ਨੁਕਤਾਚੀਨੀ ਅਤੇ ਰੋਸ ਮਾਰਚ ਅਤੇ ਸੰਘਰਸ਼ ਦੀਆਂ ਚਿਤਾਵਨੀਆਂ ਨੂੰ ਧਿਆਨ ਵਿਚ ਰੱਖਦੇ ਅਤੇ ਰਾਜਸੀ ਗਿਣਤੀਆਂ-ਮਿਣਤੀਆਂ ਕਰਦੇ ਹੋਏ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ 13 ਜੂਨ, 2020 ਨੂੰ ਆਪਣੇ ਦੁਆਰਾ ਦਿੱਤੇ ਗਏ ਬਿਆਨ ਤੋਂ ਪਿਛਲਖੁਰੀ ਮੋੜਾ ਕੱਟਦੇ ਹੋਏ ਮੀਡੀਆ ਦੁਆਰਾ ਉਨ੍ਹਾਂ ਦੇ ਬਿਆਨ ਨੂੰ ਤਰੋੜ-ਮਰੋੜ ਕੇ ਪੇਸ਼ ਕਰਨ ਬਾਰੇ ਇਕ ਨਵਾਂ ਬਿਆਨ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੋਂ ਸਰਕਾਰ ਦੇ ਪਿੱਛੇ ਹਟਣ ਬਾਰੇ ਕੁਝ ਵੀ ਨਹੀਂ ਕਿਹਾ ਸੀ।

ਕਰੋਨਾਵਾਇਰਸ ਦੀ ਮਹਾਂਮਾਰੀ ਦੇ ਸੰਕਟ ਨੇ ਸਾਰੀ ਦੁਨੀਆਂ ਵਿਚ ਇਹ ਚਿੱਟੇ ਦਿਨ ਵਾਂਗ ਸਪਸ਼ਟ ਕਰ ਦਿੱਤਾ ਹੈ ਕਿ ਮਨੁੱਖਾਂ ਦੇ ਜਿਓਂਦਾ ਰਹਿਣ ਲਈ ਕੋਠੀਆਂ, ਕਾਰਾਂ, ਹਵਾਈ ਜਹਾਜ਼, ਮੋਬਾਇਲ ਫੋਨ ਨਹੀਂ, ਸਗੋਂ ਰੋਟੀ ਜ਼ਰੂਰੀ ਹੈ। ਰੋਟੀ ਦਾ ਇਕੋ-ਇਕ ਸ੍ਰੋਤ ਖੇਤੀਬਾੜੀ ਖੇਤਰ ਹੈ। ਦੁਨੀਆ ਦਾ ਕੋਈ ਵੀ ਮੁਲਕ ਖੇਤੀਬਾੜੀ ਖੇਤਰ ਦੀ ਮਹੱਤਤਾ ਨੂੰ ਘਟਾਕੇ ਦੇਖਣ ਦਾ ਖ਼ਤਰਾ ਮੁੱਲ ਨਹੀਂ ਲੈ ਸਕਦਾ। ਆਰਥਿਕ ਇਤਿਹਾਸ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਅਰਥ-ਵਿਗਿਆਨ ਦਾ 'ਫਿਜਿਓਕਰੇਸੀ ਸਕੂਲ' ਤਾਂ ਪੂਰੀ ਅਰਥਵਿਵਸਥਾ ਵਿਚ ਸਿਰਫ਼ ਖੇਤੀਬਾੜੀ ਖੇਤਰ ਨੂੰ ਹੀ ਉਤਪਾਦਕ ਮੰਨਦਾ ਸੀ। ਭਾਵੇਂ ਇਸ ਸਕੂਲ ਦੀ ਇਸ ਸੋਚ ਨਾਲ ਪੂਰੀ ਤਰ੍ਹਾਂ ਤਾਂ ਸਹਿਮਤ ਨਹੀਂ ਹੋਇਆ ਜਾ ਸਕਦਾ ਪਰ ਇਸ ਸੋਚ ਅਨੁਸਾਰ ਖੇਤੀਬਾੜੀ ਖੇਤਰ ਦੀ ਕਿਸੇ ਵੀ ਅਰਥਵਿਵਸਥਾ ਵਿਚ ਮਹੱਤਤਾ ਨੂੰ ਕਦੇ ਵੀ ਘਟਾਕੇ ਨਹੀਂ ਦੇਖਿਆ ਜਾ ਸਕਦਾ। ਮੁੱਢ ਕਦੀਮ ਤੋਂ ਹੀ ਭਾਰਤ ਵਿਚ ਖੇਤੀਬਾੜੀ ਖੇਤਰ ਮਹੱਤਵਪੂਰਨ ਰਿਹਾ ਹੈ ਅਤੇ ਵਰਤਮਾਨ ਸਮੇਂ ਦੌਰਾਨ ਵੀ ਵੱਖ-ਵੱਖ ਪੱਖਾਂ ਤੋਂ ਇਹ ਖੇਤਰ ਉੱਚੀ ਥਾਂ ਰੱਖਦਾ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਵੀ ਇਹ ਖੇਤਰ ਮਹੱਤਵਪੂਰਨ ਰਹੇਗਾ। ਅੱਜਕਲ੍ਹ ਭਾਰਤ ਦੀ ਕੁੱਲ ਆਬਾਦੀ ਦਾ 50 ਫ਼ੀਸਦ ਦੇ ਕਰੀਬ ਹਿੱਸਾ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ। ਐਗਰੋ ਪ੍ਰੋਸੈਸਿੰਗ ਉਦਯੋਗ ਪੂਰੀ ਤਰ੍ਹਾਂ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ। ਇਸ ਤੋਂ ਬਿਨਾਂ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਦੁਆਰਾ ਤਿਆਰ ਕੀਤੇ ਗਏ ਉਤਪਾਦਾਂ ਦੀ ਮੰਗ ਵੀ ਮੁੱਖ ਤੌਰ ਉੱਤੇ ਖੇਤੀਬਾੜੀ ਖੇਤਰ ਦੀ ਕਾਰਗੁਜ਼ਾਰੀ ਉੱਪਰ ਨਿਰਭਰ ਕਰਦੀ ਹੈ। ਜਿਸ ਸਮੇਂ ਕਿਸੇ ਵੀ ਕਾਰਨ ਕਰਕੇ ਖੇਤੀਬਾੜੀ ਖੇਤਰ ਡਾਵਾਂਡੋਲ ਹੁੰਦਾ ਹੈ ਤਾਂ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਦੇ ਉਤਪਾਦਾਂ ਦੀ ਮੰਗ ਬਹੁਤ ਘਟਣ ਕਰਨ ਉਨ੍ਹਾਂ ਦਾ ਬੁਰਾ ਹਾਲ ਹੋ ਜਾਂਦਾ ਹੈ। ਖੇਤੀਬਾੜੀ ਖੇਤਰ ਆਪਣੇ ਉੱਪਰ ਨਿਰਭਰ ਮੁਲਕ ਦੀ 50 ਫ਼ੀਸਦ ਦੇ ਕਰੀਬ ਆਬਾਦੀ ਨੂੰ ਰੁੱਖੀ ਸੁੱਕੀ ਰੋਟੀ ਦਿੰਦਾ ਆ ਰਿਹਾ ਹੇ, ਪਰ ਕਰੋਨਾਵਾਇਰਸ ਦੀ ਮਹਾਂਮਾਰੀ ਦੇ ਸੰਕਟ ਦੇ ਸ਼ੁਰੂ ਦੇ ਕੁਝ ਦਿਨਾਂ ਦੌਰਾਨ ਹੀ ਸ਼ਹਿਰੀ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਨੇ 10 ਕਰੋੜ ਦੇ ਨਜ਼ਦੀਕ ਪਰਵਾਸੀ ਮਜ਼ਦੂਰਾਂ ਨੂੰ ਭੁੱਖਮਰੀ ਦੇ ਬਘਿਆੜਾਂ ਅੱਗੇ ਸੁੱਟ ਦਿੱਤਾ।

ਖੇਤੀਬਾੜੀ ਖੇਤਰ ਨਾਲ ਸੰਬੰਧਿਤ ਪਾਸ ਕੀਤੇ ਗਏ ਤਿੰਨ ਅਧਿਆਦੇਸ਼ ਖੇਤੀਬਾੜੀ ਜਿਨਸਾਂ ਦੀ ਖ਼ਰੀਦ-ਵੇਚ ਲਈ ਖੁਲ੍ਹੀ ਮੰਡੀ, ਖੇਤੀਬਾੜੀ ਕੀਮਤਾਂ ਦੀ ਗਾਰੰਟੀ ਅਤੇ 1955 ਦੇ ਜ਼ਰੂਰੀ ਵਸਤਾਂ ਦੇ ਐਕਟ ਨੂੰ ਬਹੁਤ ਹੀ ਜ਼ਿਆਦਾ ਨਰਮ ਕਰਨ ਦਾ ਰਾਹ ਪੱਧਰਾ ਕਰਦੇ ਹਨ। ਏਥੇ ਇਨ੍ਹਾਂ ਤਿੰਨਾਂ ਪੱਖਾਂ ਦੇ ਸੰਬੰਧ ਵਿਚ ਵਿਚਾਰ ਕਰ ਲੈਣਾ ਬਣਦਾ ਹੈ। 1965 ਤੋਂ ਲੈ ਕੇ ਹੁਣ ਤੱਕ ਕੁਝ ਸੂਬਿਆਂ ਵਿਚ ਕਿਸਾਨਾਂ ਦੀਆਂ ਕਣਕ ਅਤੇ ਝੋਨੇ ਦੀਆਂ ਜਿਨਸਾਂ ਨੂੰ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਉੱਪਰ ਸਰਕਾਰੀ ਏਜੰਸੀਆਂ ਵੱਲੋਂ ਖ਼ਰੀਦਿਆਂ ਜਾਂਦਾ ਆ ਰਿਹਾ ਹੈ। ਭਾਵੇਂ ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਦੇ ਤੈਅ ਕੀਤੇ ਜਾਣ ਦੀ ਕੁਝ ਰਾਜਸੀ ਪਾਰਟੀਆਂ, ਕਿਸਾਨ ਜੱਥੇਬੰਦੀਆਂ ਅਤੇ ਵਿਦਵਾਨਾਂ ਵੱਲੋਂ ਸਖ਼ਤ ਨੁਕਤਾਚੀਨੀ ਹੁੰਦੀ ਆ ਰਹੀ ਹੈ, ਪਰ ਇਸ ਦੇ ਬਾਵਜੂਦ ਇਨ੍ਹਾਂ ਕੀਮਤਾਂ ਕਾਰਨ ਕਿਸਾਨ ਖੁੱਲ੍ਹੀ ਮੰਡੀ ਦੀ ਲੁੱਟ ਤੋਂ ਕੁਝ ਰਾਹਤ ਮਹਿਸੂਸ ਕਰਦੇ ਹਨ। ਹੁਣ ਖੁੱਲ੍ਹੀ ਮੰਡੀ ਨੂੰ ਮਨਜ਼ੂਰੀ ਮਿਲਣ ਉਪਰੰਤ ਸੂਬਾ ਖੇਤੀਬਾੜੀ ਮੰਡੀਕਰਨ ਬੋਰਡਾਂ ਦੁਆਰਾ ਨਿਯੰਤਰਣ ਕੀਤੀਆਂ ਜਾ ਰਹੀਆਂ ਮੰਡੀਆਂ ਨੂੰ ਬਹੁਤ ਵੱਡਾ ਨੁਕਸਾਨ ਹੋਵੇਗਾ ਜਿਸ ਨਾਲ ਇਨ੍ਹਾਂ ਬੋਰਡਾਂ ਦੁਆਰਾ ਪਿੰਡਾਂ ਦੇ ਕੀਤੇ ਜਾਂਦੀ ਵਿਕਾਸ ਨੂੰ ਵੱਡੇ ਪੱਧਰ ਉੱਪਰ ਖੋਰਾ ਲੱਗੇਗਾ। ਇਸ ਵਰਤਾਰੇ ਨਾਲ ਸਿਰਫ਼ ਕਿਸਾਨਾਂ ਦਾ ਹੀ ਨੁਕਸਾਨ ਨਹੀਂ ਹੋਵੇਗਾ, ਸਗੋਂ ਇਨ੍ਹਾਂ ਬੋਰਡਾਂ ਦੀਆਂ ਮੰਡੀਆਂ ਵਿਚ ਰੁਜ਼ਗਾਰ ਪ੍ਰਾਪਤ ਕਰਮਚਾਰੀਆਂ, ਪੱਲੇਦਾਰਾਂ ਅਤੇ ਆੜਤੀਆਂ ਨੂੰ ਵੀ ਰਗੜਾ ਲੱਗੇਗਾ। ਖੁੱਲ੍ਹੀ ਮੰਡੀ ਦੁਆਰਾ ਕਿਸਾਨਾਂ ਦੀ ਆਮਦਨ ਵਧਾਉਣ ਦੇ ਸੰਬੰਧ ਇਹ ਤੱਥ ਜਾਨਣਾ ਬਹੁਤ ਜ਼ਰੂਰੀ ਹੈ ਕਿ ਖੁਲ੍ਹੀ ਮੰਡੀ ਦਾ ਮੁੱਖ ਉਦੇਸ਼ ਸਰਮਾਏਦਾਰ ਜਗਤ ਦਾ ਨਫ਼ਾ ਵਧਾਉਣਾ ਹੁੰਦਾ ਹੈ ਨਾ ਕਿ ਆਮ ਲੋਕਾਂ ਦੀ ਭਲਾਈ ਕਰਨਾ। ਖੁੱਲ੍ਹੀ ਮੰਡੀ ਦੇ ਕਾਰਨ ਕਾਰਪੋਰੇਟ ਜਗਤ ਦੇ ਪ੍ਰਫੁੱਲਤ ਹੋਣ ਦੇ ਬਹੁਤ ਹੀ ਮਾੜਿਆਂ ਨਤੀਜਿਆਂ ਦਾ ਬਹੁਤ ਹੀ ਖ਼ੂਬਸੂਰਤੀ ਨਾਲ ਜ਼ਿਕਰ ਸੰਸਾਰ ਵਿਚ ਪ੍ਰਸਿੱਧ ਅਰਥਵਿਗਿਆਨੀ ਸਟਿਗਲਿਟਜ਼ ਨੇ ਆਪਣੀ ਪੁਸਤਕ 'ਦਾ ਪਰਾਇਸ ਆਫ਼ ਇਨਇਕਾਲਿਟੀ' ਅਤੇ ਪਿਕਟੀ ਨੇ ਆਪਣੀ ਪੁਸਤਕ 'ਕੈਪੀਟਲ ਇਨ ਦਾ ਟਵੈਂਟੀ ਫਸਟ ਸੈਂਚਰੀ' ਵਿਚ ਕੀਤਾ ਹੈ। ਖੁੱਲ੍ਹੀ ਮੰਡੀ ਦੀ ਲੁੱਟ ਕਾਰਨ ਉੱਪਰਲੇ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਵਿਚਕਾਰ ਲਗਾਤਾਰ ਵਧਦੀਆਂ ਆਰਥਿਕ ਅਸਮਾਨਤਾਵਾਂ ਦਾ ਜ਼ਿਕਰ ਇਹ ਪੁਸਤਕਾਂ ਇਸ ਮੰਡੀ ਦੇ ਲੋਕ-ਪੱਖੀ ਹੋਣ ਦੀ ਪੋਲ ਸ਼ਰੇਆਮ ਖੋਲ੍ਹਦਾ ਹੈ। ਤਿੰਨ ਵਿਚੋਂ ਇਕ ਅਧਿਆਦੇਸ਼ ਵਿਚ ਖੇਤੀਬਾੜੀ ਜਿਨਸਾਂ ਦੀ ਕੀਮਤ ਗਾਰੰਟੀ ਸਕੀਮ ਦਾ ਫ਼ਾਇਦਾ ਦੱਸਿਆ ਗਿਆ ਹੈ। ਇਹ ਸਕੀਮ ਇਕਰਾਰਨਾਮੇ ਵਾਲੀ ਖੇਤੀਬਾੜੀ ਦਾ ਹੀ ਦੂਜਾ ਨਾਮ ਹੈ। ਭਾਰਤ ਲਈ ਇਹ ਨਵਾ ਤਜ਼ਰਬਾ ਨਹੀਂ ਹੈ। ਇਸ ਸੰਬੰਧ ਵਿਚ ਇਕਰਾਰਨਾਮਾ ਕਰਨ ਵਾਲੀਆਂ ਫਰਮਾਂ ਵੱਲੋਂ ਕਿਸਾਨਾਂ ਦੀ ਕੀਤੀ ਗਈ ਲੁੱਟ ਦੀਆਂ ਅਨੇਕਾਂ ਉਦਾਹਰਣਾਂ ਹਨ। 1955 ਦੇ ਜ਼ਰੂਰੀ ਵਸਤਾ ਕਾਨੂੰਨ ਬੇਹੱਦ ਨਰਮ ਕਰਨ ਨਾਲ ਵਪਾਰੀਆਂ, ਕਾਰੋਬਾਰੀਆਂ ਆਦਿ ਲਈ ਇਨ੍ਹਾਂ ਵਸਤਾਂ ਦੇ ਭੰਡਾਰ ਕਰਨ ਦੀਆਂ ਸੀਮਾ ਸੰਬੰਧੀ ਸਾਰੀਆਂ ਪਾਬੰਦੀਆਂ ਹਟਾਉਣ ਬਾਰੇ ਦੱਸਿਆ ਗਿਆ ਹੈ ਜਿਹੜਾ ਕਿਸੇ ਵੀ ਤਰ੍ਹਾਂ ਕਿਸਾਨਾਂ ਅਤੇ ਖ਼ਪਤਕਾਰਾਂ ਦੇ ਹੱਕ ਵਿਚ ਨਹੀਂ ਹੋ ਸਕਦਾ, ਸਗੋਂ ਇਨ੍ਹਾਂ ਵਰਗਾਂ ਦਾ ਨਪੀੜਨ ਕਰੇਗਾ।



ਕੇਂਦਰੀ ਮੰਤਰੀ ਨਿਤਿਨ ਗਡਕਰੀ ਦਾ ਦਾਅਵਾ ਹੈ ਕਿ ਮੁਲਕ ਦੇ ਕਿਸਾਨਾਂ ਨੂੰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਘਰੇਲੂ ਅਤੇ ਕੌਮਾਂਤਰੀ ਮੰਡੀ ਨਾਲੋਂ ਵੱਧ ਦਿੱਤੀਆ ਜਾ ਰਹੀਆਂ ਹਨ। ਇਸ ਸੰਬੰਧ ਵਿਚ ਦੋ ਤੱਥ ਜਾਣਨੇ ਬਹੁਤ ਜ਼ਰੂਰੀ ਹਨ ਕਿ ਜੇਕਰ ਅਜਿਹਾ ਹੈ ਤਾਂ ਮੁਲਕ ਦੀ 50 ਫ਼ੀਸਦ ਦੇ ਕਰੀਬ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਸਿਰਫ਼ 14 ਫ਼ੀਸਦ ਦੇ ਕਰੀਬ ਹੀ ਹਿੱਸਾ ਕਿਉਂ ਦਿੱਤਾ ਜਾ ਰਿਹਾ ਹੈ ਅਤੇ ਦੂਜੇ, ਕੌਮਾਂਤਰੀ ਪੱਧਰ ਉੱਪਰ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਨੂੰ ਅਣਦੇਖਿਆ ਕਿਉਂ ਕੀਤਾ ਜਾਂਦਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਭਾਰਤ ਵਿਚ ਪ੍ਰਤਿ ਕਿਸਾਨ 359 ਅਮਰੀਕਨ ਡਾਲਰ ਸਬਸਿਡੀ ਦਿੱਤੀ ਜਾਂਦੀ ਹੈ ਜਦੋਂਕਿ ਇਹ ਸਬਸਿਡੀ ਅਮਰੀਕਾ ਵਿਚ 59000 ਅਮਰੀਕਨ ਡਾਲਰਾਂ ਤੋਂ ਵੱਧ ਅਤੇ ਓ.ਈ.ਸੀ.ਡੀ. ਮੁਲਕਾਂ ਵਿਚ 20000 ਤੋਂ 25000 ਅਮਰੀਕਨ ਡਾਲਰਾਂ ਦੇ ਵਿਚਕਾਰ ਹੈ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਮੁਲਕ ਵਿਚ ਕਣਕ ਅਤੇ ਚੋਲ਼ਾਂ ਦੇ ਭੰਡਾਰ ਦੇ ਆਉਣ ਵਾਲੇ ਤਿੰਨ ਸਾਲਾਂ ਤੱਕ ਦੇ ਦਾਅਵੇ ਸੰਬੰਧੀ ਇਹ ਤੱਥ ਜਾਨਣਾ ਅਤਿ ਜ਼ਰੂਰੀ ਹੈ ਕਿ ਜੇਕਰ ਇਹ ਸੱਚ ਹੈ ਤਾਂ ਕਰੋਨਾਵਾਇਰਸ ਦੀ ਮਹਾਂਮਾਰੀ ਦੇ ਸੰਕਟ ਵਿਚ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਕਿਉਂ ਹੋਏ? ਮੁਲਕ ਵਿਚ ਅਖੌਤੀ ਅਨਾਜ-ਸੁਰੱਖਿਆ ਅਤੇ ਕਣਕ ਅਤੇ ਚੋਲ਼ਾਂ ਦੇ ਵਾਧੂ ਭੰਡਾਰਾਂ ਦੇ ਦਾਵਏ ਦੀ ਪੋਲ ਖੋਲ੍ਹਦਾ ਤੱਥ ਇਹ ਹੈ ਕਿ ਵੱਡੀ ਗਿਣਤੀ ਭਾਰਤੀਆਂ ਕੋਲ ਖ਼ਰੀਦ ਸ਼ਕਤੀ ਦੀ ਵੱਡੀ ਕਮੀ ਹੈ। ਇਸ ਤੋਂ ਬਿਨਾ ਕੌਮਾਂਤਰੀ ਸੰਸਥਾਵਾਂ ਵੱਲੋਂ ਸਮੇਂ ਸਮੇਂ ਉੱਪਰ ਭੁੱਖਮਰੀ ਸੰਬੰਧੀ ਤਿਆਰ ਕੀਤੇ ਗਏ ਸੂਚਕਾਂ ਵਿਚ ਭਾਰਤ ਦਾ ਬਹੁਤ ਹੀ ਨੀਵਾਂ ਸਥਾਨ ਸਰਕਾਰ ਦੇ ਦਾਅਵਿਆਂ ਨੂੰ ਗ਼ਲਤ ਸਿੱਧ ਕਰਦਾ ਰਹਿੰਦਾ ਹੈ।

ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਦੁਰਕਾਰ ਅਤੇ ਉਜਾੜ ਦੀਆਂ ਹੋਈਆਂ ਕਾਰਪੋਰੇਟ ਖੇਤੀਬਾੜੀ ਨੂੰ ਪ੍ਰਫੁੱਲਿਤ ਕਰਨਗੀਆਂ। ਕਾਰਪੋਰੇਸ਼ਨਾਂ ਦਾ ਮੁੱਖ ਉਦੇਸ਼ ਆਪਣੇ ਨਫ਼ੇ ਵਧਾਉਣਾ ਹੁੰਦਾ ਹੈ ਜਿਸ ਕਾਰਨ ਉਹ ਮੁਲਕ ਦੀ ਅਨਾਜ ਸੁਰੱਖਿਆ ਬਾਰੇ ਕਿਉਂ ਸੋਚਣਗੀਆਂ? 1961 ਵਿਚ ਮੁਲਕ ਦੀ ਜਨਸੰਖਿਆ 44 ਕਰੋੜ ਅਤੇ 1971 ਵਿਚ 55 ਕਰੋੜ ਦੇ ਕਰੀਬ ਸੀ ਜਿਸ ਸਮੇਂ ਦੌਰਾਨ ਅਸੀਂ ਅਮਰੀਕਾ ਤੋਂ ਪੀ.ਐੱਲ. 480 ਅਧੀਨ ਉਸ ਦੀਆਂ ਸ਼ਰਤਾਂ ਮੰਨਕੇ ਅਨਾਜ ਆਯਾਤ ਕਰਦੇ ਸੀ, ਪਰ ਹੁਣ ਸਾਡੀ ਜਨਸੰਖਿਆ ਦੇ 135 ਕਰੋੜ ਦੇ ਕਰੀਬ ਹੋਣ ਕਰਕੇ ਮੁਲਕ ਬਾਹਰਲੇ ਮੁਲਕਾ ਤੋਂ ਅਨਾਜ ਕਿਵੇਂ ਮੰਗਵਾਏਗਾ? ਸਮੇਂ ਦੀ ਲੋੜ ਹੈ ਕਿ ਮੁਲਕਾਂ ਦੇ ਵੱਡੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਖੇਤੀਬਾੜੀ ਨੀਤੀਆਂ ਨੂੰ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ-ਪੱਖੀ ਬਣਾਉਂਦੇ ਹੋਏ ਪੰਜਾਬ ਦਲਿਤਾਂ ਵੱਲੋਂ ਠੇਕੇ ਉੱਪਰ ਪੰਚਾਇਤੀ ਜ਼ਮੀਨਾਂ ਵਿਚ ਉਨ੍ਹਾਂ ਲਈ ਰਾਖਵੀਂ 1/3 ਹਿੱਸੇ ਦੀ ਜ਼ਮੀਨ ਉੱਪਰ ਕੀਤੀ ਗਈ ਸਹਿਕਾਰੀ ਖੇਤੀਬਾੜੀ ਤੋਂ ਸਬਕ ਲੈਂਦੇ ਹੋਏ ਸਹਿਕਾਰੀ ਖੇਤੀਬਾੜੀ ਵੱਲ ਤੇਜ਼ੀ ਨਾਲ ਵਧਿਆ ਜਾਵੇ ਨਹੀਂ ਤਾਂ ਵਰਤਮਾਨ ਨੀਤੀਆਂ ਦੁਆਰਾ ਖੇਤੀਬਾੜੀ ਕਾਮਿਆਂ ਨੂੰ ਦੁਰਕਾਰਨਾ ਅਤੇ ਉਜਾੜਨਾ ਸਭ ਤੋਂ ਖ਼ਤਰਨਾਕ ਹੋਵੇਗਾ।

# ਮਰਹੂਮ, ਸੁਰਿੰਦਰ ਸਰੋਏ

ਹਰਬੰਸ ਵਿਰਦੀ,
ਵੈਸਟ ਲੰਡਨ



ਹੰਸਲੋ, ਗਰੇਟਰ ਲੰਡਨ ਵਿੱਚ ਰਹਿਣ ਵਾਲੇ ਮਦਨ ਸਰੋਏ, ਜਿਨ੍ਹਾਂ ਦਾ ਸਾਰਾ ਪ੍ਰੀਵਾਰ ਅੰਬੇਡਕਰੀ ਅਤੇ ਸਟੌਂਚ ਬੁਧਿੱਸਟ ਹੈ। ਉਨ੍ਹਾਂ ਦੀ ਭਾਰੀਆ (ਜੰਬੂਦੀਪ (ਭਾਰਤ) ਦੀ ਸਭ ਤੋਂ ਪੁਰਾਣੀ ਪਾਲੀ ਭਾਸ਼ਾ ਦਾ ਭਾਰੀਆ ਵਾਈਫ ਲਈ ਲਫਜ਼) ਸੁਰਿੰਦਰ ਇੱਕ ਭਿਆਨਕ ਬੀਮਾਰੀ ਦੀ ਸ਼ਿਕਾਰ ਹੋ ਕੇ 28 ਮਾਰਚ 2020 ਨੂੰ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈ।ਸਰੋਏ ਸਾਹਿਬ ਪਿੰਡ ਤਲਵਣ ਤੋਂ ਹਨ ਅਤੇ ਬਹੁਤ ਲੰਬੇ ਸਮੇਂ ਤੋਂ ਹੰਸਲੋ ਵਿੱਚ ਰਹਿੰਦੇ ਹਨ।ਸੁਰਿੰਦਰ ਦਾ ਜਨਮ ਫਲੌਰ ਨੇੜੇ ਪਿੰਡ ਤਰਖਾਣ ਮਜਾਰਾ ਵਿੱਚ ਹੋਇਆ, ਉਹ ਵੀ ਬਹੁਤ ਲੰਬੇ ਸਮੇਂ ਤੋ ਆਪਣੇ ਪਤੀ ਮਦਨ ਜੀ ਨਾਲ ਗ੍ਰੇਟਰ ਲੰਡਨ ਵਿੱਚ ਰਹਿੰਦੇ ਸਨ। ਭੈਣ ਸੁਰਿੰਦਰ ਆਪਣੇ ਪਿੱਛੇ ਤਿੰਨ ਬੇਟੇ ਅਤੇ ਦੋ ਬੇ-ਟੀਆਂ ਛੱਡ ਗਏ ਹਨ।ਬੁੱਧ ਧੰਮ ਅਤੇ ਬਾਬਾ ਸਾਹਿਬ ਦੇ ਮਿਸ਼ਨ ਲਈ ਭੈਣ ਸੁਰਿੰਦਰ ਸਰੋਏ ਸਾਹਿਬ ਦਾ ਪੂਰਾ ਪੂਰਾ ਸਹਿਯੋਗ ਦਿੰਦੇ ਸਨ।



ਮਦਨ ਸਰੋਏ ਜੀ ਆਪਣੀ ਮਰਹੂਮ ਭਾਰੀਆ ਦੀ ਯਾਦ ਵਿੱਚ ਬਹੁਤ ਹੀ ਜਲਦੀ ਅੱਪਰਾ, ਜਿਲ੍ਹਾ ਜਲੰਧਾਰ ਵਿਖੇ ਉਰੋਕਤ ਵੇਰਵੇ ਅਨੁਸਾਰ ਇੱਕ ਲੜਕੀਆਂ ਲਈ ਕੱਪੜੇ ਸਿਉਣ ਦਾ ਸਿਲਾਈ ਕੇਂਦਰ ਖੋਲ ਰਹੇ ਹਨ। ਜਿਸ ਵਿੱਚ ਇੱਕ ਟੀਚਰ ਲੜਕੀਆਂ ਨੂੰ ਕੱਪੜੇ ਸਿਖਾਊਣ ਦੀ ਮੁਫਤ ਟਰੇਨਿੰਗ ਦੇਵੇਗੀ। ਸਰੋਏ ਸਾਹਿਬ ਨੇ ਬਹੁਤ ਸਮਾਂ ਪਹਿਲਾਂ ਆਪਣੇ ਪਿੰਡ ਤਲਵਣ ਵਿੱਚ 2010 ਤੋਂ 2015 ਤੱਕ ਤਲਵਣ ਬੁੱਧ ਵਿਹਾਰ ਵਿਖੇ ਲੜਕੀਆਂ ਲਈ ਸਿਲਾਈ ਸੈਂਟਰ ਖੋਲਿਆ ਸੀ ਪਰ ਇੱਕ ਪਿੰਡ ਵਿੱਚ ਬਹੁਤ ਜ਼ਿਆਦਾ ਲੜਕੀਆਂ ਨਹੀਂ ਆਉਂਦੀਆਂ ਸਨ, ਇਸ ਲਈ ਪਿੰਡ ਦੇ ਸੈਂਟਰ ਨੂੰ ਬੰਦ ਕਰਕੇ ਫਲੌਰ ਦੇ ਆਨੰਦ ਬੁੱਧ ਵਿਹਾਰ ਵਿੱਚ 2015 ਨੂੰ ਸਿਖਲਾਈ ਸੈਂਟਰ ਖੋਲਿਆ ਪਰ ਉਨ੍ਹਾਂ ਦੇ ਰਿਸ਼ਤੇਦਾਰ (ਸੁਰਿੰਦਰ ਦੇ ਬੜੇ ਭਰਾ) ਗੁਰਨਾਮ ਮੱਲ ਸਾਹਿਬ ਦਾ ਐਜਸੈਡੈਂਟ ਹੋਣ ਕਰਕੇ ਉਨ੍ਹਾਂ ਦੀ ਸੇਹਤ ਖਰਾਬ ਰਹਿਣ ਲੱਗੀ ਤਾਂ 2017 ਵਿੱਚ ਇਸਨੂੰ ਬੰਦ ਕਰ ਦਿੱਤਾ ਗਿਆ।ਫਿਰ ਸੁਰਿੰਦਰ ਦੇ ਪੇਕੇ ਪਿੰਡ ਤਰਖਾਣ ਮਜਾਰਾ ਵਿੱਚ 2017 ਵਿੱਚ ਸਿਖਲਾਈ ਸੈਂਟਰ ਸ਼ੁਰੂ ਕੀਤਾ ਜੋ ਕਿ 2018 ਤੱਕ ਚੱਲਿਆ। ਕਰੋਨਾ ਵਾਇਰਸ ਹੋਣ ਕਰਕੇ ਅੱਪਰੇ ਵਿੱਚ ਸੈਂਟਰ ਖੋਲਣ ਲਈ ਦਿੱਕਤ ਆ ਰਹੀ ਹੈ ਪਰ ਜਲਦੀ ਹੀ ਅੱਪਰੇ ਵਿੱਚ ਇਹ ਸਿਖਲਾਈ ਸੈਂਟਰ ਭੈਣ ਸੁਰਿੰਦਰ ਦੀ ਯਾਦ ਵਿੱਚ ਖੋਲ ਦਿੱਤਾ ਜਾਵੇਗਾ। ਸਰੋਏ ਸਾਹਿਬ ਢਾਈ ਲੱਖ ਤੋਂ ਵੱਧ ਰੁਪਏ ਖਰਚਕੇ ਤਲਵਣ ਵਾਲੇ ਬੁੱਧ ਵਿਹਾਰ ਵਿੱਚ ਇਲ਼ਟਰਲੌਕ ਆਪਣੀ ਭਾਰੀਆ ਦੀ ਯਾਦ ਵਿੱਚ ਲਗਵਾਕੇ ਦੇ ਰਹੇ ਹਨ।

ਵਿਹਾਰ ਦੇ ਨਜ਼ਦੀਕ ਜੋ ਸਾਂਝਾ ਤੌੜ ਪਿਆ ਹੈ ਉਸਦਾ ਵੀ ਫਰਸ਼ ਬਣਾਕੇ ਦੇ ਰਹੇ ਹਨ।ਸਿਲਾਈ ਸੈਂਟਰ ਅਤੇ ਬਾਕੀ ਸਾਰਾ ਕੰਮ ਸੁਰਿੰਦਰ ਦੇ ਭਰਾ ਰਾਮ ਸ਼ਿਨ ਦੀ ਅਗਵਾਈ ਹੇਠ ਹੋ ਰਿਹਾ ਹੈ।

ਬੁੱਧ, ਧੰਮ ਅਤੇ ਸੰਘ ਦੀ ਅਸ਼ੀਰਵਾਦ ਨਾਲ ਭੈਣ ਸੁਰਿੰਦਰ ਨੂੰ ਨਿੱਬਾਣ ਪ੍ਰਾਪਤ ਹੋਵੇ।

11-12 ਜੂਨ 1926 ਨੂੰ ਯਾਦ ਕਰਦਿਆਂ

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੁੱਗੋਵਾਲੀਆ

ਕਿਸ਼ਤ ਦੂਜੀ

## ਡਾ. ਰਾਜਿੰਦਰ ਪ੍ਰਸਾਦ ਦੀਆਂ ਲਿਖਤਾਂ ਵਿਚ 'ਆਦਿ ਧਰਮ'

ਆਦਿ ਧਰਮ ਮੰਡਲ, ਪੰਜਾਬ ਦੀ ਇਸ ਬੇਮਿਸਾਲ ਪ੍ਰਾਪਤੀ ਦਾ ਜ਼ਿਕਰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ 1946 ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'ਇੰਡੀਆ ਡੀਵਾਇਡਿਡ' ਵਿਚ ਵੀ ਕੀਤਾ ਹੈ। ਇਸ ਸਬੰਧ ਵਿਚ ਨੀਰਜ ਪਾਲ ਜੀ ਨੇ 10 ਜੂਨ, 2020 ਨੂੰ ਪ੍ਰਕਾਸ਼ਿਤ 'ਅੰਬੇਡਕਰ ਟਾਈਮਜ਼ ਦੇ ਪੰਨਾ 3 ਉਤੇ ਸ੍ਰੋਤ ਪੁਸਤਕ ਡਿਵਾਇਡਿਡ ਇੰਡੀਆ ਵਿਚੋਂ ਹਵਾਲਾ ਪ੍ਰਸਤੁਤ ਕੀਤਾ ਸੀ। ਇਸ ਪੁਸਤਕ ਦੇ ਪੰਨਾ 228 'ਤੇ ਅੰਕਿਤ 1931 ਦੀ ਮਰਦਮਸ਼ੁਮਾਰੀ ਸਬੰਧੀ ਇਕ ਟੇਬਲ ਅਰਥਾਤ ਅੰਕੜਾ ਸੂਚੀ ਪ੍ਰਸਤੁਤ ਕਰਦਿਆਂ ਉਹ ਲਿਖਦੇ ਹਨ:

ਉਪਰ ਦਿੱਤੇ ਟੇਬਲ ਵਿਚ ਦਰਜ ਅੰਕੜਾ ਸੂਚੀ ਬਾਰੇ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਨੁਕਤਾ ਖਾਸ ਤੌਰ 'ਤੇ ਨੋਟ ਕਰਨਯੋਗ ਹੈ ਕਿ 'ਹੋਰ ਦੂਸਰੇ' ਕਾਲਮ ਅਧੀਨ ਆਦਿ ਧਰਮੀਆਂ, ਜੈਨੀਆਂ, ਪਾਰਸੀਆਂ ਅਤੇ ਯਹੂਦੀਆਂ ਸਮੇਤ ਉਹ ਸਾਰੇ ਵੀ ਸ਼ਾਮਲ ਹਨ, ਜਿਹਨਾਂ ਨੇ ਆਪਣਾ ਕੋਈ ਵਿਸ਼ੇਸ਼ ਧਰਮ ਅਤੇ ਸੰਪ੍ਰਦਾਇ ਦਾ ਨਾਂ ਦਰਜ ਨਹੀਂ ਕਰਵਾਇਆ। ਮਰਦਮਸ਼ੁਮਾਰੀ ਕਮਿਸ਼ਨਰ ਦੇ ਅਨੁਸਾਰ ਇਹਨਾਂ ਵਿਚ ਸਭ ਤੋਂ ਵੱਡੀ ਗਿਣਤੀ ਆਦਿ ਧਰਮੀਆਂ ਦੀ ਹੈ, ਜਿਹੜੇ ਭਾਵੇਂ ਉਹ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਹਨ ਪਰ ਉਹਨਾਂ ਨੇ ਹਿੰਦੂ ਹੋਣ ਦਾ ਦਾਅਵਾ ਨਹੀਂ ਕੀਤਾ। ਉਹਨਾਂ ਨੇ ਨਾ ਸਿਰਫ ਆਪਣੇ ਆਪ ਨੂੰ ਹਿੰਦੂਆਂ ਤੋਂ ਅਲੱਗ, ਸਗੋਂ ਅਨੁਸੂਚਿਤ ਜਾਤੀਆਂ ਤੋਂ ਵੀ ਵੱਖਰਿਆ 'ਆਦਿ ਧਰਮੀ' ਰਿਕਾਰਡ ਕਰਵਾਇਆ ਹੈ।









ਡਾ. ਰਾਜਿੰਦਰ ਪ੍ਰਸਾਦ ਅੱਗੇ ਲਿਖਦੇ ਹਨ ਕਿ 'ਉਹਨਾਂ (ਆਦਿ ਧਰਮੀ) ਦੀ ਸੰਖਿਆ 3,43,686 ਹੈ ਅਤੇ ਉਹ ਪੰਜਾਬ ਦੀ ਕੁੱਲ ਜਨਸੰਖਿਆ ਦਾ 1.21 ਪ੍ਰਤੀਸ਼ਤ ਬਣਦੇ ਹਨ। ਉਹ ਜ਼ਿਆਦਾਤਰ ਜਲੰਧਰ ਡਿਵੀਜ਼ਨ ਵਿਚ ਕੇਂਦਰਿਤ ਹਨ, ਜਿੱਥੇ ਉਹਨਾਂ ਦੀ ਗਿਣਤੀ 2, 50,267 ਹੈ ਜੋ ਡਿਵੀਜ਼ਨ ਦੀ ਕੁੱਲ ਆਬਾਦੀ ਦਾ 4.60 ਪ੍ਰਤੀਸ਼ਤ ਬਣਦਾ ਹੈ। ਉਹਨਾਂ ਦੀ ਦੂਸਰੀ ਵੱਡੀ ਗਿਣਤੀ ਮੁਲਤਾਨ ਡਿਵੀਜ਼ਨ ਅਤੇ ਲਾਹੌਰ ਡਿਵੀਜ਼ਨ ਵਿਚ ਹੈ, ਜਿੱਥੇ ਉਹਨਾਂ ਦੀ ਸੰਖਿਆ ਕ੍ਰਮਵਾਰ 68,641 ਅਤੇ 20,488 ਹੈ। ਅੰਬਾਲਾ ਅਤੇ ਰਾਵਲਪਿੰਡੀ ਡਿਵੀਜ਼ਨਾਂ ਵਿਚ ਉਹਨਾਂ ਦੀ ਗਿਣਤੀ ਘੱਟ ਹੈ ਜੋ ਕ੍ਰਮਵਾਰ 2795 ਅਤੇ 1534 ਹੈ। ਇਸ ਦ੍ਰਿਸ਼ਟੀ ਤੋਂ ਇਹ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ 1131 ਦੀ ਜਨਗਣਨਾ ਵਿਚ ਚਮਾਰਾਂ, ਚੂਹੜਿਆਂ ਅਤੇ ਦੂਸਰੇ ਅਛੂਤਾਂ ਨੇ ਆਪਣੇ ਲਈ 'ਆਦਿ ਧਰਮੀ' ਸ਼ਬਦ ਅਪਣਾਇਆ ਹੈ। ਪਹਿਲੀਆਂ ਮਰਦਮਸ਼ੁਮਾਰੀਆਂ ਵਿਚ ਚੂਹੜੇ ਹਿੰਦੂਆਂ ਵਿਚ ਹੀ ਦਰਜ ਕੀਤੇ ਜਾਂਦੇ ਸਨ, ਜਿੰਨਾ ਚਿਰ ਤੱਕ ਉਹ ਆਪਣੇ ਆਪ ਨੂੰ ਕਿਸੇ ਦੂਸਰੇ ਮਾਨਤਾ ਪ੍ਰਾਪਤ ਧਰਮ ਵਿਚ ਦਰਜ ਨਹੀਂ ਸੀ ਕਰਵਾਉਂਦੇ। 1941 ਦੀ ਜਨਗਣਨਾ ਰਿਪੋਰਟ ਵਿਚ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਜਿਹਨਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ, ਉਹਨਾਂ ਨੇ ਹਿੰਦੂ ਹੋਣ ਦਾ ਦਾਅਵਾ ਨਹੀਂ ਕੀਤਾ। ਇਸ ਤਰ੍ਹਾਂ ਪਿਛਲੀਆਂ ਦੋ ਮਰਦਮ ਸ਼ੁਮਾਰੀਆਂ, ਆਦਿ ਧਰਮੀਆਂ ਤੋਂ ਬਗੈਰ ਪ੍ਰਾਂਤ (ਪੰਜਾਬ) ਵਿਚ ਹਿੰਦੂਆਂ ਦੀ ਗਿਣਤੀ ਨੂੰ ਘਟਾਂਉਣ ਵਿਚ ਸਫਲ ਹੋਈਆਂ ਹਨ।''

ਡਾ. ਰਾਜਿੰਦਰ ਪ੍ਰਸਾਦ ਨੇ ਪੰਜਾਬ ਵਿਚ ਆਦਿ ਧਰਮ ਲਹਿਰ ਦੇ ਪ੍ਰਭਾਵ ਨੂੰ ਆਪਣੀ ਇਸ ਪੁਸਤਕ ਵਿਚ ਪੂਰੀ ਤਰ੍ਹਾਂ ਸਵੀਕਾਰਿਆ ਹੈ। ਇੱਥੇ ਪੰਜਾਬ ਦੀ ਜਨਗਣਨਾ ਰਿਪੋਰਟ ਦਾ ਸੰਖੇਪ ਵਿਚ ਹਵਾਲਾ ਦੇਣਾ ਵੀ ਸ਼ਾਇਦ ਗੈਰ-ਵਾਜਿਬ ਨਹੀਂ ਹੋਵੇਗਾ। ਸਿਵਲ ਅਤੇ ਮਿਲਟਰੀ ਗਜ਼ਟ, ਪ੍ਰੈਸ, ਲਾਹੌਰ ਵੱਲੋਂ ਪ੍ਰਕਾਸ਼ਿਤ Census of India, 1931, Volume XVII, Punjab' ਦੇ ਪੰਨਾ 289 'ਤੇ ਆਦਿ ਧਰਮ ਨੂੰ ਇਕ ਨਵੇਂ ਧਰਮ ਵਜੋਂ ਅੰਕਿਤ ਕੀਤਾ ਗਿਆ ਹੈ। ਇਸ ਲੇਖ ਦੀ ਪਹਿਲੀ ਕਿਸ਼ਤ ਵਿਚ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਪ੍ਰੋ. ਮਾਰਕ ਦੁਆਰਾ ਪ੍ਰਸਤੁਤ ਸੰਦਰਭ ਵੀ ਇਸ ਰਿਪੋਰਟ ਦਾ ਹੀ ਹਿੱਸਾ ਹਨ, ਜੋ ਉਪਰੋਕਤ ਰਿਪੋਰਟ ਦੇ ਪੰਨਾ 289 ਅਤੇ 294 ਤੇ ਅੰਕਿਤ ਹੈ।

## ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਵਿਚ ਆਦਿ ਧਰਮ

ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ ਆਦਿ ਧਰਮ ਦੇ ਪ੍ਰਚਾਰਕ ਸਾਥੀਆਂ ਸੰਤ ਰਾਮ ਆਜ਼ਾਦ, ਮਹਾਤਮਾ ਗਣੇਸ਼ ਦਾਸ ਭਰਮਤੋੜ, ਪੰਡਿਤ ਬਖਸ਼ੀ ਰਾਮ, ਬਾਬੂ ਗੰਗਾ ਰਾਮ ਗੜਗੱਜ, ਪੰਡਿਤ ਸੰਤ ਰਾਮ ਪਿਪਲਾਂਵਾਲਾ, ਬਾਬੂ ਹਮੀਰ ਚੰਦ, ਗੁਰਦਾਸ ਰਾਮ ਆਲਮ, ਚਾਨਣ ਲਾਲ ਮਾਣਕ ਅਤੇ ਹੋਰ ਅਨੇਕ ਮਿਸ਼ਨਰੀ ਕਵੀਆਂ ਅਤੇ ਆਗੂਆਂ ਦੇ ਅਣਥੱਕ ਯਤਨਾਂ ਸਦਕਾ ਆਦਿ ਧਰਮ ਲਹਿਰ ਪੂਰੇ ਪੰਜਾਬ ਵਿਚ ਆਪਣਾ ਮਹੱਤਵਪੂਰਨ ਸਥਾਨ ਤੇ ਪ੍ਰਭਾਵ ਕਾਇਮ ਕਰਨ ਵਿਚ ਸਫਲਤਾ ਪ੍ਰਾਪਤ ਕਰ ਰਹੀ ਸੀ। ਪੰਜਾਬ ਵਿਚ ਅਛੂਤਾਂ ਦੇ ਦੋਖੀ, ਆਦਿ ਧਰਮ ਦੇ ਦਿਨੋਂ ਦਿਨ ਵੱਧ ਰਹੇ ਇਸ ਪ੍ਰਭਾਵ ਤੋਂ ਭੈ-ਭੀਤ ਅਤੇ ਚਿੰਤਤ ਸਨ। ਇਸ ਸਬੰਧੀ ਪ੍ਰੋ. ਜਗਮੋਹਨ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ' ਵਿਚ ਸੰਕਲਿਤ ਜੂਨ 1928 ਦੇ 'ਕਿਰਤੀ' ਪੇਪਰ ਵਿਚ ਪ੍ਰਕਾਸ਼ਿਤ ਸ਼ਹੀਦ ਭਗਤ ਸਿੰਘ ਦਾ ਲੇਖ 'ਅਛੂਤ ਦਾ ਸਵਾਲ' ਵਾਚਣਯੋਗ ਹੈ:

(ੳ) ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ, ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ। (ਪੰਨਾ 219)

(ਅ) ਕਿਆ ਖੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ। ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਰਾਜ਼ ਹੋ ਜਾਂਦਾ ਹੈ। (ਪੰਨਾ 219)

(ੲ) ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਹਨਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲਾਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। (ਪੰਨਾ 220)

(ਸ) ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਹੌਲੀ-ਹੌਲੀ ਸਿੱਖਾਂ ਵਿਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। (ਪੰਨਾ 219)

(ਹ) ਇੱਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਵੀ ਕਿਉਂ ਨਾ ਸੰਗਠਿਤ ਹੋਈਏ। - ਆਦਿ ਧਰਮ ਮੰਡਲ ਆਦਿਕ ਉਸੇ ਪ੍ਰਕਾਰ ਦੇ ਪ੍ਰਚਾਰ ਦਾ ਨਤੀਜਾ ਹਨ। (ਪੰਨਾ 219)

ਸ਼ਹੀਦ ਭਗਤ ਸਿੰਘ ਨੇ ਇਹ ਵਿਸਤ੍ਰਿਤ ਲੇਖ ਆਦਿ ਧਰਮ ਲਹਿਰ (11, 12 ਜੂਨ 1926) ਦੇ ਦੋ ਸਾਲ ਪੂਰੇ ਹੋਣ ਉਪਰੰਤ ਜੂਨ 1928 ਵਿਚ ਲਿਖਿਆ ਸੀ। ਉਸਨੇ ਇਸ ਲੇਖ ਵਿਚ ਨਾ ਕੇਵਲ ਹਿੰਦੂਆਂ, ਸਿੱਖਾਂ ਵੱਲੋਂ ਆਪਣੀ ਨਫਰੀ ਵਧਾ ਕੇ ਅੰਗਰੇਜ਼ ਸਰਕਾਰ ਕੋਲੋਂ ਆਪਣੇ ਲਈ ਵੱਧ ਅਧਿਕਾਰ ਅਤੇ ਸਹੂਲਤਾਂ ਪ੍ਰਾਪਤ ਕਰਨ ਲਈ ਅਛੂਤਾਂ ਲਈ ਫੋਕੀ ਹਮਦਰਦੀ ਦਿਖਾਏ ਜਾਣ ਦੇ ਢੌਂਗ ਨੂੰ ਹੀ ਨੰਗਿਆਂ ਕੀਤਾ, ਬਲਕਿ ਅਛੂਤਾਂ ਨੂੰ ਜਥੇਬੰਦ ਹੋ ਕੇ ਆਪਣੇ ਹੱਕ ਪ੍ਰਾਪਤ ਕਰਨ ਲਈ ਪ੍ਰੇਰਨਾ ਵੀ ਦਿੱਤੀ। ਭਗਤ ਸਿੰਘ ਦੀ ਡੂੰਘੀ ਸੋਚ ਅਤੇ ਵਿਸ਼ਾਲ ਦੂਰ6ਅੰਦੇਸ਼ੀ ਦੀ ਝਲਕ ਵੀ ਉਸਦੀ ਇਸ ਲਿਖਤ ਵਿਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸ ਵੇਲੇ ਉਸਦੀ ਉਮਰ ਮਹਿਜ਼ 21 ਸਾਲ ਦੀ ਹੀ ਸੀ। ਆਦਿ ਧਰਮ ਲਹਿਰ ਨੂੰ ਉਹ 'ਆਸ਼ਾਜਨਕ ਤਹਿਰੀਕ' ਲਿਖਦਾ ਹੈ:

(ੳ) ਅਸੀਂ ਤਾਂ ਸਮਝਦੇ ਹਾਂ ਕਿ ਉਹਨਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਹਨਾਂ ਦੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸ਼ਾਜਨਕ ਤਹਿਰੀਕ ਹੈ। (ਪੰਨਾ 220)

(ਅ) ਉਹਨਾਂ ਦੇ ਵੱਖਰੇ ਹਕੂਕ ਉਹਨਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਹਨਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਹਨਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਹਨਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਾਉਣ। (ਪੰਨਾ 220-221)

(ੲ) ਅਸੀਂ ਕਹਿੰਦੇ ਹਾਂ ਕਿ ਉਹਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉਠੋ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸਦਾ ਨਾਂ ਜਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। (ਪੰਨਾ 221)

ਕੇਵਲ 21 ਸਾਲ ਦੀ ਉਮਰ ਵਿਚ ਭਗਤ ਸਿੰਘ ਦੁਆਰਾ ਅਛੂਤ ਦੇ ਸਵਾਲ 'ਤੇ ਆਦਿ ਧਰਮ ਬਾਰੇ ਲਿਖਿਆ ਗਿਆ ਇਹ ਲੇਖ, ਸ਼ਹੀਦ ਭਗਤ ਸਿੰਘ ਨੂੰ ਇਕ ਅਤੀ ਉੱਚ ਦਰਜੇ ਦ ਸਮਾਜ ਸ਼ਾਸਤਰੀ ਅਤੇ ਡੂੰਘੀ ਸੂਝ ਰੱਖਣ ਵਾਲੇ ਕ੍ਰਾਂਤੀਕਾਰੀ ਚਿੰਤਕ ਵਜੋਂ ਸਾਡੇ ਦ੍ਰਿਸ਼ਟੀਗੋਚਰ ਕਰਦਾ ਹੈ। ਲੇਖਕ ਨੇ ਆਦਿ ਧਰਮ ਲਹਿਰ ਦੇ ਸੰਘਰਸ਼ ਅਤੇ ਅਛੂਤਾਂ ਦੀ ਹੋ ਰਹੀ ਦੁਰਦਸ਼ਾ ਨੂੰ ਆਪਣੇ ਲੇਖ ਦੀਆਂ ਆਖਰੀ ਸੱਤਰਾਂ ਵਿਚ ਸਮੇਟਦਿਆਂ ਅਛੂਤਾਂ ਵਿਚ ਜੋਸ਼, ਜਜ਼ਬਾ ਅਤੇ ਉਤਸ਼ਾਹ ਪੈਦਾ ਕਰਨ ਦਾ ਅਹਿਮ ਕਾਰਜ ਕੀਤਾ ਹੈ;

(ੳ) ਇੰਤਕਾਲੇ ਅਰਾਜ਼ੀ ਐਕਟ (Land Alienation Act) ਦੇ ਮੁਤਾਬਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ ਤੇ ਇੰਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਜਥੇਬੰਦ ਹੋ ਜਾਓ। ਅਸਲ ਵਿਚ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕਦਾ। (ਪੰਨਾ 221)

(ਅ) ਲੱਤਾਂ ਦੇ ਭੂਤ ਗੱਲਾ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫਿਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜ਼ੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। (ਪੰਨਾ 221)

(ੲ) ਪਰ ਖਿਆਲ ਰੱਖਣਾ। ਨੌਕਰਸ਼ਾਹੀ ਦੇ ਝਾਂਸੇ ਵਿਚ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰ ਨੌਕਰਸ਼ਾਹ ਤੁਹਾਡੀ ਗੁਲਾਮੀ ਤੇ ਗਰੀਬੀ ਦਾ ਮੁੱਖ ਕਾਰਨ ਹੈ। (ਪੰਨਾ 221)

ਸ਼ਹੀਦ ਭਗਤ ਸਿੰਘ ਦੇ ਇਸ ਲੇਖ ਤੋਂ ਇਹ ਗੱਲ ਤਾਂ ਭਲੀਭਾਂਤ ਸਪਸ਼ਟ ਹੈ ਕਿ ਉਸਨੇ ਆਦਿ ਧਰਮ ਦੇ ਉਦੇਸ਼ਾਂ, ਸਿਧਾਂਤਾਂ ਅਤੇ 1926 ਤੋਂ 1928 ਤੱਕ ਦੇ ਕੇਵਲ ਦੋ ਸਾਲਾਂ ਦੇ ਯਤਨਾਂ ਤੇ ਸੰਘਰਸ਼ ਨੂੰ ਨੇੜਿਉਂ ਤੱਕਿਆ ਅਤੇ ਬਾਖੂਬੀ ਸਮਝਿਆ ਹੈ। ਭਗਤ ਸਿੰਘ ਸੋਸ਼ਲਿਸਟਿਕ ਚਿੰਤਕ ਸੀ, ਉਸਨੇ ਏਨੀ ਛੋਟੀ ਜਿਹੀ ਉਮਰ ਵਿਚ ਹੀ ਸੰਸਾਰ ਭਰ ਦੇ ਕ੍ਰਾਂਤੀਕਾਰੀ ਵਿਚਾਰਵਾਨਾਂ ਦੇ ਫਲਸਫੇ ਦਾ ਗਹਿਰਾ ਚਿੰਤਨ ਅਤੇ ਅਧਿਐਨ ਕੀਤਾ ਹੋਇਆ ਸੀ। ਇਹੀ ਕਾਰਨ ਹੈ ਕਿ ਉਸਨੂੰ ਸਦੀਆਂ ਤੋਂ ਲਤਾੜੇ, ਪਿਛਾੜੇ, ਦੁਰਕਾਰੇ ਅਤੇ ਸਤਾਏ ਹੋਏ ਪੀੜਤ ਅਛੂਤਾਂ ਦੀਆਂ ਸਮੱਸਿਆਵਾਂ ਦੀ ਪੂਰਨ ਸੋਝੀ ਸੀ। ਉਸਨੇ ਅਮਰੀਕਨ ਲੇਡੀ ਲੇਖਕ ਮਿਸ ਕੈਥਰੀਨ ਮੇਓ ਦੀ ਭਾਰਤੀ ਸਮਾਜ ਅਤੇ ਅਛੂਤਾਂ ਦੀ ਗੁਲਾਮ ਅਵਸਥਾ ਬਾਰੇ, ਪੁਸਤਕ 'ਮਦਰ ਇੰਡੀਆ( ਵੀ ਪੜ੍ਹੀ ਹੋਈ ਸੀ, ਜਿਸਦਾ ਜ਼ਿਕਰ ਉਸਨੇ ਇਸ ਲੇਖ ਵਿਚ ਵੀ ਕੀਤਾ ਹੈ।


ਡਾ. ਜੀ. ਸੀ. ਕੌਲ
91-94632-23223

'ਅਛੂਤ ਦਾ ਸਵਾਲ' ਲੇਖ 'ਤੇ ਇੱਥੇ ਵਿਸਤ੍ਰਿਤ ਵਿਚਾਰ ਚਰਚਾ ਕਰਨ ਤੋਂ ਸਿਰਫ ਏਨਾ ਭਾਵ ਹੀ ਹੈ ਕਿ ਕੇਵਲ ਦੋ ਸਾਲ (1926 ਤੋਂ 1928) ਦੇ ਅਲਪ ਅਰਸੇ ਵਿਚ ਹੀ ਆਦਿ ਧਰਮ ਲਹਿਰ ਨੇ ਸਮਾਜਵਾਦੀ ਵਿਚਾਰਕ ਦੇ ਦਿਲ ਵਿਚ ਵਿਸ਼ੇਸ਼ ਸਥਾਨ ਕਾਇਮ ਕਰ ਲਿਆ ਸੀ। ਦੂਸਰੇ, ਲੇਖਕ ਨੇ ਜਿਹੜੇ ਮਸਲੇ ਅਤੇ ਸਵਾਲ ਆਪਣੇ ਇਸ ਲੇਖ ਵਿਚ ਚੁੱਕੇ ਹਨ, ਦੇਸ਼ ਵਿਚ ਇਕ ਬਿਹਤਰੀਨ ਸੰਵਿਧਾਨ ਲਾਗੂ ਹੋਣ ਦੇ ਬਾਵਜੂਦ, ਅੱਜ ਮਨੂਵਾਦੀਆਂ ਵੱਲੋਂ 'ਅਛੂਤਾਂ' ਅਤੇ ਘੱਟ ਗਿਣਤੀਆਂ ਨੂੰ ਫਿਰ ਉਸੇ ਅੰਧਕਾਰਮਈ ਯੁੱਧ ਵੱਲ ਨੂੰ ਧੱਕਿਆ ਜਾ ਰਿਹਾ ਹੈ।

ਸ਼ਹੀਦ ਭਗਤ ਸਿੰਘ ਏਨੀ ਛੋਟੀ ਉਮਰ ਵਿਚ ਹੀ ਇਹਨਾਂ ਗੰਭੀਰ ਸਵਾਲਾਂ ਬਾਰੇ ਕਿੰਨਾ ਚੇਤਨ ਸੀ, ਇਸੇ ਲਈ ਉਹ ਵਾਰ-ਵਾਰ 'ਅਛੂਤਾਂ' ਨੂੰ ਜਥੇਬੰਦ ਹੋਣ ਦੀ ਅਪੀਲ ਕਰ ਰਿਹਾ ਹੈ। ਇਹ ਲਿਖਤ ਜੂਨ 1928 ਦੀ ਹੈ ਅਤੇ ਅੱਜ ਜੂਨ 2020 ਵਿਚ ਵੀ 'ਅਛੂਤ' ਅਰਥਾਤ ਅਨੁਸੂਚਿਤ ਜਾਤੀਆਂ, ਪਿਛੜੇ ਅਤੇ ਘੱਟ ਗਿਣਤੀ ਕੌਮਾਂ ਲੱਗਭੱਗ 100 ਸਾਲ ਪਹਿਲਾਂ ਵਰਗੀਆਂ ਪ੍ਰਸਥਿਤੀਆਂ ਦਾ ਹੀ ਸਾਹਮਣਾ ਕਰਨ ਲਈ ਲਾਚਾਰ, ਬੇਵੱਸ ਅਤੇ ਮਜਬੂਰ ਹੋਏ ਪਏ ਹਨ। ਕਰੋਨਾ ਮਹਾਂਮਾਰੀ ਅਤੇ ਦੇਸ਼ ਉਪਰ ਕਾਬਜ਼ ਮਨੂਵਾਦੀ ਸਰਮਾਏਦਾਰਾਂ ਸਮੇਤ ਦੇਸ਼ ਦੀ ਨਿਆਇਕ ਵਿਵਸਥਾ ਨੇ ਦੇਸ਼ ਦੇ ਮਜ਼ਦੂਰਾਂ, ਗਰੀਬਾਂ, ਦਲਿਤਾਂ ਅਤੇ ਪਿਛੜੀਆਂ ਘੱਟ ਗਿਣਤੀ ਸ਼੍ਰੇਣੀਆਂ ਦਾ, ਕਾਲੇ ਅਮਰੀਕਨ ਜਾਰਜ ਫਲਾਇਡ ਵਾਂਗ ਸਾਹ ਕੱਢ ਕੇ ਰੱਖ ਦਿੱਤਾ ਹੈ। ਮੱਠਧਾਰੀ ਅਤੇ ਸਿਆਸੀ ਕਬਜ਼ਾਧਾਰੀ ਡਾ. ਅੰਬੇਡਕਰ ਸਾਹਿਬ ਵੱਲੋਂ ਬੜੀ ਲਗਨ, ਮਿਹਨਤ ਅਤੇ ਵੱਡੇ ਸੰਘਰਸ਼ਾਂ ਉਪਰੰਤ ਲਿਖੇ 'ਭਾਰਤੀ ਸੰਵਿਧਾਨ' ਨੂੰ ਵੀ ਟਿੱਚ ਸਮਝਦੇ ਹਨ।

## ਗੋਲਮੇਜ਼ ਕਾਨਫਰੰਸ

ਭਾਰਤੀਆਂ ਵੱਲੋਂ ਸੁਤੰਤਰਤਾ ਪ੍ਰਾਪਤੀ ਅੰਦੋਲਨ ਅਤੇ ਸੂਬਿਆਂ ਵਿਚ ਲੋਕਾਂ ਦੁਆਰਾ ਚੁਣੀਆਂ ਸਰਕਾਰਾਂ ਕਾਇਮ ਕਰਕੇ ਉਹਨਾਂ ਨੂੰ ਵੱਧ ਅਧਿਕਾਰ ਦੇਣ ਵਰਗੀਆਂ ਮੰਗਾਂ ਨੂੰ ਵਿਚਾਰਨ ਲਈ ਬਰਤਾਨੀਆ ਸਰਕਾਰ ਵੱਲੋਂ ਲੰਡਨ ਵਿਖੇ 1930, 1931 ਅਤੇ 1932 ਨੂੰ ਤਿੰਨ ਗੋਲਮੇਜ਼ ਕਾਨਫਰੰਸਾਂ ਆਯੋਜਿਤ ਕੀਤੀਆਂ ਗਈਆਂ। ਇਹਨਾਂ ਕਾਨਫਰੰਸਾਂ ਵਿਚ ਬਰਤਾਨੀਆ ਦੀਆਂ ਤਿੰਨ ਸਿਆਸੀ ਪਾਰਟੀਆਂ ਅਤੇ ਭਾਰਤ ਵਿਚੋਂ ਕਾਂਗਰਸ ਤੇ ਹਿੰਦੂ ਮਹਾਂਸਭਾ ਸਮੇਤ ਘੱਟ ਗਿਣਤੀ ਫਿਰਕਿਆਂ ਅਤੇ ਰਿਆਸਤਾਂ ਦੇ ਨੁਮਾਇੰਦਿਆਂ ਨੂੰ ਬੁਲਾਇਆ ਗਿਆ। ਭਾਰਤੀ ਅਛੂਤਾਂ ਦੇ ਪ੍ਰਤੀਨਿਧਾਂ ਵਜੋਂ ਸ਼ਾਮਲ ਹੋਣ ਲਈ ਡਾ. ਅੰਬੇਡਕਰ ਅਤੇ ਰਾਓ ਬਹਾਦਰ ਸ੍ਰੀਨਿਵਾਸਨ ਨੂੰ ਸੱਦਾ ਪੱਤਰ ਭੇਜੇ ਗਏ।

ਪਹਿਲੀ ਗੋਲਮੇਜ਼ ਕਾਨਫਰੰਸ 12 ਨਵੰਬਰ 1930 ਨੂੰ ਲੰਡਨ ਵਿਖੇ ਸ਼ੁਰੂ ਹੋਈ, ਜਿਸ ਵਿਚ ਕੁੱਲ 89 ਪ੍ਰਤੀਨਿਧ ਬੁਲਾਏ ਗਏ ਸਨ। ਕਾਨਫਰੰਸ ਦੀ ਪ੍ਰਧਾਨਗੀ ਇੰਗਲੈਂਡ ਦੇ ਪ੍ਰਧਾਨ ਮੰਤਰੀ ਰੇਮਜ਼ੇ ਮੈਕਡੋਨਲ ਨੇ ਕੀਤੀ।

ਡਾ. ਅੰਬੇਡਕਰ ਨੇ ਪਹਿਲੀ ਵਾਰ ਅੰਤਰ ਰਾਸ਼ਟਰੀ ਮੰਚਾਂ ਤੇ ਭਾਰਤੀ ਅਛੂਤਾਂ ਦੇ ਮਸਲੇ ਨੂੰ ਪੁਰਜ਼ੋਰ ਢੰਗ ਨਾਲ ਉਠਾਇਆ ਅਤੇ ਅੰਗਰੇਜ਼ਾਂ ਨੂੰ ਵੰਗਾਰਿਆ ਕਿ ਮਾਨਵਤਾਵਾਦ ਦੀ ਗੱਲ ਕਰਨ ਵਾਲੇ ਅੰਗਰੇਜ਼ਾਂ ਨੇ ਵੀ ਭਾਰਤੀ ਅਛੂਤਾਂ ਦੀ ਗੁਲਾਮਾਂ ਤੋਂ ਭੈੜੀ ਦੁਰਦਸ਼ਾ ਵਿਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਕੋਈ ਪਰਿਵਰਤਨ ਨਹੀਂ ਲਿਆਂਦਾ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਭਾਰਤੀ ਅਛੂਤ ਵੀ ਲੋਕਾਂ ਦੀ, ਲੋਕਾਂ ਦੁਆਰਾ ਚੁਣੀ ਸਮੁੱਚੇ ਭਾਰਤੀਆਂ ਦੇ ਕਲਿਆਣ ਹਿੱਤ ਕੰਮ ਕਰਨ ਵਾਲੀ ਸਰਕਾਰ ਚਾਹੁੰਦੇ ਹਨ।

## ਗ਼ਜ਼ਲ

ਮੈਂ ਜਿਸਦੀ ਭਾਲ ਵਿਚ ਹਾਂ ਕਾਸ਼ ਉਸਦੇ ਰੂਬਰੂ ਹੋਵਾਂ।
ਜੋ ਉਸਦਾ ਹੈ ਉਨ੍ਹੂੰ ਸਭ ਸੌਂਪ ਕੇ ਖੁਦ ਸੁਰਖਰੂ ਹੋਵਾਂ।

ਤੇਰਾ ਇਹ ਖ਼ਾਬ ਹੈ ਕਿ ਮੈਂ ਹੁਣੇ ਤਖਤਾਂ ਤੇ ਬਹਿ ਜਾਵਾਂ,
ਹਕੀਕਤ ਹੈ ਮੇਰੀ ਕੇ ਮੈਂ ਅਜੇ ਜੋਗੀ ਧਰੂ ਹੋਵਾਂ।

ਨਦੀ,ਸਾਗਰ ਜਾਂ ਝਰਨਾ ਹੋਣ ਦੀ ਸੰਭਾਵਨਾ ਹਾਂ ਮੈਂ,
ਤੇਰੀ ਚਾਹਤ ਹੈ ਮੈਂ ਹੋਵਾਂ ਤੇ ਬੱਸ ਇੱਕ ਅੱਥਰੂ ਹੋਵਾਂ।

ਮੈਂ ਹਾਂ ਸੰਜੀਵਨੀ ਲੋਕਾਂ ਲਈ ਤੇਰੇ ਲਈ ਨਕਾਰਾ ਹਾਂ,
ਤੇਰੇ ਹੱਥਾਂ ਚ ਜਦ ਹੋਵਾਂ ਤੇ ਬਸ ਸੁੱਕਾ ਬਰੂ ਹੋਵਾਂ।

ਸੁਨਹਿਰੀ ਜਿਲਦ ਤੋਂ ਅੱਗੇ ਤੇਰੇ ਕੁਝ ਵਰਕੇ ਪਲਟੇ ਨੇ,
ਮੈਂ ਤੈਨੂੰ ਸਮਝਣਾ ਚਾਹੁੰਦਾ ਤੂੰ ਦੱਸ ਕਿੱਥੋਂ ਸ਼ੁਰੂ ਹੋਵਾਂ।

ਮੈਂ ਇੱਕ ਅਰਮਾਨ ਹਾਂ ਮੇਰੀ
ਪਹੁੰਚ ਤੇ ਅਰਥ ਵੱਡੇ ਨੇ,
ਤੇ ਉਹ ਚਾਹੁੰਦੇ ਨੇ ਮੈਂ ਹੁਣ
ਸਿਮਟ ਜਾਵਾਂ,ਆਬਰੂ ਹੋਵਾਂ।

- ਤਲਵਿੰਦਰ ਸ਼ੇਰਗਿੱਲ
9915415501



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਥਾਪਨਾ ਆਨੰਦਪੁਰ ਸਾਹਿਬ (19 ਜੂਨ 1665)



ਸਿੱਖ ਧਰਮ ਦੇ ਗੁਰੂ-ਕਾਲ ਵਿਚ ਗੁਰਾਂ ਨੇ ਮਨੁੱਖਤਾ ਨੂੰ ਵਹਿਮਾਂ ਭਰਮਾਂ, ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ-ਪੱਧਰੀ ਜਾਚ ਸਿਖਾਈ। ਸਿੱਖ ਲਹਿਰ ਦਾ ਨਿਸ਼ਾਨਾ ਮਨੁੱਖ ਦੀ ਪੂਰਨ ਆਜ਼ਾਦੀ ਰਿਹਾ। ਮਨੁੱਖ ਨੂੰ ਸਵੈ-ਮਾਣ ਅਤੇ ਸਵੈ-ਰੱਖਿਆ ਦੇ ਯੋਗ ਬਣਾਇਆ। ਮਨੁੱਖੀ ਜੀਵਨ ਹਰ ਖੇਤਰ ਵਿਚ ਪ੍ਰਫੁੱਲਕ ਤੇ ਖੁਸ਼ਹਾਲ ਹੋਵੇ।ਆਪਣੀ ਲੋਕ ਬੋਲੀ ਵਿਚ ਬਾਣੀ ਰਚ ਕੇ ਇਸ ਯੋਗ ਬਣਾਇਆ ਕਿ ਹਰ ਕੋਈ ਬਿਨਾਂ ਕਿਸੇ ਵਿਚੋਲੇ ਦੇ ਆਪ ਗਿਆਨ ਪ੍ਰਾਪਤ ਕਰਕੇ, ਰੱਬ ਨਾਲ ਸਿੱਧਾ ਰਾਬਤਾ ਕਾਇਮ ਕਰੇ। ਹਰ ਮਨੁੱਖ ਧਾਰਮਿਕ, ਸਮਾਜਿਕ, ਵਿਦਿਅਕ, ਆਰਥਿਕ ਵਿਹਾਰਕ ਤੌਰ 'ਤੇ ਸੰਪੂਰਨ ਖੁਸ਼ਹਾਲ ਹੋਵੇ। ਗੁਰਧਾਮਾਂ ਨਾਲ ਸੰਗਤ ਨੂੰ ਜੋੜਿਆ। ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਉਨਤੀ ਲਈ ਸੰਗਤਾਂ ਦ ਵਸੇਬੇ ਲਈ ਕਸਬੇ ਅਤੇ ਸ਼ਹਿਰਾਂ ਦਾ ਨਿਰਮਾਣ ਕੀਤਾ। ਵੱਖ-ਵੱਖ ਕਿੱਤਿਆਂ ਦੇ ਮਾਹਿਰ ਕਾਰੀਗਰਾਂ ਨੂੰ ਵਸਾਇਆ। ਵਪਾਰ ਵਿਚ ਲਾਇਆ, ਹਰ ਕੋਈ ਅਧਿਆਤਮਕਤਾ ਨਾ ਜੁੜ ਕੇ ਕਿਰਤ ਕਰੇ, ਨਾਮ ਜਪੇ, ਵੰਡ ਛਕੇ।

ਹੋਂਦ ਵਿਚ ਆਉਂਦੇ ਨਗਰਾਂ ਦੀ ਸ਼ਾਂਤੀ ਨੂੰ ਗੁਰ-ਚਰਨਾਂ ਦੀ ਛੋਹ ਪ੍ਰਾਪਤ ਹੋਈ ਜਿਵੇਂ- ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ (ਪਾਕਿਸਤਾਨ) ਕਰਤਾਰਪੁਰ (ਪਾਕਿਸਤਾਨ) ਸੁਲਤਾਨਪੁਰ ਲੋਧੀ, ਖਡੂਰ ਸਾਹਿਬ, ਗੋਂਦਵਾਲ ਗੁਰੂ ਕਾ ਚੱਕ ਜਾਂ ਰਾਮਦਾਸਪੁਰ ਜੋ ਅੰਮ੍ਰਿਤਸਰ ਵਜੋਂ ਪ੍ਰਸਿੱਧ ਹੋਇਆ, ਅਕਾਲ ਤਖਤ ਸਾਹਿਬ, ਛੇਹਰਟਾ, ਹਰਿਗੋਬਿੰਦਪੁਰਾ, ਕਰਤਾਰਪੁਰ (ਜਲੰਧਰ) ਕੀਰਤਪੁਰ ਸਾਹਿਬ ਪੰਜੋਖਰਾ, ਬੰਗਲਾ ਸਾਹਿਬ (ਦਿੱਲੀ) ਆਦਿ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਥਾਪਨਾ ਆਨੰਦਪੁਰ ਸਾਹਿਬ- ਪਹਿਲਾਂ ਨਾਉਂ 'ਚੱਕ ਨਾਨਕੀ' ਦੀ ਸਥਾਪਨਾ ਗੁਰੂ ਤੇਗ ਬਹਾਦਰ ਜੀ ਵੱਲੋਂ ਕੀਤੀ ਗਈ। ਪਹਿਲਾਂ ਉਹ ਬਾਬਾ ਬਕਾਲਾ ਰਹਿੰਦੇ ਸਨ। ਅਪ੍ਰੈਲ 1665 ਵਿਚ ਕੀਰਤਪੁਰ ਦਾ ਦੌਰਾ ਕੀਤਾ। ਜਦ ਬਿਲਾਸਪੁਰ ਪਹੁੰਚੇ ਤਾਂ ਉਹਨਾਂ ਖਿਆਲ ਕੀਤਾ ਕਿ ਮੁਗਲ ਹਾਕਮਾਂ ਦੇ ਜ਼ੁਲਮ ਵਧਦੇ ਜਾ ਰਹੇ ਹਨ। ਇਸ ਲਈ ਰਣਨੀਤਿਕ ਤੌਰ 'ਤੇ ਸੁਰੱਖਿਅਤ ਜਗ੍ਹਾ ਦੀ ਖੋਜ ਹੋਣੀ ਚਾਹੀਦੀ ਹੈ। ਤਦ ਉਹਨਾਂ ਮਾਖੋਵਾਲ ਦੇ ਗਿਰਦ ਖੰਡਰਾਂ ਨੇੜੇ ਰਾਜਾ ਤਾਰਾ ਚੰਦ ਤੋਂ ਜਗ੍ਹਾ ਖਰੀਦ ਲਈ। ਇਹ ਆਨੰਦਮਈ ਰਮਣੀਕ ਜਗ੍ਹਾ ਰਣਨੀਤਿਕ ਤੌਰ 'ਤੇ ਸੁਰੱਖਿਅਤ ਸੀ। ਇਸਦੇ ਦੁਆਲੇ ਸਤਲੁਜ ਨਦੀ ਦੇ ਨਾਲ ਪਹਾੜੀ ਅਤੇ ਜੰਗਲ ਸਨ। ਮਾਖੋਵਾਲ ਦੇ ਦੋਵੇਂ ਪਾਸੇ ਚਰਨਗੰਗਾ ਧਾਰਾ ਤੀਜੇ ਪਾਸੇ ਸਤਲੁਜ ਦਰਿਆ/ਪਹਾੜ ਵਾਲੇ ਪਾਸੇ ਸੰਘਣਾ ਜੰਗਲ। ਇੱਥੇ ਕਈ ਤਰ੍ਹਾਂ ਦੇ ਜਾਨਵਰ ਅਤੇ ਹਾਥੀਆਂ ਦੇ ਝੁੰਡ ਸਨ। ਇਸ ਨੂੰ ਹਥੌਟ (ਹਾਥੀਆਂ ਦਾ ਘਰ) ਕਿਹਾ ਜਾਂਦਾ ਸੀ। ਇਹ ਰਮਣੀਕ ਅਤੇ ਉਪਜਾਊ ਜਗ੍ਹਾ ਸੀ। ਇਸ ਖੇਤਰ ਦਾ ਨੀਂਹ ਪੱਥਰ ਭਾਈ ਗੁਰਦਿਤਾ ਜੀ ਨੇ 19 ਜੂਨ 1665 ਨੂੰ ਰੱਖਿਆ। ਗੁਰੂ ਜੀ ਨੇ ਇਸ ਕਸਬੇ ਦਾ ਨਾਂ ਆਪਣੀ ਮਾਤਾ ਜੀ ਦੇ ਨਾਂ ਤੇ 'ਚੱਕ ਨਾਨਕੀ' ਰੱਖਿਆ। ਗੁਰੂ ਜੀ ਤਿੰਨ ਕੁ ਮਹੀਨੇ ਠਹਿਰੇ। ਸੰਗਤਾਂ ਵੀ ਆਉਣ ਲੱਗ ਪਈਆਂ। ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਇੱਥੇ ਵੱਸਣ ਲਈ ਪ੍ਰੇਰਿਆ। ਰਿਹਾਇਸ਼ ਬਣਾਉਣ ਲਈ ਸਹੂਲਤਾਂ ਵੀ ਦਿੱਤੀਆਂ। ਮਾਖੋਵਾਲ 'ਚੱਕ ਨਾਨਕੀ' ਦੀ ਧਰਤੀ ਤੇ ਸੇਵਾ ਸਿਮਰਨ ਸੰਗਤੀ ਵਾਤਾਵਰਣ ਬਣ ਗਿਆ। ਸਿੱਖ ਧਰਮ ਦੇ ਵਿਰਸੇ ਦਾ ਵਿਸਥਾਰ ਹੋਣ ਲੱਗਾ। ਸਮਾਜਿਕ ਏਕਤਾ ਬਰਾਬਰਤਾ ਸਥਾਪਤ ਹੋਈ। ਮਾਖੋਵਾਲ ਦੀ ਧਰਤੀ ਪਵਿੱਤਰ ਹੋ ਗਈ। ਗੁਰ-ਉਪਦੇਸ਼ ਨਾਲ ਸੰਗਤਾਂ ਨੂੰ ਅਧਿਆਤਮਕ ਪ੍ਰੇਰਨਾ ਮਿਲਦੀ। ਲੋਕਾਂ ਵਿਚ ਅਮਨ ਚੈਨ ਆਇਆ।

ਸੰਨ 1666 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਪਰਿਵਾਰ ਵਿਚ ਅਤਿਅੰਤ ਖੁਸ਼ੀ ਆਈ। ਬਾਲ-ਗੁਰੂ ਗੋਬਿੰਦ 6 ਸਾਲ ਦੀ ਉਮਰ ਤੱਕ ਪਟਨਾ ਸਾਹਿਬ ਹੀ ਰਹੇ। ਸੰਨ 1666-72 ਤੱਕ ਗੁਰੂ ਤੇਗ ਬਹਾਦਰ ਜੀ ਪ੍ਰਚਾਰਕ ਦੌਰਿਆਂ ਤੇ ਰਹੇ ਜਿਵੇਂ- ਪੰਜਾਬ, ਉਤਰ ਪ੍ਰਦੇਸ਼, ਬਿਹਾਰ, ਅਸਾਮ, ਬੰਗਾਲ ਆਦਿ। ਮੁਗਲਾਂ ਦੀ ਜ਼ੁਲਮੀ ਨੀਤੀ ਹੇਠ ਔਰੰਗਜ਼ੇਬ ਦੇ ਤਸ਼ੱਦਦ ਵਧਦੇ ਵੇਖ ਕੇ ਗੁਰੂ ਜੀ ਨੇ ਆਪਣਾ ਪਰਿਵਾਰ ਮਾਖੋਵਾਲ ਚੱਕ ਨਾਨਕੀ ਲੈ ਆਂਦਾ। ਸੰਨ 1672 ਦੇ ਇਸ ਗੁਰ ਅਤੇ ਸਪੁੱਤਰ ਦੇ ਮਿਲਾਪ ਨਾਲ ਇਲਾਕੇ ਵਿਚ ਆਨੰਦ ਆ ਗਿਆ ਅਤੇ ਮਾਖੋਵਾਲ 'ਚੱਕ ਨਾਨਕੀ' ਦਾ ਨਾਮ 'ਆਨੰਦਪੁਰ' ਹੋ ਗਿਆ।

ਆਨੰਦਪੁਰ ਦੀ ਸਿਰਜਣਾ ਦਾ ਉਦੇਸ਼ ਸੀ ਕਿ ਗੁਰ-ਸਿੱਖਾਂ ਨੂੰ ਕਦੇ ਨਾ ਮੁੱਕਣ ਵਾਲੀ ਪ੍ਰਸੰਨਤਾ ਅਤੇ ਆਤਮਕ ਬਲ ਮਿਲਦਾ ਰਹੇ। ਖਾਲਸਾ ਹਮੇਸ਼ਾ ਚੜ੍ਹਦੀਕਲਾ ਵਿਚ ਰਹੇ। ਇਸੇ ਆਤਮਕ ਬਲ ਤੇ ਬਾਲ ਗੋਬਿੰਦ ਨੇ 9 ਸਾਲ ਦੀ ਉਮਰ ਵਿਚ ਧਰਮ ਦੀ ਰੱਖਿਆ ਲਈ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਲਈ ਤੋਰਿਆ। ਗੁਰੂ ਤੇਗ ਬਹਾਦਰ ਜੀ ਨੇ 11 ਨਵੰਬਰ 1675 ਵਿਚ ਧਰਮ ਦੀ ਰੱਖਿਆ ਲਈ ਸ਼ਹਾਦਤ ਪ੍ਰਾਪਤ ਕੀਤੀ। ਬਾਲ ਗੋਬਿੰਦ ਸਿੰਘ ਦੇ ਦਸਵੇਂ ਗੁਰੂ ਬਣੇ। ਗੁਰੂ ਜੀ ਨੇ ਸਿੱਖਾਂ ਨੂੰ ਬਲਵਾਨ ਬਣ ਕੇ ਜਿਊਣ ਦਾ ਵਰਦਾਨ ਦਿੱਤਾ। ਜਿਸਦੀ ਮਿਸਾਲ ਹੈ ਕਿ ਬਾਲ ਗੋਬਿੰਦ ਜੀ ਨੇ ਗੁਰ-ਪਿਤਾ ਦਾ ਸੀਸ ਝੋਲੀ ਵਿਚ ਪੁਆ ਕੇ ਚੜ੍ਹਦੀ ਕਲਾ ਦੀ ਪ੍ਰਚੰਡ ਭਾਵਨਾ ਵਿਖਾਈ।

ਇਸ ਵਰਦਾਨ ਹੇਠ 1699 ਈ: ਵਿਚ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਪੰਜ ਗੁਰ-ਸਿੱਖਾਂ ਨੇ ਗੁਰੂ ਨੂੰ ਆਪਣੇ ਸੀਸ ਭੇਂਟ ਕੀਤੇ। ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ। ਗੁਰੂ ਜੀ ਨੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ 'ਪਿਆਰਾ' ਬਣਾ ਦਿੱਤਾ ਕਿ ਆਪ ਉਹਨਾਂ ਕੋਲੋਂ ਅੰਮ੍ਰਿਤ ਛਕ ਲਿਆ ਤੇ ਗੋਬਿੰਦ ਸਿੰਘ ਅਖਵਾਇਆ। ਖ਼ਾਲਸੇ ਨੂੰ ਸਵੈ-ਰੱਖਿਆ, ਸਵੈ6ਮਾਣ ਦਾ ਬਲ ਮਿਲਿਆ। ਗੁਰੂ ਜੀ ਨੇ ਖ਼ਾਲਸੇ ਨੂੰ ਅੰਮ੍ਰਿਤ ਛਕਾ ਕੇ ਮੌਤ ਤੋਂ ਅਜਿੱਤ ਬਣਾ ਦਿੱਤਾ। ਖਾਲਸਾ ਅਕਾਲ ਪੁਰਖ ਦੀ ਫੌਜ ਬਣਿਆ। ਜਿਸ ਨਾਲ ਅਨੰਦਪੁਰ ਦੀ ਧਰਤੀ ਨੂੰ ਖਾਸਾ ਸਿਰਜਣ ਅਤੇ ਖ਼ਾਲਸੇ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੋਇਆ। ਜਿਸ ਨਾਲ ਅਨੰਦਪੁਰ ਸਾਹਿਬ ਦੀ ਮਾਨਤਾ ਵੱਧ ਗਈ।

ਜਦੋਂ ਪਹਾੜੀ ਰਾਜੇ ਔਰ-ਗਜ਼ੇਬ ਦਾ ਸਾਥ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨਾਲ ਦੁਸ਼ਮਣੀ ਦੀਆਂ ਚਾਲਾਂ ਚੱਲ ਰਹੇ ਸਨ। ਗੁਰੂ ਜੀ 1685-1689 ਤੱਕ ਪਾਉਂਟਾ ਸਾਹਿਬ ਦੀ ਧਰਤੀ ਤੇ ਕਾਵਿ ਗੋਸ਼ਟੀਆਂ ਕਰਵਾ ਰਹੇ ਸਨ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਂਕ ਸੀ। ਆਪ ਜੀ ਨੇ ਅਨੁਪਮ ਇਲਾਹੀ ਦਰਬਾਰ ਵਿਚ 52 ਦਰਬਾਰੀ ਰਤਨ ਕਵੀ ਸਨ। ਗੁਰੂ ਜੀ ਕਵੀਆਂ ਦਾ ਸਨਮਾਨ ਕਰਦੇ ਸਨ। ਗੁਰੂ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਪਾਉਂਟਾ ਸਾਹਿਬ ਦੀ ਧਰਤੀ 'ਤੇ ਹੀ ਕੀਤੀ। ਭਾਵੇਂ ਪਹਾੜੀ ਰਾਜਿਆਂ ਦੇ ਹਮਲੇ ਵਿਚ ਭੰਗਾਣੀ ਅਤੇ ਨੰਦੌਣ ਦੀਆਂ ਜੰਗਾਂ ਵਿਚ ਨਿਡਰਤਾ ਨਾਲ ਜੂਝ ਪਏ। ਸੂਰਬੀਰਤਾ ਦਾ ਵਿਹਾਰ ਚੜ੍ਹਦੀਕਲਾ ਦੀ ਬਿਰਤੀ ਨਾਲ ਹਰ ਮੈਦਾਨ ਫਤਿਹ ਦਾ ਜਜ਼ਬਾ ਰੱਖਿਆ। ਗੁਰੂ ਜੀ ਨੇ ਆਪਣੇ ਅਜਿੱਤ ਜਜ਼ਬੇ ਵਿਚ ਆਨੰਦਪੁਰ ਦੀ ਕਿਲਾ ਉਸਾਰੀ ਇਸ ਢੰਗ ਨਾਲ ਕੀਤੀ ਕਿ ਵੱਡਾ ਮਾਰੂ ਹਮਲਾ ਵੀ ਨੁਕਸਾਨ ਨਾ ਕਰ ਸਕੇ। ਆਪ ਜੀ ਨੇ 5 ਕਿਲੇ ਬਣਵਾਏ- ਕਿਲਾ ਅਨੰਦਗੜ੍ਹ ਸਾਹਿਬ, ਕਿਲਾ ਹੋਲਗੜ੍ਹ, ਕਿਲਾ ਲੋਹਗੜ੍ਹ, ਕਿਲਾ ਫਤਿਹਗੜ੍ਹ ਸਾਹਿਬ, ਕਿਲਾ ਤਾਰਾਗੜ੍ਹ। ਇਥੋਂ ਹੀ ਅਨੰਦਪੁਰ ਸਾਹਿਬ ਦੀ ਧਰਤੀ ਖਾਲਸਾ ਕੌਮ ਦੀ ਆਤਮਕ ਤ੍ਰਿਪਤੀ ਨਿਡਰ ਤੇ ਅਜਿੱਤ ਸ਼ਕਤੀ ਦਾ ਸੰਗਠਨਾਤਮਕ ਪ੍ਰਤੀਕ ਹੈ। ਇਹ ਧਰਤੀ ਧਰਮ ਯੁੱਧ ਦੀ ਧਰਤੀ ਹੈ। ਜਿੱਥੋਂ ਦੁਸ਼ਟਾਂ ਦੋਖੀਆਂ ਨੂੰ ਪਛਾੜਨਾ ਸੀ। ਗੁਰੂ ਜੀ ਨੇ ਇਸੇ ਧਰਤੀ ਤੋਂ ਪਹਾੜੀ ਰਾਜਿਆਂ ਅਤੇ ਮੁਗਲਾਂ ਵਿਰੁੱਧ ਯੁੱਧ ਲੜੇ। ਸਾਰੇ ਯੁੱਧ ਮਨੁੱਖਤਾ ਦੀ ਆਜ਼ਾਦੀ ਲਈ ਸਨ। ਕੋਈ ਵੀ ਜੰਗ ਕਬਜ਼ਾ ਕਰਨ ਦੀ ਭਾਵਨਾ ਨਾਲ ਨਹੀਂ ਲੜੀ ਸਗੋਂ ਮਨੁੱਖਤਾ ਦੀ ਭਲਾਈ ਅਤੇ ਰੱਖਿਆ ਲਈ ਲੜੀ। ਅਜਿਹੀ ਜੋਸ਼ ਦੀ ਭਾਵਨਾ ਭਰੀ ਕਿ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀਆਂ ਫੌਜਾਂ ਦਾ ਟਾਕਰਾ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਗੁਰ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਕੌਮ ਲਈ ਵਾਰ ਦਿੱਤਾ। ਅਨੇਕ ਸਿੰਘਾਂ ਦੀ ਸ਼ਹੀਦੀ ਨੇ ਕੌਮ ਵਿਚ ਜੂਝ ਕੇ ਲੜਨ ਦੀ ਭਾਵਨਾ ਭਰੀ। ਵਿਰਸੇ ਅਤੇ ਅਧਿਆਤਮਕ ਉਨਤੀ ਲਈ ਗੁਰਦੁਆਰਿਆਂ ਦੀ ਉਸਾਰੀ ਨੇ ਅਨੰਦਪੁਰ ਦੀ ਧਰਤੀ ਨੂੰ ਅਮਰ ਕਰ ਦਿੱਤਾ। ਤਖਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸੀਗੰਜ ਅਨੰਦਪੁਰ ਸਾਹਿਬ, ਗੁਰਦੁਆਰਾ ਭੌਰਾ ਸਾਹਿਬ, ਗੁਰਦਆਰਾ ਥੜਾ ਸਾਹਿਬ, ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਮੰਜੀ ਸਾਹਿਬ/ਦੁਮਾਲਗੜ੍ਹ ਸਾਹਿਬ, ਗੁਰਦੁਆਰਾ ਸ਼ਹੀਦੀ ਬਾਗ, ਗੁਰਦੁਆਰਾ ਮਾਤਾ ਜੀਤ ਕੌਰ, ਗੁਰਦੁਆਰਾ ਗੁਰ ਕਾ ਮਹਿਲ ਆਦਿ।

ਹੋਲਾ ਮਹੱਲਾ ਅਨੰਦਪੁਰ ਦੀ ਧਰਤੀ ਦਾ ਸ਼ਾਨਾਮੱਤਾ ਗੌਰਵਮਈ ਵਿਲੱਖਣ ਵਿਰਸੇ ਸ਼ਕਤੀ ਅਤੇ ਅਣਖ ਦਾ ਪ੍ਰਤੀਕ ਹੈ। ਜੋ ਬੀਰ ਰਸੀ ਰਵਾਇਤਾਂ ਅਤੇ ਜੰਗੀ ਹੁਨਰ ਦੀ ਯਾਦ ਦਿਵਾਉਂਦਾ ਹੈ। ਖਾਲਸਾਈ ਜਾਹੋ-ਜਹਾਲ ਦਾ ਪ੍ਰਤੀਕ ਹੈ। ਜਿਸ ਵਿਚ ਸ਼ਸਤਰਾਂ ਦਾ ਸਤਿਕਾਰ ਅਤੇ ਉਪਯੋਗ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਜੋ ਸਿੱਖ ਗੁਰੂਆਂ ਦੇ ਸੰਕਲਪ ਧਰਮ ਵਿਚ ਸਮਾਜ ਨੂੰ ਸਾਰਥਕ ਅਤੇ ਉਸਾਰੂ ਸੇਧ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਜੰਗਾਂ ਦਾ ਇਤਿਹਾਸ ਦਰਸਾਉਂਦਾ ਅਜਾਇਬ ਘਰ ਹੈ, ਜੋ ਇਸ ਨਗਰ ਦੀ ਗੌਰਵਮਈ ਵਿਰਾਸਤ, ਦੁਨੀਆਂ ਵਿਚ ਇਕ ਅਜੂਬਾ ਹੈ।

ਅੰਤਿਕਾ: ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰਾਂ ਅਤੇ ਅਨੇਕ ਸ਼ਹੀਦਾਂ ਦੀ ਉਹ ਪਵਿੱਤਰ ਰਮਣੀਕ ਧਰਤੀ ਹੈ ਆਨੰਦਪੁਰ ਦੀ। ਜਿੱਥੋਂ ਧਰਮ ਦਾ ਲੋਕ ਰਾਜੀ ਪੱਖ ਉਜਾਗਰ ਹੋਇਆ। ਜਿੱਥੇ ਪੰਜ ਸਿੱਖਾਂ ਨੇ ਮੌਤ ਦੇ ਭੈਅ ਨੂੰ ਖਤਮ ਕਰਕੇ ਗੁਰੂ ਜੀ ਨੂੰ ਆਪਣੇ ਸੀਸ ਭੇਂਟ ਕੀਤੇ। ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਖਾਲਸਾ ਸਿਰਜਿਆ। ਜੋ ਅਣਖ ਅਤੇ ਆਜ਼ਾਦੀ ਲਈ ਯੋਧੇ ਵਾਂਗ ਜੀਵਿਆ ਅਤੇ ਕੁਰਬਾਨ ਹੋਇਆ। ਮਨੁੱਖਤਾ ਦੀ ਭਲਾਈ ਲਈ ਜੂਝ ਕੇ ਸ਼ਹੀਦ ਹੋਣ ਦਾ ਨਿਸ਼ਾਨਾ ਬਣਿਆ। ਸੱਚ, ਸਿਮਰਨ, ਸੇਵਾ ਅਤੇ ਅਨੰਦ ਵਿਚ ਰਹਿੰਦਾ ਹੈ ਖਾਲਸਾ। ਸੰਤ ਸਿਪਾਹੀ ਬਣਿਆ। ਸੰਤ ਰਸ ਦੇ ਨਾਲ ਬੀਰ ਰਸ ਮਿਲਿਆ। ਅਨੰਦਪੁਰ ਸਾਹਿਬ ਜਿੱਥੇ ਅਧਿਆਤਮਕਤਾ ਦਾ ਸਿਖਰ ਹੈ, ਉਥੇ ਸਿੱਖ ਕੌਮ ਵਾਸਤੇ ਇਕ ਤਖਤ ਦਾ ਮਾਣ ਸਤਿਕਾਰ ਪ੍ਰਾਪਤ ਹੈ। ਕਿਸੇ ਵੀ ਤਖਤ ਦਾ ਹੁਕਮ ਸਮੁੱਚੇ ਪੰਥ ਨੂੰ ਪ੍ਰਮਾਣਿਤ ਹੈ। ਅਨੰਦਪੁਰ ਦੀ ਪਵਿੱਤਰ ਗੁਰ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਨੂੰ ਕੌਮ ਦਾ ਪ੍ਰਣਾਮ ਹੈ।

**(17 ਜੂਨ ਲਈ)**

# ਫਿਰ ਭੈਣੀ ਤੋਂ ਚੋਹਲਾ ਸਾਹਿਬ ਬਣ ਗਿਆ

ਰਮੇਸ਼ ਬੱਗਾ ਚੋਹਲਾ 91-94631-32719

ਇਤਿਹਾਸਕ ਨਗਰ ਚੋਹਲਾ ਸਾਹਿਬ (ਤਰਨ ਤਾਰਨ) ਸਿੱਖ ਇਤਿਹਾਸ ਵਿਚ ਅਤੇ ਪੂਰੇ ਭਾਰਤਵਰਸ਼ ਇੱਕ ਵਿਲੱਖਣ ਤੇ ਅਹਿਮ ਸਥਾਨ ਰੱਖਦਾ ਹੈ।ਇਹ ਨਗਰKਸ਼ਹਿਰ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਹਿਮਤ ਨਾਲ ਵੱਸਿਆ ਹੋਇਆ ਹੈ।ਇਹ ਨਗਰ ਦਰਿਆ ਬਿਆਸ ਦੇ ਕੰਢੇ 'ਤੇ ਵੱਸੇ ਅਤੇ ਕੁਝ ਕੁ ਹੋਰ ਮਾਝੇ ਦੇ ਪਿੰਡਾਂ ਦੀ ਰਾਜਧਾਨੀ ਕਰਕੇ ਜਾਣਿਆ ਜਾਂਦਾ ਹੈ।

4 ਹਾੜ ਸੰਮਤ 1654 ਵਿਚ ਜਦੋਂ ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਵੱਡੇ ਭਰਾਤਾ ਪ੍ਰਿਥੀ ਚੰਦ ਦੇ ਵਿਰੋਧ ਤੋਂ ਤੰਗ ਆ ਕੇ ਆਪਣੇ ਪਰਿਵਾਰ ਸਮੇਤ ਅੰਮ੍ਰਿਤਸਰ ਤੋਂ ਉਠ ਕੇ ਨਗਰ ਤਰਨ ਤਾਰਨ ਅਤੇ ਸਰਹਾਲੀ ਵਿਚ ਦੀ ਹੁੰਦੇ ਹੋਏ ਉਸ ਵਕਤ ਦੇ ਇੱਕ ਛੋਟੇ ਜਿਹੇ ਪਰ ਭਾਗਾਂ ਵਾਲੇ ਪਿੰਡ ਭੈਣੀ ਵਿਖੇ ਪਹੁੰਚੇ ਤਾਂ ਇਥੋਂ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ।ਇੱਕ ਰਾਤ ਦਾ ਪੜਾਅ ਕਰਕੇ ਗੁਰੂ ਸਾਹਿਬ ਜਦੋਂ ਇੱਥੋਂ ਚਾਲੇ ਪਾਉਣ ਲੱਗੇ ਤਾਂ ਇਸ ਨਗਰ ਦੀ ਵਸਨੀਕ ਇੱਕ ਨੰਬਰਦਾਰਨੀ ਮਾਈ ਗਲ ਵਿੱਚ ਪੱਲਾ ਪਾ ਕੇ ਅੱਗੇ ਹੋ ਖਲੋਤੀ।ਕਹਿਣ ਲੱਗੀ, 'ਸੱਚੇ ਪਾਤਸ਼ਾਹ ਮੇਰੀ ਬੇਨਤੀ ਮੰਨ ਕੇ ਅੱਜ ਦਾ ਦਿਨ ਇਥੇ ਹੋਰ ਠਹਿਰੋ,ਮੈਂ ਅਜੇ ਤੁਹਾਡੀ ਹੋਰ ਸੇਵਾ ਕਰਨੀ ਚਾਹੁੰਦੀ ਹਾਂ।'

ਮਾਈ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਸਾਹਿਬ ਨੇ ਇਸ(ਭੈਣੀ) ਨਗਰ ਵਿਚ ਕੁਝ ਸਮਾਂ ਹੋਰ ਠਹਿਰਨਾ ਸਵੀਕਾਰ ਕਰ ਲਿਆ। ਕਹਿਣ ਦੇ ਮੁਤਾਬਕ ਜਦੋਂ ਨੰਬਰਦਾਰਨੀ ਮਾਈ ਗੁਰੂ ਜੀ ਵਾਸਤੇ ਪਿੱਤਲ ਦੇ ਇਕ ਸਾਫ-ਸੁਥਰੇ ਬਰਤਨ ਵਿਚ ਦੇਸੀ ਘਿਓ ਦੀ ਚੂਰੀ ਘੁੱਟ ਕੇ ਲੈ ਆਈ ਤਾਂ ਗੁਰੂ ਅਰਜਨ ਦੇਵ ਜੀ ਨੇ ਬਹੁਤ ਹੀ ਪ੍ਰਸੰਨਚਿੱਤ ਹੋ ਕੇ ਉਸ ਚੂਰੀ ਨੂੰ ਛਕਿਆ। ਚੂਰੀ ਛਕਣ ਤੋਂ ਬਾਅਦ ਗੁਰੂ ਸਾਹਿਬ ਮੇਹਰਾਂ ਦੇ ਘਰ ਵਿੱਚ ਆ ਗਏ ਅਤੇ ਆਪਣੇ ਮੁਖਾਰਬਿੰਦ ਵਿਚੋਂ ਬੋਲੇ 'ਮਾਈ! ਇਹ ਤਾਂ ਤੂੰ ਸਾਡੇ ਵਾਸਤੇ ਸੁਆਦਲਾ ਚੋਹਲਾ(ਚੂਰੀ) ਤਿਆਰ ਕਰਕੇ ਲਿਆਈ ਏਂ।ਉਸ ਦਿਨ ਤੋਂ ਹੀ ਪਿੰਡ ਭੈਣੀ ਦਾ ਨਾਮ ਬਦਲ ਕੇ ਚੋਹਲਾ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਬਚਨਾਂ ਨੂੰ ਇਸ ਤਰ੍ਹਾਂ ਤਸਦੀਕ ਕੀਤਾ ਗਿਆ ਹੈ:-

ਹਰਿ ਹਰਿ ਨਾਮੁ ਅਮੋਲਾ॥
ਅਲੁਖ ਲਖਾਇਆ ਗੁਰ ਤੇ ਪਾਇਆ,
ਨਾਨਕ ਇਹੁ ਹਰਿ ਕਾ ਚੋਲ੍ਹਾ॥
(ਆਸਾ ਮ. ਪ. ਅੰਗ407)

ਗੁਰੂ ਸਾਹਿਬ ਦੇ ਇਨ੍ਹਾਂ ਮਹਾਂ ਵਾਕਾਂ ਕਾਰਨ ਹੀ ਇਹ ਨਗਰ ਚੋਹਲੇ ਤੋਂ ਚੋਹਲਾ ਸਾਹਿਬ ਕਰਕੇ ਸਤਿਕਾਰਿਆ ਜਾਣ ਲੱਗਾ। ਅੱਜ ਇਹ ਨਗਰ ਆਧੁਨਿਕ ਤਰਜ਼ 'ਤੇ ਵਿਕਾਸਮੁੱਖੀ ਦਿਸ਼ਾ ਵੱਲ ਅਗਰਗਾਮੀ ਹੈ ਜਿਸ ਨੂੰ ਸਰਕਾਰੀ ਪੱਧਰ 'ਤੇ ਉਪ-ਤਹਿਸੀਲ ਦਾ ਦਰਜਾ ਮਿਲਿਆ ਹੋਇਆ।



# ਰੰਗਾਰੰਗ ਸਮਾਗਮ ਦੀ ਪੁਰਾਣੀ ਯਾਦ (18-20 ਸਾਲ ਪੁਰਾਣੀ)

**ਸੈਨਹੋਜ਼ੇ (ਪ੍ਰਵਾਨਾ)-** ਖਾਲਸਾ ਸਤਨਾਮ ਸਿੰਘ (ਸਾਡੇ ਲੋਕ ਅਖਬਾਰ) ਨੇ ਮੈਨੂੰ ਇਕ ਫੋਟੋ ਭੇਜੀ ਕਿ ਇਕ ਯਾਦ ਪੁਰਾਣੀ ਹੈ ਸਤਨਾਮ ਸਿੰਘ। ਕਿੰਨੇ ਸਾਲ ਬੀਤ ਗਏ ਅਜੇ ਕੱਲ੍ਹ ਦੀ ਕਹਾਣੀ ਹੈ। ਉਸ ਯਾਦ ਨੂੰ ਤਾਜ਼ਾ ਕਰਨ ਦੀ ਖੁਸ਼ੀ ਲੈ ਰਿਹਾ ਹਾਂ ਕਿ ਇਕ ਸੰਸਥਾ ਅਸੀਂ ਬਣਾਈ ਸੀ ਸਾਹਿਤ ਸੰਭਾਲ ਸੰਸਥਾ, ਉਸ ਵੱਲੋਂ ਪ੍ਰੀਤ ਪੈਲੇਸ ਸੈਨਹੋਜ਼ੇ ਵਿਖੇ ਇਕ ਰੰਗਾਰੰਗ ਸਮਾਗਮ ਆਯੋਜਿਤ ਹੋਇਆ ਸੀ। ਹਿੰਦੀ ਫਿਲਮਾਂ ਦੀ ਨਾਮਵਰ ਗਾਇਕਾ ਹੇਮਲਤਾ ਜੀ ਨੇ 300 ਤੋਂ ਵੱਧ ਸਰੋਤਿਆਂ ਨੂੰ ਆਪਣੇ ਗੀਤਾਂ ਨਾਲ ਕੀਲ ਰੱਖਿਆ ਸੀ। ਹੇਮਲਤਾ ਜੀ ਦਾ ਪਿਛੋਕੜ ਰਾਜਸਥਾਨ ਤੋਂ ਹੈ। ਸੰਨ 1954 ਦੀ ਜੰਮਪਲ ਹੈ। ਸੰਨ 1966 ਵਿਚ ਉਹਨਾਂ ਦਾ ਪਰਿਵਾਰ ਬੰਬਈ ਦੇ ਪਿੰਡ ਗਿਰਗਾਵ ਰਹਿਣ ਲੱਗਾ। ਉਹ ਸ਼ਾਸ਼ਤਰੀ ਸੰਗੀਤ ਦੀ ਪਿੱਠਭੂਮੀ ਗਾਇਕਾ ਹੈ। ਉਹਨਾਂ ਨੇ ਹਜ਼ਾਰਾਂ ਗੀਤ ਗਾਏ। ਉਹਨਾਂ ਦੀ ਪਛਾਣ ਫਕੀਰਾ ਫਿਲਮ 1976 ਦੇ ਗੀਤ 'ਸੁਨ ਕੇ ਤੇਰੀ ਪੁਕਾਰ' ਤੋਂ ਬਣੀ। ਸੰਨ 1977 ਵਿਚ ਚਿਤ ਚੋਰ ਫਿਲਮ ਦੇ ਗਾਏ ਗੀਤ 'ਤੂੰ ਜੋ ਮੇਰੇ ਸੁਰਮੇ ਸੁਰ ਮਿਲਾਏ' ਲਈ ਫਿਲਮ ਇਨਾਮ ਮਿਲਿਆ।




ਸਮਾਗਮ ਦੀ ਸ਼ੁਰੂਆਤ ਉਹਨਾਂ ਨੇ ਇਕ ਸ਼ਬਦ ਗਾਇਨ ਨਾਲ ਕੀਤੀ। ਫਿਰ ਉਹਨਾਂ ਨੇ ਵੱਖ-ਵੱਖ ਫਿਲਮਾਂ ਦੇ ਗੀਤ ਗਾਏ, ਜਿਸਦਾ ਸਰੋਤਿਆਂ ਨੇ ਭਰਪੂਰ ਆਨੰਦ ਮਾਣਿਆ। ਸਰੋਤਿਆਂ ਨੇ ਉਹਨਾਂ ਦੀ ਗਾਇਕੀ ਦੀ ਤਾਰੀਫ਼ ਕੀਤੀ। ਕੇਵਲ ਸਚਦੇਵ ਨੇ 'ਛੱਲਾ' ਗਾ ਕੇ ਹਾਜ਼ਰੀ ਲੁਆਈ। ਸਟੇਜ ਦੀ ਜ਼ਿੰਮੇਵਾਰੀ ਰੇਡੀਓ ਆਪਣਾ ਸੰਗੀਤ ਦੀ ਮਸ਼ਹੂਰ ਬੀਬੀ ਆਸ਼ਾ ਸ਼ਰਮਾ ਨੇ ਹਮੇਸ਼ਾ ਦੀ ਤਰ੍ਹਾਂ ਬਾਖੂਬ ਨਿਭਾਈ। ਕੈਲੇਫੋਰਨੀਆ ਵਿਚ ਵਸਦੇ ਮਸ਼ਹੂਰ ਗਾਇਕ ਸੁਖਦੇਵ ਸਾਹਿਲ ਨੇ ਸ਼ਿਵ ਕੁਮਾਰ ਦੀਆਂ ਗਜ਼ਲਾਂ ਗਾ ਕੇ ਵਾਹ-ਵਾਹ ਖੱਟੀ। ਸੁਰੇਸ਼ ਜੀ ਨੇ ਇਕ ਮੁਹੰਮਦ ਰਫੀ ਜੀ ਦਾ ਗੀਤ ਪੇਸ਼ ਕਰਕੇ ਸ਼ਿਵ ਕੁਮਾਰ ਬਟਾਲਵੀ ਜੀ ਦੀ ਯਾਦ ਤਾਜ਼ਾ ਕੀਤੀ। ਵਰਣਨਯੋਗ ਹੈ ਕਿ ਹੇਮਲਤਾ ਜੀ ਦਾ ਇਹ ਸਮਾਗਮ 3-4 ਦਿਨਾਂ ਵਿਚ ਹੀ ਉਲੀਕਿਆ ਗਿਆ ਸੀ ਕਿਉਂਕਿ ਉਹ ਆਪਣੇ ਬੇਟੇ ਨੂੰ ਹਾਲੀਵੁੱਡ ਵਿਚ ਡਾਇਰੈਕਸ਼ਨ ਦੇ ਕੋਰਸ ਵਿਚ ਦਾਖਲਾ ਦਿਵਾਉਣ ਲਈ ਆਏ ਹੋਏ ਸਨ। ਸੰਬੋਧਨ ਕਰਦਿਆਂ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੀਤ ਪ੍ਰਧਾਨ ਜਨਾਬ ਜਸਵੰਤ ਸਿੰਘ ਹੋਠੀ ਨੇ ਪ੍ਰਬੰਧਕਾਂ ਦੀ ਸਮਾਗਮ ਲਈ ਸ਼ਲਾਘਾ ਕੀਤੀ ਕਿ ਅਜਿਹੇ ਪ੍ਰੋਗਰਾਮਾਂ ਦੀ ਲੋੜ ਹੈ। ਹੋਰ ਬੁਲਾਰਿਆਂ ਵਿਚ ਸਰਦੂਲ ਕਵਾਤਰਾ, ਜਨਾਬ ਆਜ਼ਾਦ ਜਲੰਧਰੀ, ਜਸਪਾਲ ਸਿੰਘ ਸੈਣੀ, ਬਲਬੀਰ ਸਿੰਘ ਐਮ. ਏ. ਆਦਿ। ਸਤਨਾਮ ਸਿੰਘ ਖਾਲਸਾ, ਚਿੰਟੂ ਖਹਿਰਾ ਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਦੇ ਸਾਂਝੇ ਯਤਨਾਂ ਨਾਲ ਕਰਵਾਏ ਸਮਾਗਮ ਵਿਚ ਪ੍ਰੀਤ ਪੈਲੇਸ ਦੇ ਮਾਲਕ ਪ੍ਰੀਤਮ ਸਿੰਘ ਗਰੇਵਾਲ, ਬਿਲਾ ਸੰਘੇੜਾ ਤ ਗੁਰੂ ਘਰ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਬਹੁਤ ਸਾਰੇ ਮੈਂਬਰ ਸ਼ਾਮਲ ਹੋਏ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੋਵੇਂ ਕੱਟੜ੍ਹਵਾਦੀ ਤੇ ਵਿਨਾਸ਼ਕਾਰੀ ਰਾਹ ‘ਤੇ?



ਜੰਗ ਸਿੰਘ
ਵਟੱਸ ਐਪ ਨੰ
+91 94644 -48297

ਸਾਰੇ ਸੰਸਾਰ ਵਿਚ ਇਸ ਗੱਲ ਦੀ ਹਮੇਸ਼ਾ ਚਰਚਾ ਰਹੀ ਹੈ ਕਿ ਅਮਰੀਕਾ ਸੰਸਾਰ ਦਾ ਉਹ ਦੇਸ਼ ਹੈ ਜਿਥੇ ਲੋਕਤੰਤਰ ਹੈ ਤੇ ਇਹੋ ਜਿਹੀ ਹੀ ਗੱਲ ਭਾਰਤ ਦੇ ਰਾਜ ਪ੍ਰਬੰਧ ਬਾਰੇ ਕਹੀ ਜਾਂਦੀ ਆ ਰਹੀ ਹੈ । ਪਰ ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚ ਹੋ ਰਹੇ ਮੁਜਾਹਰਿਆਂ ਨੇ ਅਮਰੀਕਾ ਦੇ ਲੋਕਤੰਤਰ ਪ੍ਰਬੰਧ ਦੀ ਇਕ ਤਰਾਂ ਨਾਲ ਫੂਕ ਕੱਢ ਦਿੱਤੀ ਹੈ ਕਿ ਇਸ ਨੇ ਸਿਰਫ ਬੁਰਕਾ ਹੀ ਲੋਕਤੰਤਰ ਦਾ ਪਹਿਨਿਆ ਹੈ,ਪਰ ਸਚਾਈ ਇਸ ਤੋਂ ਕੋਹਾਂ ਦੂਰ ਹੈ ।ਜਿਸ ਦੀ ਹਕੀਕਤ 25 ਮਈ 2020 ਨੂੰ ਅਮਰੀਕਾ ਦੇ ਰਾਜ ਮਿਨੀਸੋਟਾ ਦੇ ਪ੍ਰਮੁੱਖ ਸ਼ਹਿਰ ਮਿਨੇਐਪਲਿਸ ਵਿਖੇ ਇਕ ਚਿੱਟੀ ਚਮੜੀ ਵਾਲੇ ਅੰਗਰੇਜ ਪੁਲੀਸ ਅਧਿਕਾਰੀ ਡੈਰਵਿਕ ਚੌਵਨ ਨੇ ਅਫਰੀਕਨ ਮੂਲ ਦੇ ਸਿਆਹ ਰੰਗੇ ਅਮਰੀਕਨ ਵਾਸੀ ਜਾਰਜ ਫਲਾਇਡ ਦੀ ਗਰਦਨ ਤੇ 8 ਮਿੰਟ 46 ਸਕਿੰਟ ਤਕ ਆਪਣੇ ਗੋਡੇ ਨੂੰ ਇੰਨੇ ਜੋਰ ਦੀ ਦਬਾ ਕੇ ਰੱਖੀ ਰੱਖਿਆ ਜਦੋਂ ਤਕ ਉਸ ਦੀ ਮੌਤ ਨਹੀਂ ਸੀ ਹੋ ਗਈ ।ਇਸ ਸਬੰਧ ਵਿਚ ਜਾਰੀ ਵੀ ਡੀ ਓ ਵਿਚ ਸਪਸ਼ਟ ਤਿੰਨ ਹੋਰ ਪੁਲੀਸ ਕਰਮੀ ਵੀ ਉਸ ਦੇ ਨਾਲ ਹਨ ਜਿਨ੍ਹਾ ਨੇ ਕੋਈ ਹੋਰ ਢੁੱਕਵੀਂ ਕਾਰਵਾਈ ਕਰਨ ਦੀ ਥਾਂ ਤੇ ਇਸ ਸਾਰੀ ਘਟਨਾ ਨੂੰ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ । ਇਹ ਵੀ ਉਸ ਵੀਡੀਓ ਵਿਚੋਂ ਸਪਸ਼ਟ ਹੋ ਰਿਹਾ ਹੈ ਕਿ ਜਾਰਜ ਫਲਾਇਡ ਲਗਾਤਾਰ ਇਹ ਵੀ ਕਹਿੰਦਾ ਆ ਰਿਹਾ ਹੈ ਕਿ ਉਸ ਨੂੰ ਸਾਹ ਨਹੀਂ ਆ ਰਿਹਾ , ਇਸ ਸਾਰੇ ਘਟਨਾ ਕਰਮ ਦੌਰਾਨ ਉਸ ਦਾ ਪਿਸ਼ਾਬ ਵੀ ਨਿਕਲ ਗਿਆ ਸੀ । ਉਸ ਦੀਆ ਅੱਖਾਂ ਦੇ ਡੇਲੇ ਤਕ ਵੀ ਧੌਣ ਘੁੱਟੀ ਹੋਈ ਹੋਣ ਕਾਰਨ ਬਾਹਰ ਆ ਗਏ ਸਨ ਤੇ ਨੱਕ ਵਿਚੋਂ ਖੂਨ ਆਉਣ ਲਗ ਪਿਆ ਸੀ । ਇਹ ਗੱਲ ਵੀ ਇਸ ਮੌਤ ਵਿੱਚ ਉਭੱਰ ਕੇ ਆਈ ਹੈ ਕਿ ਅਮਰੀਕਾ ਵਿਚ ਪਿਛਲੇ ਕਾਫੀ ਸਮੇਂ ਤੋਂ ਕਾਲੇ ਤੇ ਚਿੱਟੀ ਚਮੜੀ ਵਾਲਿਆਂ ਵਿੱਚਕਾਰ ਲਗਾਤਾਰ ਵਿਤਕਰਾ ਕੀਤਾ ਜਾਂਦਾ ਆ ਰਿਹਾ ਹੈ । ਇਸ ਬੇਰਹਿਮ ਭਰੀ ਘਟਨਾ ਨੇ ਅਮਰੀਕਾ ਦੇ 140 ਸਹਿਰਾਂ ਵਿਚ ਜਬਰਦਸਤ ਰੋਸ ਮੁਜਾਹਰੇ ਤੇ ਕਈ ਹੋਰ ਹਿੰਸਕ ਘਟਨਾਵਾਂ ਹੋਣ ਕਾਰਨ 40 ਸ਼ਹਿਰਾਂ ਵਿਚ ਅਮਰੀਕਾ ਸਰਕਾਰ ਨੂੰ ਕਰਫਿਊ ਵੀ ਲਗਾਉਣੇ ਪਏ ਹਨ ।ਇਨਾਂ ਰੋਸ ਮੁਜਾਹਰਿਆਂ ਵਿਚ ਸਿਰਫ ਕਾਲੇ ਲੋਕ ਹੀ ਸ਼ਾਮਲ ਨਹੀਂ ਹੋਏ ਬਲਕਿ ਏਸ਼ੀਅਨ ਲੋਕਾਂ ਤੋਂ ਬਿਨਾ ਚਿੱਟੀ ਚਮੜੀ ਵਾਲੇ ਅੰਗਰੇਜ ਵੀ ਵੱਡੀ ਗਿਣਤੀ ਸ਼ਾਮਲ ਹੋਏ ਹਨ । ਇਹ ਰੋਸ ਇੰਨੇ ਦਿਨ ਬੀਤ ਜਾਣ ਦੇ ਬਾਵਜੂਦ ਹਾਲ ਤਕ ਰੁੱਕਣ ਦਾ ਨਾਂ ਨਹੀਂ ਲੈ ਰਹੇ । ਇਹ ਵੀ ਚਰਚਾ ਹੈ ਅਮਰੀਕਾ ਸਰਕਾਰ ਵਲੋਂ ਕਾਲੀ ਚਮੜੀ ਵਾਲਿਆ ਨੂੰ ਚਿੱਟੀ ਚਮੜੀ ਵਾਲੇ ਲੋਕਾਂ ਵਲੋਂ ਜਿਥੇ ਉਨਾਂ ਨੂੰ ਘਿਰਣਤ ਤੋਰ ਤੇ ਵੇਖਿਆ ਜਾਂਦਾ, ਉਥੇ ਉਨਾਂ ਨਾਲ ਸਜਾਵਾਂ ਤੇ ਨਿਆਂ ਦੇਣ ਵਿਚ ਵੀ ਵਿੱਤਕਰਾ ਅਕਸਰ ਤੌਰ ‘ਤੇ ਹੁੰਦਾ ਹੈ ਭਾਵ ਗੋਰੇ ਨੂੰ ਸਜਾ ਘੱਟ ਤੇ ਕਾਲੇ ਨੂੰ ਵੱਧ ਦਿਤੀ ਜਾਂਦੀ ਹੈ। ਜਿਥੋਂ ਤਕ ਜਾਰਜ ਫਲਾਇਡ ਦੀ ਦੁੱਖਦਾਈ ਘਟਨਾ ਦਾ ਸਬੰਧ ਹੈ ਕਿ ਉਸ ਉਤੇ ਇਹ ਦੋਸ਼ ਲਗਾਇਆ ਦਸਿਆ ਜਾ ਰਿਹਾ ਹੈ ਕਿ ਉਸ ਨੇ 20 ਡਾਲਰ ਦੇ ਜਾਲੀ ਨੋਟ ਨਾਲ ਸਿਗਰਟ ਵਗੈਰਾ ਖਰੀਦੀ ਸੀ ।ਜੋ ਕਿ ਇਤਨਾ ਵੱਡਾ ਜੁਰਮ ਨਹੀਂ ਸੀ ਜਿਸ ਦੀ ਇੰਨੀ ਵੱਡੀ ਮੌਤ ਜਿਹੀ ਸਜਾ ਉਸ ਨੂੰ ਦਿਤੀ ਗਈ ਹੈ। ਇਹ ਕਿਹਾ ਜਾਂਦਾ ਹੈ ਕਿ ਜਦੋਂ ਤੋਂ ਅਮਰੀਕਾ ਵਿਚ ਡੋਨਾਲਡ ਟਰੰਪ ਨੇ ਬਤੌਰ ਰਾਸ਼ਟਰਪਤੀ ਅਹੁੱਦਾ ਸੰਭਾਲਿਆ ਹੈ ।ਉਦੋਂ ਤੋਂ ਇਹ ਵਿੱਤਕਰਾ ਹੋਰ ਵੱਧ ਗਿਆ ਹੈ। ਇਨਾਂ ਨੇ ਵੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਂਗ ਕਿ ਉਹਿੰਦੋਸਤਾਨ ਉ 'ਹਿੰਦੂਆਂ' ਦਾ ਹੈ ਦੀ ਤਰਜ ਤੇ 'ਅਮਰੀਕਾ' ਉਅਮਰੀਕੀਆਂ''ਦੇ ਹੋਣ ਦਾ ਨਾਹਰਾ ਦਿਤਾ ਹੋਇਆ ਹੈ। ਭਾਰਤ ਵਿੱਚ ਘੱਟ ਗਿਣਤੀਆਂ ਮੁਸਲਮਾਨਾਂ, ਸਿੱਖਾਂ ਆਦਿ ਸਮੇਤ ਦਲਿੱਤਾਂ ਵਿਰੁਧ ਪੜਾਅ ਪੜਾਅ ਤੇ ਧੱਕੇ, ਜੁੱਲਮ ਤੇ ਬੇਇਨਸਾਫੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਬਾਰੇ ਸੰਸਾਰ ਦੇ ਲੋਕ ਵੀ ਬੜੀ ਚੰਗੀ ਤਰਾਂ ਸ੍ਰੀ ਨਰਿੰਦਰ ਮੋਦੀ ਵਲੋਂ ਘੜ੍ਹੀ ਜਾਂਦੀ ਨੀਤੀ ਨੂੰ ਭਲੀਭਾਂਤ ਜਾਣ ਗਏ ਹਨ ਕਿ ਕਿਵੇਂ ਭਾਰਤ ਦੇ ਬਹੁ ਗਿੱਣਤੀ ਦੇ ਲੋਕਾਂ ਦੀਆਂ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ ਇਹ ਨੀਤੀ ਪਿਛਲੇ ਛੇ ਸਾਲਾਂ ਤੋਂ ਲਾਗੂ ਕੀਤੀ ਜਾ ਰਹੀ ਹੈ ਜਿਸ ਨਾਲ ਦੇਸ਼ ਦੇ ਲੋਕਾਂ ਦੀ ਆਪਸੀ ਸਾਂਝ ਬੁਰੀ ਤਰਾਂ ਤਿੱੜ੍ਹਕ ਰਹੀ ਹੈ । ਬਿਲਕੁਲ ਇਸੇ ਪੈਟਰਨ ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਚਲਦੇ ਹੋਏ ਦਸੇ ਜਾ ਰਹੇ ਹਨ ਤਾਂ ਕਿ ਅਮਰੀਕਾ ਵਿੱਚ ਨਵੰਬਰ 2020 ਵਿਚ ਰਾਸ਼ਟਰਪਤੀ ਦੀਆਂ ਹੋ ਰਹੀਆ ਚੋਣਾਂ ਨੂੰ ਜਿੱਤਿਆ ਜਾ ਸਕੇ। ਇਸੇ ਕਰਕੇ ਇਸੇ ਗੱਲ ਨੂੰ ਧਿਆਨ ਵਿਚ ਰਖਦੇ ਹੋਏ ਪਿਛਲੇ ਕੁਝ ਸਮੇਂ ਤੋਂ ਭਾਰਤ ਦੀ ਤਰਜ ਤੇ ਡੋਨਾਲਡ ਟਰੰਪ ਨਾਹਰਾ



ਲਾਉਂਦੇ ਆ ਰਹੇ ਹਨ ਕਿ ‘‘ਅਮਰੀਕਾ ਅਮਰੀਕੀਆਂ ਦਾ ’’। ਇਹ ਨਾਹਰਾ ਦੇ ਕੇ , ਚਿੱਟੀ ਚੱਮੜੀ ਵਾਲੇ ਲੋਕਾਂ ਨੂੰ ਖੁਸ਼ ਕਰਕੇ, ਉਨਾਂ ਦੀਆਂ ਵੱਧ ਤੋਂ ਵੱਧ ਵੋਟਾਂ ਬਟੋਰਨਾ ਚਾਹੁੰਦੇ ਹਨ । ਇਸੇ ਕਰਕੇ ਇਹ ਦੋਵੇਂ ਦੇਸ਼ਾਂ ਦੇ ਲੀਡਰ ਜਦੋਂ ਇਕ ਦੂਜੇ ਦੇ ਦੇਸ਼ ਵਿਚ ਫੇਰੀ ਲਗਾਉਣ ਜਾਂਦੇ ਹਨ ਕਦੇ 'ਟਰੰਪ ਨਮਸਤੇ' ਤੇ ਕਦੇ 'ਅੱਬ ਕੀ ਬਾਰ ਟਰੰਪ ਸਰਕਾਰ ਉਨਾਹਰੇ ਜਨਤਾ ਵਿੱਚ ਲਗਾਏ ਜਾ ਰਹੇ ਹਨ । ਇਸੇ ਕਰਕੇ ਇਹ ਦੋਵੇਂ ਲੀਡਰਾਂ ਦੀ ਰਾਜਨੀਤਕ ਸੋਚ ਇਕ ਹੋਣ ਕਾਰਨ ਆਪਣੇ ਆਪ ਨੂੰ ਇਕ ਦੂਜੇ ਦੇ ਪੱਕੇ ਮਿੱਤਰ ਵੀ ਦਸਦੇ ਆ ਰਹੇ ਹਨ । ਅਮਰੀਕਾ ‘‘ਅਮਰੀਕੀਆਂ ਦਾ’’ ਦੀ ਨੀਤੀ ਅਨੁਸਾਰ ਰਾਸ਼ਟਰਪਤੀ ਟਰੰਪ ਵਲੋਂ ਹੋਰ ਦੇਸ਼ਾਂ ਦੇ ਲੋਕਾਂ ਨੂੰ ਗਰੀਨ ਕਾਰਡ ਦੇਣ, ਪੱਕੇ ਸ਼ਹਿਰੀ ਬਣਾਉਣ ਦੀ ਨੀਤੀ ਨੂੰ ਬਦਲਿਆ ਜਾ ਰਿਹਾ ਹੈ ਤਾਂ ਕਿ ਦੂਜੇ ਦੇਸ਼ਾਂ ਦੇ ਘੱਟੋ ਘੱਟ ਲੋਕਾਂ ਨੂੰ ਅਮਰੀਕਾ ਦੇ ਪੱਕੇ ਨਿਵਾਸੀ ਬਣਾਇਆ ਜਾ ਸਕੇ ਬਾਕੀ ਇਹ ਸਮਾਂ ਹੀ ਦਸੇਗਾ ਕਿ ਇਸ ਦੀ ਪ੍ਰਵਾਨਗੀ ਦੇਸ਼ ਦੇ ਪਾਰਲੀਮੈਂਟ ਮੈਂਬਰਾਂ ਵਲੋਂ ਦਿੱਤੀ ਵੀ ਜਾਂਦੀ ਹੈ ਕਿ ਨਹੀਂ ।ਜਾਰਜ ਫਲਾਇਡ ਦੀ ਦੁੱਖਦਾਈ ਘਟਨਾ ਨੇ ਰਾਸ਼ਟਰਪਤੀ ਟਰੰਪ ਦਾ ਅਸਲੀ ਚਿਹਰਾ ਲੋਕਾਂ ਵਿੱਚ ਜਰੂਰ ਬੇਨਕਾਬ ਕਰ ਦਿੱਤਾ ਹੈ। ਅਮਰੀਕਾ ਵਿੱਚ ਇੰਨੇ ਜਬਰਦਸਤ ਰੋਸ ਮੁਜਾਹਰੇ ਹੋਣ ਦਾ ਇਕ ਕਾਰਨ ਰਾਸ਼ਟਰਪਤੀ ਦੇ ਬੜਬੋਲੇ ਹੋਣਾ ਵੀ ਕਿਹਾ ਜਾ ਰਿਹਾ ਹੈ ਜੋ ਨਿੱਤ ਦਿਨ ਕੋਈ ਨਾ ਕੋਈ ਬਿਆਨ ਦੇ ਕੇ ਲੋਕਾਂ ਵਿਚ ਅੱਗ ਦੇ ਭਾਂਬੜ੍ਹ ਬਾਲ ਰਹੇ ਹਨ। ਇਥੋਂ ਤਕ ਕਿ ਅਮਰੀਕਾ ਦੇ ਇਕ ਉੱਚ ਪੁਲੀਸ ਅਧਿਕਾਰੀ ਨੂੰ ਦੇਸ਼ ਦੇ ਰਾਸ਼ਟਰਪਤੀ ਨੂੰ ਆਪਣਾ ਮੂੰਹ ਬੰਦ ਰਖਣ ਲਈ ਵੀ ਕਿਹਾ ਜਾ ਚੁੱਕਾ ਹੈ । ਪਰ ਉਹ ਕਿਸੇ ਦੀ ਕੋਈ ਗੱਲ ਸੁਣਨ ਲਈ ਤਿਆਰ ਹੀ ਨਹੀਂ । ਉਹੀ ਕੁਝ ਕਰਦੇ ਆ ਰਹੇ ਹਨ ਜੋ ਉਨਾਂ ਦੇ ਮਨ ਨੂੰ ਚੰਗਾ ਲਗਦਾ ਹੈ । ਇਹੋ ਹਾਲ ਉਨਾਂ ਵਲੋਂ ਕਰੋਨਾ ਮਹਾਂਮਾਰੀ ਬਿਮਾਰੀ ਨਾਲ ਨਿਬੱੜਣ ਲਈ ਕੀਤਾ ਜਾ ਰਿਹਾ ਹੈ ।ਸੰਸਾਰ ਦੀ ਇਕ ਨੰਬਰ ਦੀ ਸ਼ਕਤੀ ਦਾ 'ਅਮਰੀਕਾ' ਦੇਸ਼ ਹੋਵੇ ਤੇ ਉਸ ਦੇਸ਼ ਵਿਚ ਸਭ ਤੋਂ ਵੱਧ ਬਿਮਾਰ ਹੋਣ ਤੇ ਮੌਤਾਂ ਵੀ ਵੱਧ ਹੋਈਆਂ ਹੋਣ ਜੋ ਰੁਕਣ ਦੀ ਥਾਂ ਤੇ ਲਗਾਤਾਰ ਵੱਧਦੀਆਂ ਹੀ ਜਾ ਰਹੀਆਂ ਹਨ । ਪਰ ਟਰੰਪ ਸਾਹਿਬ ਕਿਸੇ ਦੀ ਨਾ ਤਾਂ ਗੱਲ ਸੁਣਦੇ ਹਨ ਤੇ ਨਾ ਹੀ ਉੱਚ ਅਧਿਕਾਰੀਆਂ ਵਲੋਂ ਦਿੱਤੇ ਸੁਝਾਵਾਂ ਤੇ ਅਮਲ ਕਰਦੇ ਹਨ । ਲੋਕਾਂ ਨੇ ਵੀ ਇਸ ਗੱਲ ਨੂੰ ਅਨੁਭਵ ਕੀਤਾ ਹੈ ਕਿ ਰੋਜਾਨਾ ਜਦੋਂ ਰਾਸ਼ਟਰਪਤੀ ਵਲੋਂ ਵਾਈਟ ਹਾਊਸ ਵਿਚ ਪ੍ਰੈੱਸ ਮਿਲਣੀ ਕੀਤੀ ਜਾਂਦੀ ਸੀ ਤੇ ਜਦੋਂ ਉਨਾਂ ਕੋਲ ਪੱਤਰਕਾਰਾਂ ਦੇ ਸੁਆਲਾਂ ਦੇ ਜੁਆਬ ਨਹੀਂ ਸਨ ਹੁੰਦੇ ਤਾਂ ਇਹ ਜਾਂ ਤਾਂ ਪੱਤਰਕਾਰਾਂ ਨੂੰ ਦਬਾਉਣ ਦਾ ਯਤਨ ਕਰਦੇ ਸਨ ਜਾਂ ਫਿਰ ਸੁਆਲਾਂ ਦੇ ਜੁਆਬ ਹੀ ਨਹੀਂ ਸਨ ਦੇਂਦੇ। ਹੋਰ ਤੇ ਹੋਰ ਕਈ ਵਾਰੀ ਅੱਧਵਾਟੇ ਹੀ ਪ੍ਰੈੱਸ ਕਾਨਫਰੰਸ ਛੱਡ ਕੇ ਚਲੇ ਜਾਂਦੇ ਸਨ ਜੋ ਇਹ ਸਾਬਿਤ ਕਰਦਾ ਹੈ ਕਿ ਰਾਸ਼ਟਰਪਤੀ ਸਾਹਿਬ ਕੋਲ ਪੱਤਰਕਾਰਾਂ ਦੇ ਸੁਆਲਾਂ ਦਾ ਵਾਜਬ ਜੁਆਬ ਹੀ ਨਹੀਂ ਹੁੰਦਾ। ਜਿਸ ਤਰਾਂ ਦੇ ਹਾਲਤ ਅਮਰੀਕਾ ਵਿਚ ਬਣੇ ਹੋਏ ਹਨ ਕਿ ਟਰੰਪ ਦੀ ਲੜਕੀ ਜੋ ਕਿ ਵਕੀਲ ਹੈ ਉਸ ਨੇ ਵੀ ਆਪਣੇ ਪਿਤਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਸਲੀ ਵਿੱਤਕਰੇ ਵਾਲੀ ਨੀਤੀ ਦਾ ਸਖਤ ਵਿਰੋਧ ਕਰਦਿਆਂ ਜਾਰਜ ਫਲਾਇਡ ਦੇ ਹੱਕ ਵਿਚ ਕੀਤੇ ਜਾ ਰਹੇ ਮੁਜਾਹਰਿਆਂ ਦਾ ਸਮਰਥਨ ਕੀਤਾ ਹੈ । ਸਿਰਫ ਇਹ ਹੀ ਨਹੀਂ ਕਿ ਦੇਸ਼ ਦੇ ਰਾਸ਼ਟਰਪਤੀ ਨਾਲੋਂ ਤਾਂ ਇਸ ਦੇਸ਼ ਦੀ ਪੁਲੀਸ ਨੇ ਆਪਣੀ ਜਿੰਮੇਵਾਰੀ ਨੂੰ ਜਾਣਦਿਆਂ ਹੋਇਆਂ ਕਿ ਜਾਰਜ ਫਲਾਇਡ ਦੀ ਘਟਨਾ ਨੇ ਪੁਲੀਸ ਦੀ ਵਰਦੀ ਨੂੰ ਦਾਗਦਾਰ ਕੀਤਾ ਹੈ।

ਉਨਾਂ ਨੇ ਜਦੋਂ ਲੋਕਾਂ ਵਲੋਂ ਇਸ ਬੇਇਨਸਾਫੀ ਵਿਰੁੱਧ ਜੋਰਦਾਰ ਰੋਸ ਮੁਜਾਹਰਾ ਕੀਤਾ ਜਾ ਰਿਹਾ ਸੀ ਤਾਂ ਐਨ ਉਸ ਸਮੇਂ ਹੀ ਪੁਲੀਸ ਨੇ ਰੋਸ ਮੁਜਾਹਰਾ ਕਰ ਰਹੇ ਲੋਕਾਂ ਦੇ ਨਜਦੀਕ ਆ ਕੇ ਸਾਰੇ ਪੁਲੀਸ ਵਾਲਿਆਂ ਨੇ ਆਪਣੀ ਵਰਦੀ ਵਿੱਚ 8 ਮਿੰਟ 46 ਸਕਿੰਟ ਤਕ ਜਿੰਨਾ ਚਿਰ ਉਸ ਪੁਲੀਸ ਵਾਲੇ ਨੇ ਫਲਾਇਡ ਦੀ ਧੌਣ ਤੇ ਗੋਡਾ ਰੱਖੀ ਰੱਖਿਆ ਸੀ , ਉਨਾ ਚਿੱਰ ਗੋਡੇ ਭਾਰ ਬੈਠ ਕੇ ਤੇ ਸਿਰ ਝੁੱਕਾ ਕੇ ਇਸ ਹੋਈ ਗਲਤੀ ਦੀ ਜਨਤਕ ਤੌਰਤੇ ਮੁਆਫੀ ਵੀ ਮੰਗੀ ਸੀ । ਇਕ ਪਾਸੇ ਅਮਰੀਕਾ ਦੀ ਪੁਲੀਸ ਲੋਕਾਂ ਕੋਲੋਂ ਮੁਆਫੀ ਮੰਗ ਰਹੀ ਹੈ। ਪਰ ਦੂਸਰੀ ਤਰਫ ਰਾਸ਼ਟਰਪਤੀ ਦੀ ਨਸਲੀ ਬੋਲ ਬਾਣੀ ਕਾਰਨ ਹਿੰਸਾ ਦਾ ਵਿਰੋਧ ਠੱਲ੍ਹਣ ਦਾ ਨਾਂ ਨਹੀਂ ਲੈ ਰਿਹਾ ਇਸ ਨੇ ਯੂਰਪ ਦੇ ਸਾਰੇ ਦੇਸ਼ਾਂ ਤੋਂ ਇਲਾਵਾ ਕਨੇਡਾ, ਇੰਗਲੈਂਡ ਵਿਚ ਵੀ ਜੋਰ ਫੱੜ ਲਿਆ ਹੈ । ਭਾਰਤ ਵਿੱਚ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਚੱਲ ਰਹੀ ਸਰਕਾਰ ਦੇ ਇਕ ਰਾਜ ਰਾਜਿਸਥਾਨ ਦੇ ਪ੍ਰਮੁੱਖ ਸ਼ਹਿਰ ਜੋਧਪੁਰ ਵਿਖੇ ਇਕ ਪੁਲੀਸ ਕਰਮਚਾਰੀ ਨੇ ਮੈਨੀਐਪਲਿਸ ਵਿਖੇ ਵਾਪਰੀ ਘਟਨਾ ਵਾਗੂੰ ਮਨੋਜ ਕੁਮਾਰ ਨਾਂ ਦੇ ਇਕ ਮੱਨੁਖ ਦੀ ਧੌਣ ਤੇ ਗੋਡਾ ਰੱਖ ਕੇ ਦਬਾ ਰਿਹਾ ਹੈ ਦੀ ਵਾਇਰਲ ਹੋ ਰਹੀ ਵੀ ਡੀ ਓ ਵਿੱਚ ਦਿਖਾਇਆ ਗਿਆ ਹੈ ।ਜੋ ਕਿ ਭਾਰਤ ਦੇ ਰਾਜ ਪ੍ਰਬੰਧ ਦੀ ਅਸਲੀ ਤਸਵੀਰ ਨੂੰ ਉਜਾਗਰ ਕਰ ਰਿਹਾ ਹੈ ।ਅਮਰੀਕਾ ਦੀ ਪੁਲੀਸ ਵਲੋਂ ਆਪਣੀ ਗਲਤੀ ਦਾ ਅਹਿਸਾਸ ਕੀਤੇ ਜਾਣ ਤੋਂ ਪੰਜਾਬ ਦੀ ਪੁਲੀਸ ਨੂੰ ਸਬਕ ਸਿਖਣਾ ਚਾਹੀਦਾ ਹੈ ਜੋ ਹਾਲੇ ਵੀ ਨਿੱਤ ਦਿਨ ਰਾਜਨੀਤਕ ਲੀਡਰਾਂ ਦੇ ਇਸ਼ਾਰਿਆਂ ਤੇ ਬੇਕਸੂਰੇ ਲੋਕਾਂ ਤੇ ਜੁੱਲਮ ਤੇ ਧੱਕਾ ਕਰਦੀ ਰਹਿੰਦੀ ਹੈ। ਪੰਜਾਬ ਦੀ ਪੁਲੀਸ ਨੇ ਤਾਂ ਆਪਣੇ ਹੀ ਪ੍ਰਾਂਤ ਵਿਚ ਦਸ ਸਾਲ ਤੋਂ ਵਧੇਰੇ ਦੇ ਸਮੇ ਵਿੱਚ ਹਜਾਰਾਂ ਹੀ ਬੇਦੋਸ਼ੈ ਸਿੱਖ ਨੌਜੁਆਨਾਂ ਦੇ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸਿਰਫ ਇਨਾਮ ਤੇ ਤਰੱਕੀਆ ਲੈਣ ਲਈ ਇਨਸਾਨੀਅਤ ਦਾ ਘਾਣ ਕੀਤਾ ਜਾਂਦਾ ਰਿਹਾ ਹੈ ।ਇਸ ਸਮੇਂ ਭਾਰਤ ਵਿਚ ਰਾਜ ਕਰ ਰਹੀ ਮੋਦੀ ਸਰਕਾਰ ਨੂੰ ਅਮਰੀਕਾ ਵਿੱਚ ਪੈਦਾ ਹੋਏ ਹਾਲਤਾਂ ਤੋਂ ਸਬਕ ਸਿੱਖਣਾ ਚਾਹੀਦਾ । ਪਤਾ ਨਹੀਂ ਕਦੋਂ ਉਨਾਂ ਦੇ ਦਿਨ ਵੀ ਪੁੱਠੇ ਪੈਣੇ ਸ਼ੁਰੂ ਹੋ ਜਾਣ । ਦੇਸ਼ ਦਾ ਸਾਰਾ ਹਿੰਦੂ ਭਾਈਚਾਰਾ ਸਿਵਾਏ ਰ ਸ ਸ ਦੇ ਕਟੱੜ ਹਿੰਦੂ ਤੱਵੀਆਂ ਤੋਂ ਬਾਕੀ ਵੱਡੀ ਗਿਣਤੀ ਵਿੱਚ ਹਿੰਦੂ ਮੋਦੀ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ, ਉਹ ਧਾਰਮਿਕ ਕਟੱੜਤਾ ਦੇ ਹਾਮੀਦਾਰ ਨਹੀਂ ਬਲਕਿ ਭਰਾਤਰੀ ਸਾਂਝ ਦੇ ਮੁੱਦਈ ਹਨ ।ਉਹ ਵੀ ਜੋ ਕੁਝ ਮੋਦੀ ਸਰਕਾਰ ਦੇਸ਼ ਵਿੱਚ ਕਰ ਰਹੀ ਹੈ ਉਸ ਤੇ ਨਜਰਾਂ ਰੱਖੀ ਬੈਠੇ ਹਨ। ਜੇਕਰ ਅਮਰੀਕਾ ਦੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਯੋਗ ਤੇ ਸਾਂਝਾ ਉਮੀਦਵਾਰ ਦੇਣ ਦੇ ਸਮਰੱਥ ਹੋ ਗਏ ਤਾਂ ਇਸ ਗੱਲ ਤੋਂ ਵੀ ਇਨਕਾਰਿਆ ਨਹੀਂ ਜਾ ਸਕਦਾ ਕਿ ਉਹ ਸ਼ਾਇਦ ਜਿੱਤ ਦੀਆਂ ਬਰੂਹਾਂ ਤੇ ਹੀ ਨਾ ਪੁੱਜ ਸਕਣ ।ਇਹੋ ਜਿਹਾ ਹਾਲ ਭਾਰਤ ਵਿਚ ਵੀ ਹੋ ਸਕਦਾ ਹੈ ਇਸ ਲਈ ਕਟੱੜਵਾਦੀ ਹਿੰਦੂ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਕਿ ਸੰਸਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੇਸ਼ ਵਿਚ ਜਾਲਮ ਔਰੰਗਜੇਬ , ਹਿੱਟਲਰ , ਮਸੋਲਿਨੀ , ਸਿਕੰਦਰ , ਨਾਜੀ , ਟੋਜੋ ਜਿਹੇ ਜਾਬਰ ਵੀ ਨਹੀਂ ਰਹੇ।

ਇਸੇ ਤਰਾਂ ਭਾਰਤ ਵਿਚ ਮੋਦੀ ਰਾਜ ਤੇ ਅਮਰੀਕਾ ਵਿਚ ਡੋਨਾਲਡ ਟਰੰਪ ਦੇ ਰਾਜ ਵੀ ਨਹੀਂ ਰਹਿਣੇ ਇਹ ਵੀ ਯਕੀਨੀ ਹੈ।ਅੱਜ ਦੇ ਨੌਜੁਆਨ ਕਟੱੜ੍ਹਵਾਦ ਦੇ ਪੁਜਾਰੀ ਨਹੀਂ, ਉਹ ਨਾ ਤਾਂ ਜਾਤਾਂ ਪਾਤਾਂ ਨੂੰ ਮੰਨਣ ਵਾਲੇ ਹਨ ਤੇ ਨਾ ਹੀ ਕੋਈ ਹੋਰ ਸੌੜ੍ਹੀ ਸੋਚ ਦੇ ਮਾਲਕ ਹਨ । ਉਹ ਰੱਲ ਮਿਲ, ਕੇ ਰਹਿਣ ਦੇ ਨਾਲ ਦੇਸ਼ ਦੇ ਲੋਕਾਂ ਦੀ ਆਪਸੀ ਸਾਂਝ ਤੇ ਮਿਲਵਰਤਣ ਦੇ ਇੱਛਕ ਤੇ ਹਾਮੀਦਾਰ ਹਨ । ਇਸ ਲਈ ਸਮਾਂ ਮੰਗ ਕਰਦਾ ਹੈ ਕਿ ਦੋਵੇਂ ਦੇਸ਼ਾਂ ਦੇ ਲੀਡਰ ਆਪਣੀ ਸੌੜ੍ਹੀ ਸੋਚ ਨੂੰ ਤਿਲਾਂਜਲੀ ਦੇ ਕੇ ਨਰੋਏ ਦੇਸ਼ ਉਸਾਰਨ ਲਈ ਆਪਣੀ ਫਿਰਕੂ ਤੇ ਅੰਧਵਿਸ਼ਵਾਸ਼ੀ ਸੋਚ ਨੂੰ ਤਿਆਗਣ , ਇਸ ਨਾਲ ਹੀ ਦੋਹਾਂ ਦੇਸ਼ਾਂ ਤੇ ਸੰਸਾਰ ਦੀ ਭਲਾਈ ਹੈ।

# ਭਾਰਤ ਸਰਕਾਰ ਦਾ ਬਿਜਲੀ ਸੋਧ ਬਿੱਲ-2020 ਤੇ ਇਸ ਦੇ ਪ੍ਰਭਾਵ



ਇੰਜ. ਦਰਸ਼ਨ ਸਿੰਘ ਭੁੱਲਰ
ਉਪ-ਮੁੱਖ ਇੰਜਨੀਅਰ
(ਰਿਟਾਇਰਡ) ਪੀਐੱਸਪੀਸੀਐੱਲ

ਇਕ ਪਾਸੇ ਮਹਾਮਾਰੀ ਕਰਕੇ ਪੂਰੇ ਮੁਲਕ ਵਿਚ ਤਾਲਾਬੰਦੀ ਹੈ, ਇੱਥੋਂ ਤੱਕ ਕਿ ਦੇਸ਼ ਦੀ ਸੁਪਰੀਮ ਕੋਰਟ ਵੀ ਅਤਿ ਜ਼ਰੂਰੀ ਕੇਸ ਹੀ ਲੈ ਰਹੀ ਹੈ; ਦੂਜੇ ਪਾਸੇ ਕੇਂਦਰ ਸਰਕਾਰ ਨੇ ਬਿਜਲੀ ਸੋਧ ਬਿੱਲ 2020 ਦਾ ਖਰੜਾ 17 ਅਪਰੈਲ ਨੂੰ ਬੜੀ ਫੁਰਤੀ ਨਾਲ ਜਾਰੀ ਕਰ ਕੇ ਪਹਿਲਾਂ 21 ਦਿਨਾਂ ਦੇ ਅੰਦਰ ਅੰਦਰ 8 ਮਈ ਤੱਕ ਅਤੇ ਹੁਣ 5 ਜੂਨ ਤੱਕ ਪ੍ਰਭਾਵਿਤ ਧਿਰਾਂ ਨੂੰ ਆਪੋ-ਆਪਣੀ ਟਿੱਪਣੀ ਕਰਨ ਨੂੰ ਕਿਹਾ ਹੈ। ਇਹ ਨਵਾਂ ਬਿਜਲੀ ਸੋਧ ਬਿੱਲ 2020 ਕੀ ਹੈ? ਬਿਜਲੀ ਇਕਰਾਰਨਾਮਾ ਅਥਾਰਿਟੀ (Electricity Contract Inforce-ment Authority- ECEA): ਬਿਜਲੀ ਕਾਨੂੰਨ-2003 ਵਿਚ ਪੂਰਾ ਚੈਪਟਰ (ਫਊਠ ਯਓ) ਸ਼ਾਮਲ ਕੀਤਾ ਗਿਆ ਜਿਸ ਤਹਿਤ 5351 ਦਾ ਗਠਨ ਕੀਤਾ ਜਾਵੇਗਾ। ਇਕਰਾਰਨਾਮਾ ਅਥਾਰਿਟੀ ਇੱਕੋ-ਇੱਕ ਸ਼ਕਤੀ ਹੋਵੇਗੀ ਜਿਸ ਦੇ ਅਧਿਕਾਰ ਖੇਤਰ ਵਿਚ ਬਿਜਲੀ ਦੀ ਵੇਚ, ਖਰੀਦ ਤੇ ਸੰਚਾਰ ਸਬੰਧੀ ਇਕਰਾਰਨਾਮਿਆਂ ਦੇ ਫ਼ੈਸਲੇ ਕਰਨ ਦਾ ਕੰਮ ਹੋਵੇਗਾ। ਇਸ ਕੋਲ ਸਿਵਲ ਅਦਾਲਤ ਦੀਆਂ ਪੂਰੀਆਂ ਸ਼ਕਤੀਆਂ ਹੋਣਗੀਆਂ। ਇਸ ਕੋਲ ’ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ 1973’ ਦੇ ਅਨੁਭਾਗ 345 ਤੇ 346, ਜਿਸ ਤਹਿਤ ਅਪਰਾਧੀ ਨੂੰ ਤੁਰੰਤ ਹਿਰਾਸਤ ਵਿਚ ਲੈ ਕੇ ਜੇਲ੍ਹ ਵੀ ਭੇਜਿਆ ਜਾ ਸਕਦਾ ਹੈ, ਵਰਗੀਆਂ ਸ਼ਕਤੀਆਂ ਹੋਣਗੀਆਂ। ਇਸ ਕੋਲ ਜਾਇਦਾਦ ਵੇਚਣ ਅਤੇ ਕੁਰਕੀ ਕਰਨ ਵਰਗੇ ਅਧਿਕਾਰ ਹੋਣਗੇ। ਕੁੱਲ ਮਿਲਾ ਕੇ ਇਹ ਅਥਾਰਿਟੀ ਬਿਜਲੀ ਸਮਝੌਤਿਆਂ ਦੀ ਸਪੈਸ਼ਲ ਅਦਾਲਤ ਹੋਵੇਗੀ। ਸਵਾਲ ਹੈ: ਸਿਰਫ ਬਿਜਲੀ ਲਈ ਇਸ ਦੀ ਲੋੜ ਕਿਉਂ ਪਈ? ਨਿਆਂਪਾਲਿਕਾ ਕੋਲ ਤਾਂ ਇਕਰਾਰਨਾਮਿਆਂ ਬਾਰੇ ਪਹਿਲਾਂ ਹੀ ਇੰਡੀਅਨ ਕਾਂਟਰੈਕਟ ਐਕਟ-1872 ਹੈ। ਇਨ੍ਹਾਂ ਮਸਲਿਆਂ ਲਈ ਸੂਬਿਆਂ ਵਿਚ ਬਿਜਲੀ ਰੈਗੂਲੇਟਰੀ ਕਮਿਸ਼ਨ, ਕੇਂਦਰ ਵਿਚ ਕੇਂਦਰੀ ਬਿਜਲੀ ਰੈਗੂਲੇਟਰੀ ਕਮਿਸ਼ਨ, ਅਪੈਲੇਟ ਅਥਾਰਿਟੀ ਅਤੇ ਅਖੀਰ ਸੁਪਰੀਮ ਕੋਰਟ ਪਹਿਲਾਂ ਹੀ ਮੌਜੂਦ ਹਨ। ਸਭ ਨੂੰ ਖ਼ਬਰ ਹੈ ਕਿ ਇੱਕ ਪਾਸੜ ਬਿਜਲੀ ਖਰੀਦ ਸਮਝੌਤਿਆਂ ਕਰਕੇ ਬਿਜਲੀ, ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਰਹੀ ਹੈ। ਸੂਰਜੀ ਪਲਾਟਾਂ ਵਿਚ ਤਾਂ ਭਵਿੱਖੀ ਤਕਨੀਕੀ ਨਵੀਨਤਾਵਾਂ ਨੂੰ ਅਣਦੇਖਿਆ ਕਰਕੇ ਉੱਚੀਆ ਦਰਾਂ ਤੇ 25 ਸਾਲਾ ਸਮਝੌਤੇ ਕੀਤੇ ਗਏ ਹਨ। ਜਦੋਂ ਵਰਤਮਾਨ ਆਂਧਰਾ ਪ੍ਰਦੇਸ਼ ਸਰਕਾਰ ਨੇ ਪਹਿਲਾਂ 4.55 ਰੁਪਏ ਪ੍ਰਤੀ ਯੂਨਿਟ ਸਮਝੌਤੇ ਦੀ ਦਰ ਨੂੰ ਹੁਣ ਪ੍ਰਚੱਲਤ ਸੂਰਜੀ ਬਿਜਲੀ ਦਰ 2.44 ਰੁਪਏ ਪ੍ਰਤੀ ਯੂਨਿਟ ਕਰਨਾ ਚਾਹਿਆ ਤਾਂ ਪ੍ਰਾਈਵੇਟ ਬਿਜਲੀ ਉਤਪਾਦਕਾਂ ਤੇ ਉਨ੍ਹਾਂ ਨੂੰ ਸਾਜ਼ੋ-ਸਮਾਨ ਮੁਹੱਈਆ



ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ ਵਿਚ ਹਾਹਾਕਾਰ ਮੱਚ ਗਈ। ਬਿਜਲੀ ਨਿਗਮਾਂ ਨੂੰ ਅਣਵਰਤੀ ਬਿਜਲੀ ਦੇ ਕਪੈਸਿਟੀ ਚਾਰਜਜ਼ ਦੇਣੇ ਪੈ ਰਹੇ ਹਨ। ਇਨ੍ਹਾਂ ਸਮਝੌਤਿਆਂ ’ਤੇ ਪੁਨਰ ਵਿਚਾਰ ਕਰਨ ਦੀ ਮੰਗ ਗਾਹੇ-ਬਗਾਹੇ ਉੱਠਦੀ ਰਹਿੰਦੀ ਹੈ।

40 ਗੀਗਾਵਾਟ ਸਮਰੱਥਾ ਦੇ 34 ਅਜਿਹੇ ਪਲਾਂਟ ਆਏ ਜਿਨ੍ਹਾਂ ਨੇ ਆਪਣਾ ਐਨਾ ਸਾਜ਼ੋ-ਸਮਾਨ ਚੀਨ ਤੋਂ ਲਿਆ ਜਿੰਨਾ ਭਾਰਤ ਹੈਵੀ ਇਲੈਕਟ੍ਰੀਕਲਜ਼ ਲਿਮਟਡ (ਬੀਐੱਚਈਐੱਲ) 4 ਸਾਲਾਂ ਵਿਚ ਪੈਦਾ ਕਰ ਸਕਦੀ ਸੀ। ਚਾਰ ਦਹਾਕਿਆਂ ਤੋਂ ਨਫਾ ਕਮਾਉਂਦੀ ਹੋਈ ਬੀਐੱਚਈਐੱਲ ਪਹਿਲੀ ਵਾਰ ਘਾਟੇ ਵਿਚ ਗਈ। ਇਨ੍ਹਾਂ ਥਰਮਲਾਂ ਨੇ ਬੈਂਕਾਂ ਤੋਂ 1.74 ਲੱਖ ਕਰੋੜ ਦੀ ਪੂੰਜੀ ਲੈ ਕੇ ਲਾਈ ਅਤੇ ਹੁਣ ਇਹ ਘਾਟੇ ਦੀ ਸੰਪਤੀ ਹੋਣ ਕਰਕੇ ਦਿਵਾਲੀਆ ਹੋ ਰਹੇ ਹਨ। ਪਾਰਲੀਮੈਂਟ ਦੀ ਊਰਜਾ ਬਾਰੇ 37ਵੀਂ ਕਮੇਟੀ ਦੀ ਰਿਪੋਰਟ ਇਸ਼ਾਰਾ ਕਰਦੀ ਹੈ ਕਿ ਇਹ ਪ੍ਰਬੰਧਕੀ ਮੂਰਖਤਾਈਆਂ ਕਰਕੇ ਹੋਇਆ। ਪ੍ਰਾਈਵੇਟ ਬਿਜਲੀ ਕੰਪਨੀਆਂ ਦੀਆਂ ਨਿਕੰਮੀਆਂ ਸੰ-ਪਤੀਆਂ (NP1) ਵਧ ਕੇ 3 ਲੱਖ ਕਰੋੜ ਹੋ ਸਕਦੀਆਂ ਹਨ। ਨਵੇਂ ਬਿੱਲ ਵਿਚ ਬਿਜਲੀ ਇਕਰਾਰਨਾਮਾ ਅਥਾਰਿਟੀ ਬਣਾਉਣ ਨਾਲ ਅਵਾਮ ਦੇ ਲੱਕ-ਤੋੜੂ ਇਕਰ-ਾਰਨਾਮੇ ਜਬਰੀ ਲਾਗੂ ਹੋਣਗੇ ਤੇ ਸੂਬਾ ਸਰਕਾਰਾਂ ਦੇ ਇਨ੍ਹਾਂ ’ਤੇ ਪੁਨਰ-ਵਿਚਾਰ ਕਰਨ ਦੇ ਹੱਕ ਖਤਮ ਹੋ ਜਾਣਗੇ। ਕੌਮੀ ਨਵਿਆਉਣਯੋਗ ਊਰਜਾ ਨੀਤੀ: ਨਵਿਆਉਣਯੋਗ ਸਰੋਤਾਂ ਤੋਂ ਬਿਜਲੀ ਦੀ ਪੈਦਾਵਾਰ ਨੂੰ ਹੁਲਾਰਾ ਦੇਣ ਲਈ ਕੌਮੀ ਨਵਿਉਣਯੋਗ ਊਰਜਾ ਨੀਤੀ ਬਣਾਈ ਜਾਵੇਗੀ ਜਿਸ ਤਹਿਤ ਹਰ ਇੱਕ ਵੰਡ ਕੰਪਨੀ ਵਾਸਤੇ ਜ਼ਰੂਰੀ ਹੋਵੇਗਾ ਕਿ ਉਹ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਹਰ ਹਾਲਤ ਵਿਚ ਮਿਥੀ

(ਬਾਕੀ ਅਗਲੇ ਸਫੇ ‘ਤੇ)

ਵਿਚਾਰ ਆਪੋ-ਆਪਣਾ

# ਤਰਕ, ਵਿਤਰਕ (ਹੁੱਜਤ) ਅਤੇ ਬਿਬੇਕ-ਬੁੱਧ



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

'ਤਰਕ ਉਸ ਤੀਰ (ਹਥਿਆਰ) ਨੂੰ ਆਖਿਆ ਜਾਂਦਾ ਹੈ, ਜਿਸ ਵਿਚ ਝੂਠ ਨੂੰ ਕੱਟ ਦੇਣ ਦੀ ਸਮਰੱਥਾ ਹੋਵੇ। ਝਠ ਦੇ ਭਰਮ-ਜਾਲ ਨੂੰ ਪਰੀ ਤਰਾਂ ਕੱਟ ਦੇਣ ਦੀ ਸਮਰੱਥਾ ਰੱਖਣ ਵਾਲਾ ਤਰਕ, ਬਿਬੇਕੀਆਂ ਦੇ ਹਿਰਦੇ ਦੀ ਉਪਜ ਹੁੰਦਾ ਹੈ। ਬਿਬੇਕ-ਬੁੱਧ ਨੂੰ ਗੁਰਬਾਣੀ ਵਿਚ ਇਸੇ ਲਈ 'ਗਿਆਨ ਖੜਗ' ਭੀ ਆਖਿਆ ਗਿਆ ਹੈ। ਇਸ ਵਿਚ ਹਰ ਪ੍ਰਕਾਰ ਦੇ ਪਖੰਡਵਾਦ ਨੂੰ ਨੰਗਾ ਕਰ ਦੇਣ ਦੀ ਸਮਰੱਥਾ ਹੁੰਦੀ ਹੈ ਅਤੇ ਭਰਮ-ਗਿਆਨ ਦੀ ਕੋਈ ਭੀ ਦਲੀਲ ਇਸ ਦੇ ਅੱਗੇ ਟਿਕ ਨਹੀਂ ਸਕਦੀ। ਫਿਰ ਭੀ ਤਰਕ ਦੇ ਦੋ ਰੂਪ ਹੁੰਦੇ ਹਨ। ਭਰਮ-ਗਿਆਨੀ ਦੇ ਤਰਕ ਨੂੰ ਤਾਂ ਅਸਲ ਵਿਚ ਵਿਤਰਕ (ਹੁੱਜਤ) ਹੀ ਆਖਿਆ ਜਾਣਾ ਚਾਹੀਦਾ ਹੈ। ਪਰ ਭਰਮ-ਗਿਆਨੀ ਤਾਂ ਉਸ ਨੂੰ ਤਰਕ ਹੀ ਆਖੇਗਾ ! ਇਸੇ ਲਈ ਗੁਰਬਾਣੀ ਅੰਦਰ ਭਰਮ-ਗਿਆਨ ਵਿਚੋਂ ਉਪਜੇ ਤਰਕ ਨੂੰ ਤਰਕ ਹੀ ਆਖ ਕੇ ਨਿੰਦਿਆ ਗਿਆ ਹੈ:-

ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ॥
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ॥
(ਆਸਾ ਮ: ੫, ਪੰਨਾ ੩੯੧)

ਇਥੇ ਸਤਿਗੁਰੂ ਜੀ ਤਤੁ-ਗਿਆਨ ਤੋਂ ਸੱਖਣੇ, ਭਗਤੀ ਦੀ ਸੋਝੀ ਤੋਂ ਅਨਜਾਣ ਕਿਸੇ ਭਰਮ-ਗਿਆਨੀ ਨੂੰ ਆਖ ਰਹੇ ਹਨ ਕਿ ਤੂੰ ਆਪ ਤਾਂ ਅਗਿਆਨੀ ਹੈਂ। ਭਗਤੀ ਕੀ ਹੁੰਦੀ ਹੈ, ਇਸ ਦਾ ਤੈਨੂੰ ਪਤਾ ਹੀ ਨਹੀਂ। ਪਰ 'ਬੇਦ ਸਾਸਤ੍ਰ' ਭਾਵ ਉਸ ਤਤੁ-ਗਿਆਨ ਨੂੰ ਤਰਕ ਰਿਹਾ ਹੈਂ, ਜਿਸ ਅੰਦਰ ਕਿ ਮਨ ਨੂੰ ਕਲਪਣਾ ਰਹਿਤ ਕਰਕੇ ਥਿਰ ਕਰ ਦੇਣ ਦੀ ਸਮਰੱਥਾ ਹੈ। ਬੇਦ ਦਾ ਅਰਥ ਹੈ 'ਗਿਆਨ' ਅਤੇ ਸਾਸਤ੍ਰ ਦਾ ਅਰਥ ਹੈ 'ਸੰਭਾਲ ਕਰਨ ਦੀ ਸਮਰੱਥਾ।' ਇਸ ਲਈ 'ਬੇਦ ਸਾਸਤ੍ਰ' ਦੇ ਅਰਥ ਉਹ ਗਿਆਨ ਹੈ ਜਿਸ ਵਿਚ ਮਨ ਨੂੰ ਜਿੱਤ ਲੈਣ ਦੀ ਸਮਰੱਥਾ ਹੋਵੇ। ਜਦੋਂ ਬੁੱਧੀ ਇਸ ਤੱਤੁ-ਗਿਆਨ ਨੂੰ ਸਮਝ ਲੈਂਦੀ ਹੈ ਤਾਂ ਉਹ ਮਨ ਨੂੰ ਆਪ-ਹੁੱਦਰੀਆਂ ਸੋਚਣ ਤੋਂ ਰੋਕ ਦੇਣ ਦੇ ਸਮਰੱਥ ਹੋ ਜਾਂਦੀ ਹੈ। ਇਸੇ ਨੂੰ ਗੁਰਬਾਣੀ ਵਿਚ 'ਮਨਿ ਜੀਤੈ ਜਗੁ ਜੀਤੁ' ਆਖਿਆ ਗਿਆ ਹੈ ਜਿਸ ਦਾ ਭਾਵ ਹੈ ਕਿ, ਜੋ ਬੁੱਧੀ ਮਨ ਨੂੰ ਜਿੱਤਣ ਦੀ ਸਮਰੱਥਾ ਪ੍ਰਾਪਤ ਕਰ ਲੈਂਦੀ ਹੈ ਤਾਂ ਉਸ ਅੱਗੇ ਦੁਨੀਆਂ ਦੀ ਹੋਰ ਕੋਈ ਭੀ ਅਕਲ ਟਿਕ ਨਹੀਂ ਸਕਦੀ ਜਦ ਕਿ ਆਪਣੇ ਜਿਹੀ ਦੂਸਰੀ ਬੁੱਧ ਨਾਲ ਇਸ ਬਿਬੇਕ ਬੁੱਧ ਦਾ ਟਕਰਾਉ ਹੁੰਦਾ ਹੀ ਨਹੀਂ ਕਿਉਂਕਿ ਇਹ ਇਕ ਰੂਪ ਹੀ ਹੁੰਦੀਆਂ ਹਨ। ਇਹ 'ਏਕ ਜੋਤਿ ਦੁਇ ਮੂਰਤੀ' ਹੁੰਦੀਆਂ ਹਨ। ਦੂਜੇ ਪਾਸੇ ਜਦੋਂ ਭਰਮ-ਗਿਆਨੀ, ਤਤੁ-ਗਿਆਨ ਨੂੰ ਤਰਕ ਕਰਦਾ ਹੈ ਉਸ ਦੇ ਇਸ ਤਰਕ ਨੂੰ ਗੁਰਬਾਣੀ ਅੰਦਰ ਹੁੱਜਤ ਆਖਿਆ ਗਿਆ ਹੈ :-

ਗੁਰਮਤਿ ਸਾਚੀ ਹੁਜਤਿ ਦੂਰਿ॥
ਬਹੁਤੁ ਸਿਆਣਪ ਲਾਗੈ ਧੂਰਿ॥
ਲਾਗੀ ਮੈਲੁ ਮਿਟੈ ਸਚ ਨਾਇ॥
ਗੁਰਪਰਸਾਦਿ ਰਹੈ ਲਿਵ ਲਾਇ॥
(ਆਸਾ ਮ: ੧, ਪੰਨਾ ੩੫੨)

ਇਥੇ ਸਤਿਗੁਰੂ ਜੀ ਗੁਰਮਤਿ ਨੂੰ ਭਰਮ-ਗਿਆਨੀ ਦੇ ਤਰਕ (ਹੁੱਜਤ) ਤੋਂ ਪਰੇ ਇਸ ਲਈ ਆਖ ਰਹੇ ਹਨ ਕਿਉਂਕਿ ਗੁਰਮਤਿ, ਸੱਚੀ ਮਤਿ ਹੈ ਅਤੇ ਸੱਚ ਨੂੰ ਕੱਟਿਆ ਨਹੀਂ ਜਾ ਸਕਦਾ। ਸੱਚ ਦਾ ਵਿਰੋਧ ਕਰਨ ਵਾਲੇ ਦੀ ਮਤਿ ਤਾਂ ਹੋਰ ਜ਼ਿਆਦਾ ਮਲੀਨ ਹੋ ਜਾਇਆ ਕਰਦੀ ਹੈ ਜਿਹੜੀ ਕਿ ਸੱਚ ਦੇ ਗਿਆਨ ਤੋਂ ਬਿਨਾਂ ਨਿਰਮਲ ਨਹੀਂ ਹੋ ਸਕਦੀ। ਜੇ ਸੱਚ ਨੂੰ ਤਰਕਣ ਵਾਲਾ ਪਰਮੇਸ਼ਰ ਦੀ ਕ੍ਰਿਪਾ ਦਾ ਪਾਤਰ ਬਣ ਜਾਵੇ ਫੇਰ ਉਹ ਗੁਰਮਤਿ ਨੂੰ ਸਵੀਕਾਰ ਕੇ ਸੱਚ ਨਾਲ ਲੀਨ ਹੋ ਸਕਦਾ ਹੈ।

ਭਾਵੇਂ ਗੁਰਬਾਣੀ ਅੰਦਰ ਸੱਚ ਨੂੰ ਤਰਕਣ ਲਈ ਵਰਜਿਆ ਗਿਆ ਹੈ। ਪਰ ਸੱਚ ਨੂੰ ਜਾਣਨ ਲਈ ਜਗਿਆਸੂ ਵੱਲੋਂ ਪੁੱਛਿਆ ਗਿਆ ਪ੍ਰਸ਼ਨ ਤਰਕ ਨਹੀਂ ਮੰਨਿਆ ਗਿਆ। ਭਗਤਾਂ ਅਤੇ ਗੁਰੂ ਸਾਹਿਬਾਨ ਪਾਸੋਂ ਲੋਕ ਆਪਣੀਆਂ ਸ਼ੰਕਾਵਾਂ ਦਾ ਸਮਾਧਾਨ ਕਰਵਾਉਂਦੇ ਰਹੇ ਹਨ ਅਤੇ ਗੁਰੂ ਸਾਹਿਬਾਨ ਸਿੱਖਾਂ ਦੀਆਂ ਸ਼ੰਕਾਵਾਂ ਨੂੰ ਦੂਰ ਭੀ ਕਰਦੇ ਰਹੇ ਹਨ। ਅਸਲ ਧਾਰਮਕ ਆਗੂ ਉਸੇ ਨੂੰ ਹੀ ਮੰਨਿਆ ਜਾਣਾ ਚਾਹੀਦਾ ਹੈ ਜਿਹੜਾ ਲੋਕਾਂ ਦੀਆਂ ਸ਼ੰਕਾਵਾਂ ਨੂੰ ਦੂਰ ਕਰਕੇ ਉਨ੍ਹਾਂ ਦੇ ਭਰਮ ਨੂੰ ਮਿਟਾ ਦੇਣ ਦੀ ਸਮਰੱਥਾ ਰੱਖਦਾ ਹੋਵੇ। ਜਿਹੜੇ ਲੋਕ ਆਪਣੇ ਆਪ ਨੂੰ ਲੋਕਾਂ ਦੇ ਧਾਰਮਿਕ ਰਹਿਨੁਮਾ ਤਾਂ ਅਖਵਾਉਂਦੇ ਹੋਣ ਪਰ ਕਿਸੇ ਜਗਿਆਸੂ ਵੱਲੋਂ ਆਪਣੀ ਸ਼ੰਕਾ ਨਵਿਰਤੀ ਲਈ ਪੁੱਛੇ ਗਏ ਪ੍ਰਸ਼ਨ ਨੂੰ ਤਰਕ ਆਖ ਕੇ, ਆਪਣੀ ਅਗਿਆਨਤਾ ਨੂੰ ਛੁਪਾਉਣ ਦੀ ਚਲਾਕੀ ਕਰਨ, ਅਜਿਹੇ ਬਨਾਉਟੀ ਗੁਰੂਆਂ ਲਈ ਕਬੀਰ ਜੀ ਆਖ ਰਹੇ ਹਨ :-

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥੧੦੪॥
(ਸਲੋਕ ਕਬੀਰ ਜੀ, ਪੰਨਾ ੧੩੬੯)

ਕਬੀਰ ਜੀ ਆਖ ਰਹੇ ਹਨ ਕਿ ਜਿਹੜਾ ਗੁਰੂ ਆਪਣੇ ਸਿੱਖਾਂ ਦੇ ਹਰ ਪ੍ਰਕਾਰ ਦੇ ਭਰਮ ਨੂੰ ਦੂਰ ਕਰ ਦੇਣ ਦੀ ਸਮਰੱਥਾ ਨਹੀਂ ਰੱਖਦਾ, ਅਜਿਹੇ ਝੂਠੇ ਗੁਰੂ ਦੀ ਝੂਠੀ ਮਤਿ (ਮਾਇ) ਦੇ ਪਖੰਡਵਾਦ ਨੂੰ ਨੰਗਿਆ ਕਰ ਦੇਣਾ ਚਾਹੀਦਾ ਹੈ। ਭਾਵੇਂ ਉਹ ਚਾਰ ਬੇਦਾਂ ਦਾ ਗਿਆਤਾ ਭੀ ਹੋਵੇ, ਆਪ ਭਵ ਸਾਗਰ ਵਿਚ ਡੁੱਬਿਆ ਹੋਇਆ, ਪਦਾਰਥਵਾਦੀ ਹੋਣ ਕਰਕੇ ਆਪਣੇ ਚੇਲਿਆਂ ਨੂੰ ਭੀ ਭਵ-ਸਾਗਰ ਵਿਚ ਰੋੜ੍ਹਨ ਵਾਲਾ ਹੁੰਦਾ ਹੈ।

ਗੁਰਬਾਣੀ ਅੰਦਰ ਪੈਰ-ਪੈਰ 'ਤੇ ਸੰਸਾਰੀ ਮੱਤਾਂ ਨੂੰ ਗੁਰਬਾਣੀ ਦੇ ਰਚਣਹਾਰਿਆਂ ਦੁਆਰਾ ਤਰਕਿਆ ਗਿਆ ਹੈ। ਹਰ ਇਕ ਮਨਮਤਿ ਦੀ ਕਮੀ ਨੂੰ ਉਜਾਗਰ ਕਰਕੇ, ਉਸ ਦਾ ਸਮਾਧਾਨ ਭੀ ਨਾਲ ਦੀ ਨਾਲ ਹੀ ਸੁਝਾਇਆ ਗਿਆ ਹੈ। ਕਹਿਣ ਤੋਂ ਭਾਵ ਇਹ ਹੈ ਕਿ ਜਦੋਂ ਗੁਰਮਤਿ ਅੰਦਰ ਕਿਸੇ ਦੂਸਰੀ ਮਤਿ ਦੀ ਕਮੀ ਦੱਸੀ ਗਈ ਹੈ ਤਾਂ ਉਸ ਕਮੀ ਨੂੰ ਦੂਰ ਕਰਨ ਲਈ ਉਪਦੇਸ਼ ਭੀ ਦਰਜ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਗੁਰਬਾਣੀ ਅੰਦਰ ਭਾਵੇਂ ਦੂਸਰੀਆਂ ਮੱਤਾਂ ਦੀਆਂ ਕਮੀਆਂ ਦਰਸਾਈਆਂ ਗਈਆਂ ਹਨ ਪਰ ਉਹ ਕੇਵਲ ਸੱਚੇ ਮਾਰਗ ਪਾਉਣ ਲਈ ਹੀ, ਜਾਂ ਇਉਂ ਕਹਿ ਲਵੋ ਕਿ ਸਹੀ ਸੇਧ ਦੇਣ ਲਈ ਹੀ ਅਜਿਹਾ ਕੁਝ ਕੀਤਾ ਗਿਆ ਹੈ। ਕਿਸੇ ਮੰਦ-ਭਾਵਨਾ ਜਾਂ ਕਿਸੇ ਦੂਸਰੀ ਮਤਿ ਦੀ ਹੇਠੀ ਕਰਨ ਲਈ ਅਜਿਹਾ ਕੁਝ ਨਹੀਂ ਕੀਤਾ ਗਿਆ। ਪਰ ਅੱਜ ਜਿੰਨੇ ਭੀ ਧਾਰਮਿਕ ਰਹਿਨੁਮਾ ਸਾਡੇ ਸਾਹਮਣੇ ਹਨ, ਉਹ ਸਾਰੇ ਦੇ ਸਾਰੇ ਹੀ ਜਗਿਆਸੂਆਂ ਵੱਲੋਂ ਆਪਣੀਆਂ ਸ਼ੰਕਾਵਾਂ ਦੀ ਨਵਿਰਤੀ ਲਈ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਥਾਂ ਉਨ੍ਹਾਂ ਜਗਿਆਸੂਆਂ ਨੂੰ ਇਹ ਆਖ ਕੇ ਚੁੱਪ ਕਰਵਾ ਦਿੰਦੇ ਹਨ ਕਿ ਤੁਹਾਨੂੰ ਤਾਂ (ਸਾਡੇ ਉਤੇ) ਸ਼ਰਧਾ ਹੀ ਨਹੀਂ ਜਿਸ ਦਾ ਸਾਫ ਅਰਥ ਹੈ ਕਿ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ ਕੋਲ ਨਹੀਂ ਹਨ। ਪ੍ਰੰਤੂ ਆਪਣੀ ਅਗਿਆਨਤਾ ਨੂੰ ਛੁਪਾਉਣ ਲਈ ਉਹ 'ਸ਼ਰਧਾ'; ਸ਼ਬਦ ਦਾ ਦੁਰ-ਉਪਯੋਗ ਕਰ ਲੈਂਦੇ ਹਨ। ਗੁਰਬਾਣੀ ਅੰਦਰ 'ਸ਼ਰਧਾ' ਲਫ਼ਜ਼ ਦੇ ਅਰਥ ਸ਼ੁੱਭ ਇੱਛਾ ਹੁੰਦੇ ਹਨ ਜਿਵੇਂ ਕਿ ਇਸ ਮਹਾਂਵਾਕ ਤੋਂ ਸਪਸ਼ਟ ਹੈ :-

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥
(ਮਾਝ ਕੀ ਵਾਰ ਮ: ੧, ਪੰਨਾ ੧੪੯)

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥
(ਰਾਗ ਗਉੜੀ ਪੂਰਬੀ ਮ: ੫, ਪੰਨਾ ੧੩)

ਉਪਰੋਕਤ ਪੰਗਤੀਆਂ ਵਿਚ ਕਿਸੇ ਸੰਸਾਰੀ ਪਦਾਰਥ ਜਾਂ ਸੁਖ ਦੀ ਇੱਛਾ ਬਿਲਕੁਲ ਭੀ ਜ਼ਾਹਰ ਨਹੀਂ ਹੈ। ਇਥੇ ਤਾਂ 'ਸਾਚੇ ਨਾਮ ਕੀ ਭੂਖ' ਨੂੰ ਦੂਰ ਕਰਨ ਲਈ ਪਰਮੇਸ਼ਰ ਅੱਗੇ ਬੇਨਤੀ ਕੀਤੀ ਗਈ ਹੈ। ਪਰੰਤੂ ਭਰਮ-ਗਿਆਨੀਆਂ ਦੀ ਦੁਨੀਆਂ ਅੰਦਰ ਇਸ 'ਸ਼ਰਧਾ' ਲਫ਼ਜ਼ ਦੇ ਅਰਥ ਵਿਗਾੜ ਕੇ ਅੰਧ-ਵਿਸ਼ਵਾਸ ਕਰ ਦਿੱਤੇ ਹੋਏ ਹਨ। 'ਭਰਮ-ਗਿਆਨੀ' ਝੂਠਾ ਗੁਰੂ (ਸੰਤ) ਹੁੰਦਾ ਹੈ ਇਸ ਲਈ ਉਨ੍ਹਾਂ ਨੂੰ ਆਪਣੇ ਝੂਠ ਨੂੰ ਬਚਾਉਣ ਖਾਤਰ, ਇਹ ਪੈਂਤੜਾ ਅਖ਼ਤਿਆਰ ਕਰਨਾ ਹੀ ਪੈਂਦਾ ਹੈ। ਭਰਮ-ਗਿਆਨੀ ਤਾਂ ਭਰਮ ਨੂੰ ਵਧਾ ਕੇ ਹੀ ਆਪਣੀ ਸੰਤਗਿਰੀ ਨੂੰ ਕਾਇਮ ਰੱਖ ਸਕਦਾ ਹੈ। ਇਸੇ ਲਈ ਅੱਜ ਸਿੱਖੀ ਭੇਖ ਵਾਲੇ ਸੰਤਾਂ ਨੂੰ ਭੀ ਆਪਣੀ ਸੰਤਗਿਰੀ ਨੂੰ ਬਚਾਉਣ ਹਿਤ ਕੁਝ ਅਜਿਹੇ ਪੈਂਤੜਿਆਂ ਦਾ ਹੀ ਸਹਾਰਾ ਲੈਣਾ ਪੈ ਰਿਹਾ ਹੈ ਉਨ੍ਹਾਂ ਨੂੰ ਗੁਰਮਤਿ ਦੇ ਸੱਚ ਦੀ ਸੋਝੀ ਹੀ ਨਹੀਂ। ਇਹ ਬਨਾਉਟੀ ਸੰਤ, ਜਗਿਆਸੂਆਂ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਨੂੰ 'ਤਰਕ' ਨਹੀਂ ਕਰੀਦੇ ਆਖ ਕੇ, ਉਨ੍ਹਾਂ ਭੋਲੇ-ਭਾਲੇ ਜਗਿਆਸੂਆਂ ਨੂੰ ਚੁੱਪ ਕਰਾ ਦਿੰਦੇ ਹਨ।

ਸੱਚ ਦਾ ਗਿਆਨ ਲਿਖਤੀ ਰੂਪ ਵਿਚ ਤਾਂ ਭਾਵੇਂ ਹਮੇਸ਼ਾ ਹੀ ਰਹਿੰਦਾ ਹੈ, ਪਰ ਮਾਇਆਧਾਰੀ ਸਾਕਤ ਲੋਕ ਆਪਣੀ ਝੂਠੀ ਵਿਚਾਰਧਾਰਾ ਨੂੰ ਬਚਾਉਣ ਲਈ ਇਸ ਸੱਚੀ ਮਤਿ ਦੇ ਅਰਥ ਬਾਹਰਮੁਖੀ ਕਰਕੇ ਵਿਗਾੜ ਦਿਆ ਕਰਦੇ ਹਨ। ਅਜਿਹਾ ਹੀ ਕੁਝ ਅੱਜ ਸਾਡੇ ਸਾਹਮਣੇ ਗੁਰਬਾਣੀ ਨਾਲ ਵਾਪਰਿਆ ਮੌਜੂਦ ਹੈ।

ਪਰ ਜਦੋਂ ਗੁਰਬਾਣੀ ਦੀ ਮੂਲ-ਭਾਵਨਾ ਨੂੰ ਉਜਾਗਰ ਕਰਨ ਵਾਲੇ ਅਰਥ ਸਾਹਮਣੇ ਆਉਣਗੇ ਤਾਂ ਸਨਾਤਨੀ ਮਤਿ ਦੇ ਪ੍ਰੇਮੀਆਂ ਵੱਲੋਂ ਕਈ ਤਰ੍ਹਾਂ ਨਾਲ ਸ਼ੋਰ ਮਚਾਇਆ ਜਾਣਾ ਸੁਭਾਵਕ ਹੈ। ਆਪਣੀ ਸੰਗਤ ਨੂੰ ਇਹ ਕਈ ਤਰ੍ਹਾਂ ਦੇ ਤਰਕਾਂ ਦੁਆਰਾ, ਗੁਰਬਾਣੀ ਦੇ ਸੱਚ ਨੂੰ ਕੱਟਣ ਦੀ ਕੋਸ਼ਿਸ਼ ਕਰਨਗੇ ਭਾਵੇਂ ਅਜਿਹਾ ਕਰਨ ਵਿਚ ਇਹ ਸਫਲ ਨਹੀਂ ਹੋ ਸਕਣਗੇ, ਕਿਉਂਕਿ ਭਰਮ ਗਿਆਨੀਆਂ ਵਿਚੋਂ ਵਿਤਰਕ (ਹੁੱਜਤ) ਹੀ ਉਪਜਿਆ ਕਰਦਾ ਹੈ, ਜਿਸ ਨੂੰ ਕਿ ਉਹ ਆਪਣੇ ਵੱਲੋਂ ਤਰਕ ਹੀ ਆਖਿਆ ਕਰਦਾ ਹੈ।

ਸਾਰੀ ਵਾਰਤਾ ਦਾ ਸਿੱਟਾ ਇਹ ਹੈ ਕਿ ਬਿਬੇਕ-ਬੁੱਧ ਹੀ ਇਕ ਅਜਿਹੀ ਬੁੱਧ ਹੈ, ਜਿਸ ਵਿਚੋਂ ਤਰਕ ਪੈਦਾ ਹੋ ਸਕਦਾ ਹੈ। ਭਰਮ-ਗਿਆਨੀ ਦੀ ਕੁਬੁੱਧ ਵਿਚੋਂ ਤਾਂ ਵਿਤਰਕ (ਹੁੱਜਤ) ਹੀ ਪੈਦਾ ਹੋਇਆ ਕਰਦਾ ਹੈ ਜਿਸ ਨੂੰ ਗੁਰਬਾਣੀ ਦੀ ਭਾਸ਼ਾ ਵਿਚ ਹੁੱਜਤ ਮੰਨਿਆ ਗਿਆ ਹੈ। ਜਦੋਂ ਕੋਈ ਜਗਿਆਸੂ ਸੱਚ ਨੂੰ ਜਾਣਨ ਦੀ ਇੱਛਾ ਨਾਲ ਕਿਸੇ ਧਾਰਮਕ ਵਿਅਕਤੀ ਪਾਸੋਂ ਕੁਝ ਜਾਣਕਾਰੀ ਪ੍ਰਾਪਤ ਕਰਨ ਹਿਤ ਪ੍ਰਸ਼ਨ ਕਰਦਾ ਹੈ ਅਤੇ ਉਸ ਦਾ ਜਵਾਬ ਉਸ ਧਾਰਮਕ ਵਿਅਕਤੀ ਪਾਸ ਨਹੀਂ ਹੁੰਦਾ, ਤਾਂ ਜਗਿਆਸੂ ਦੀ ਅਵਸਥਾ ਉਸ ਧਾਰਮਕ ਆਗੂ ਨਾਲੋਂ ਉੱਚੀ ਹੁੰਦੀ ਹੈ। ਸੱਚ ਨੂੰ ਜਾਣਨ ਦਾ ਪ੍ਰਸ਼ਨ ਭੀ ਉਸ ਜਗਿਆਸੂ ਦੀ ਬਿਬੇਕ ਬੁੱਧੀ ਤੋਂ ਹੀ ਉਪਜਿਆ ਹੋਇਆ ਹੁੰਦਾ ਹੈ, ਸੱਚ ਦੀ ਜਾਣਕਾਰੀ ਪ੍ਰਾਪਤ ਕਰ ਰਹੀ ਬੁੱਧੀ ਨੂੰ ਭੀ ਬਿਬੇਕ ਬੁੱਧੀ ਹੀ ਆਖਿਆ ਜਾਵੇਗਾ ਭਾਵੇਂ ਉਹ ਉਸ ਸਮੇਂ ਅਧੂਰੀ ਹੀ ਕਿਉਂ ਨਾ ਹੋਵੇ। ਬਿਬੇਕ-ਬੁੱਧੀ ਦੁਆਰਾ ਕੀਤਾ ਗਿਆ ਹਰ ਇਕ ਪ੍ਰਸ਼ਨ, ਪਾਖੰਡੀ ਗੁਰੂਆਂ ਲਈ ਤਾਂ ਤਰਕ ਹੀ ਹੁੰਦਾ ਹੈ ਜਦ ਕਿ ਪੂਰੇ ਗੁਰੂ ਲਈ ਜਗਿਆਸੂ ਦਾ ਅਜਿਹਾ ਹਰ ਪ੍ਰਸ਼ਨ ਉਸ ਦੀ ਪ੍ਰਗਤੀਸ਼ੀਲਤਾ ਦਾ ਸੁਨੇਹਾ ਹੁੰਦਾ ਹੈ। ਕਿਉਕਿ ਜਿਥੇ ਤਰਕ ਨਹੀ ਹੁੰਦਾ ਉਥੇ ਭਰਮ (ਅਗਿਆਨਤਾ) ਹੁੰਦੀ ਹੈ।

ਤੁਰਕੁ ਨ ਚਾ ॥
ਭ੍ਰਮੀਆ ਚਾ ॥
(ਭਗਤ ਨਾਮਦੇਵ ਜੀ, ਰਾਗ ਧਨਾਸਰੀ, ਪੰਨਾ ੬੯੩)

# ਭਾਰਤ ਸਰਕਾਰ ਦਾ ਬਿਜਲੀ ਸੋਧ ਬਿੱਲ-2020 ਤੇ ਇਸ ਦੇ ਪ੍ਰਭਾਵ

(ਸਫਾ 15 ਦੀ ਬਾਕੀ)

ਹੋਈ ਬਿਜਲੀ ਦੀ ਮਾਤਰਾ ਖਰੀਦੇ। ਇਸ ਵਿਚ ਵੀ ਕਾਰਪੋਰੇਟ ਹਿੱਤ ਛੁਪੇ ਹੋਏ ਹਨ। ਤਕਰੀਬਨ ਸਾਰੇ ਨਵਿਆਉਣਯੋਗ ਸਰੋਤਾਂ ਤੋਂ ਬਿਜਲੀ ਪੈਦਾ ਕਰਨ ਵਾਲੇ ਪਲਾਂਟ ਪ੍ਰਾਈਵੇਟ ਖੇਤਰ ਵਿਚ ਲੱਗੇ ਹਨ ਅਤੇ ਉਨ੍ਹਾਂ ਦੀ ਪ੍ਰਤੀ ਯੂਨਿਟ ਕੀਮਤ ਬਹੁਤ ਜ਼ਿਆਦਾ ਹੈ। ਜੇ ਵੰਡ ਕੰਪਨੀ ਇਹ ਬਿਜਲੀ ਨਹੀਂ ਖਰੀਦ ਸਕੇਗੀ ਤਾਂ ਉਸ ਨੂੰ ਜਿੰਨੀ ਬਿਜਲੀ ਉਹ ਘੱਟ ਖਰੀਦੇਗੀ, ਓਨੀ ਬਿਜਲੀ ਦਾ ਮੁੱਲ ਬਿਨਾਂ ਬਿਜਲੀ ਲਏ ਜੁਰਮਾਨੇ ਵਜੋਂ ਚੁਕਾਉਣਾ ਪਵੇਗਾ। ਪੰਜਾਬ ਵਰਗੇ ਸੂਬਿਆਂ ਨੂੰ ਪਹਿਲਾਂ ਹੀ ਬਿਨ ਵਰਤੀ ਬਿਜਲੀ ਦੇ ਕਪੈਸਿਟੀ ਚਾਰਜ ਦੇਣੇ ਪੈ ਰਹੇ ਹਨ।

ਵੰਡ ਪ੍ਰਣਾਲੀ ਦਾ ਧੜੱਲੇ ਨਾਲ ਨਿੱਜੀਕਰਨ: ਬਿਜਲੀ ਖੇਤਰ ਵਿਚ ਸੁਧਾਰਾਂ ਦਾ ਮੁੱਢ ਬੰਨ੍ਹਣ ਤੋਂ ਲੈ ਕੇ ਹੁਣ ਤੱਕ ਦੋ ਭਰਮ ਫੈਲਾਏ ਜਾ ਰਹੇ ਹਨ। ਇੱਕ ਤਾਂ ਇਹ ਕਿ ਬਹੁਤ ਸਾਰੇ ਲਾਈਸੈਂਸ ਜਾਰੀ ਕਰਨ ਨਾਲ ਮੁਕਾਬਲੇਬਾਜ਼ੀ ਆਵੇਗੀ; ਦੂਜਾ, ਪਬਲਿਕ ਏਕਾਧਿਕਾਰ ਨਾਲੋਂ ਨਿੱਜੀ ਏਕਾਧਿਕਾਰ ਉੱਤਮ ਹੈ। ਨਵੀਂ ਸੋਧ ਮੁਤਾਬਕ ਵੰਡ ਕੰਪਨੀਆਂ ਅਗਾਂਹ ਕਿਸੇ ਤੀਸਰੀ ਧਿਰ ਨੂੰ ਬਿਜਲੀ ਵੰਡ ਦਾ ਕੰਮ ਸੌਂਪ ਸਕਦੀਆਂ ਹਨ। ਜੇ ਇਹ ਕੰਮ ਸਬ ਲਾਇਸੈਂਸ ਧਾਰਕ ਨੂੰ ਸੌਂਪਣਾ ਹੋਵੇ ਤਾਂ ਰਾਜ ਬਿਜਲੀ ਰੈਗੂ-ਲੇਟਰ ਤੋਂ ਅਗਾਊਂ ਮਨਜ਼ੂਰੀ ਲੈਣੀ ਪਵੇਗੀ ਪਰ ਜੇ ਉਸ ਨੇ ਇਹ ਕੰਮ ਕਿਸੇ ਫਰੈਂਚਾਈਜ਼ੀ ਨੂੰ ਸੌਂਪਣਾ ਹੋਵੇ ਤਾਂ ਰਾਜ ਬਿਜਲੀ ਰੈਗੂ-ਲੇਟਰ ਨੂੰ ਸਿਰਫ ਸੂਚਿਤ ਹੀ ਕਰਨਾ ਹੈ। ਅਜਿਹਾ ਨਿਜ਼ਾਮ ਆਉਣ ਨਾਲ ਬਹੁਤ ਸਾਰੇ ਨੇਤਾ ਅਸਿੱਧੇ ਤੌਰ 'ਤੇ ਅਫਸਰ ਅਤੇ ਅਸਰ ਰਸੂਖ ਰੱਖਣ ਵਾਲੇ ਫਰੈਂਚਾਈਜ਼ੀ ਬਣਨਗੇ। ਇਹ ਵੀ ਯਕੀਨੀ ਹੈ ਕਿ ਫਰੈਂਚਾਈਜ਼ ਪੌਸ਼ ਖੇਤਰਾਂ ਨੂੰ ਹੀ ਚੁਣਨਗੇ; ਜਿਵੇਂ ਬੱਸਾਂ ਦੇ ਕਾਰੋਬਾਰ ਵਿਚ ਅਸਰ ਰਸੂਖ ਵਾਲੇ ਟਰਾਂਸਪੋਰਟਰ ਲੰਮੇ ਤੇ ਚੰਗੇ ਭੁਗਤਾਨ ਵਾਲੇ ਰੂਟ ਹੀ ਚੁਣਦੇ ਹਨ।

ਦੇਸ਼ ਦੇ ਹਾਲਾਤ ਦੇ ਮੱਦੇਨਜ਼ਰ ਇਹ ਖਦਸ਼ਾ ਓਪਰਾ ਨਹੀਂ ਕਿ ਇਹ ਲੋਕ ਬਿਜਲੀ ਮਾਲੀਆ ਲੋਕਾਂ ਤੋਂ ਤਾਂ ਉਗਰਾਹੀ ਜਾਣ ਪਰ ਵੰਡ ਕੰਪਨੀ ਨੂੰ ਧੇਲਾ ਵੀ ਨਾ ਦੇਣ। ਦੂਜੇ ਪਾਸੇ ਨਵੇਂ ਬਿਜਲੀ ਸੋਧ ਬਿਲ ਵਿਚ ਪਾਏ ਜਾਣ ਵਾਲੇ ਜੁੜ ਮੁਤਾਬਕ, ਜੇ ਵੰਡ ਕੰਪਨੀ ਬਿਜਲੀ ਉਤਪਾਦਕ ਨੂੰ ਬਿਜਲੀ ਖਰੀਦ ਦੇ ਮੁੱਲ ਦੀ ਜ਼ਮਾਨਤ ਜਾਂ 'ਲੈਟਰ ਆਫ ਕਰੈਡਿਟ' ਦੇਵੇਗੀ ਤਾਂ ਹੀ 'ਰਾਜ ਲੋਡ ਡਿਸਪੈਚ ਸੈਂਟਰ' ਬਿਜਲੀ ਛੱਡਣਗੇ। ਫਰੈਂਚਾਈਜ਼ੀ ਜਾਂ ਪ੍ਰਾਈਵੇਟ ਵੰਡ ਕੰਪਨੀਆਂ ਵੰਡ ਸਿਸਟਮ ਵਿਚ ਪਹਿਲੀ ਵਾਰ ਨਹੀਂ ਆਈਆਂ।

ਸਭ ਤੋਂ ਪਹਿਲਾਂ 1999 ਵਿਚ ਉੜੀਸਾ ਦੀਆਂ ਚਾਰ ਸਰਕਾਰੀ ਵੰਡ ਕੰਪਨੀਆਂ ਦਾ ਨਿੱਜੀਕਰਨ ਕੀਤਾ ਗਿਆ ਸੀ। ਇੱਕ ਵੰਡ ਕੰਪਨੀ ਅਮਰੀਕਾ ਦੀ ਏਈਐੱਸ (AES) ਨੇ ਲਈ ਅਤੇ ਤਿੰਨ ਬੰਬੇ ਸਬਰਬਨ ਸਪਲਾਈ ਬਿਜਲੀ (BSES) ਕੰਪਨੀ ਨੇ। 1999 ਦੇ ਤੂਫਾਨ ਵਿਚ ਅਮਰੀਕਾ ਦੀ ਕੰਪਨੀ ਦਾ ਰੋਲ ਕੋਵਿਡ-19 ਦੌਰਾਨ ਪ੍ਰਾਈਵੇਟ ਹਸਪਤਾਲਾਂ ਵਰਗਾ ਹੀ ਸੀ। 2001 ਵਿਚ ਅਮਰੀਕਨ ਕੰਪਨੀ ਭੱਜ ਗਈ ਅਤੇ ਮਾਰਚ 2015 ਵਿਚ ਭੱਓਂ ਨੂੰ ਮਿਲੇ ਲਾਇਸੈਂਸ ਵੀ ਰੱਦ ਕਰਨੇ ਪਏ। ਔਰੰਗਾ-ਬਾਦ, ਜਲਗਾਓਂ, ਨਾਗਪੁਰ, ਗਯਾ, ਭਾਗਲਪੁਰ, ਮੁਜ਼ੱਫਰਪੁਰ, ਗਵਾਲੀਅਰ, ਉਜੈਨ ਆਦਿ 'ਤੇ ਵੰਡ ਸਿਸਟਮ ਦਾ ਨਿੱਜੀਕਰਨ ਅਸਫਲ ਹੋ ਚੁੱਕਿਆ ਹੈ; ਅੱਕ ਕੇ ਫਰੈਂਚਾਈਜਜ਼ ਨਾਲ ਸਮਝੌਤੇ ਰੱਦ ਕਰਨੇ ਪਏ ਹਨ।

ਬਿਨਾਂ ਸਬਸਿਡੀ ਬਿਜਲੀ ਦਰਾਂ: ਤਜਵੀਜ਼ਸ਼ੁਦਾ ਤਰ-ਮੀਮਾਂ ਲਾਗੂ ਹੁੰਦੀਆਂ ਹਨ ਤਾਂ ਕਮਿਸ਼ਨ ਨੂੰ ਬਿਜਲੀ ਦਰਾਂ ਬਿਨਾਂ ਸਬਸਿਡੀ ਤੈਅ ਕਰਨੀਆਂ ਹੋਣਗੀਆਂ। ਕਰੌਸ ਸਬਸਿਡੀਆਂ ਵੀ ਪੜਾਅਵਾਰ ਬੰਦ ਹੋਣਗੀਆਂ। ਰਾਜ ਸਰਕਾਰ ਜੇ ਕਿਸੇ ਵਰਗ ਨੂੰ ਸਬਸਿਡੀ ਦੇਣਾ ਚਾਹੇਗੀ ਤਾਂ ਉਸ ਨੂੰ ਬਣਦੀ ਰਕਮ ਖਪਤਕਾਰ ਦੇ ਖਾਤੇ ਵਿਚ ਸਿੱਧੀ ਜਮ੍ਹਾਂ ਕਰਵਾਉਣੀ ਹੋਵੇਗੀ।

ਸੂਬਾ ਸਰਕਾਰਾਂ ਖੇਡ ਤੋਂ ਬਾਹਰ: ਸੰਵਿਧਾਨ ਮੁਤਾਬਕ ਬਿਜਲੀ ਨੂੰ ਭਾਵੇਂ ਸਮਵਰਤੀ ਸੂਚੀ (Concurrent List) ਵਿਚ ਰੱਖਿਆ ਹੈ, ਭਾਵ ਬਿਜਲੀ ਬਾਰੇ ਕੇਂਦਰ ਤੇ ਰਾਜ, ਦੋਵੇਂ ਸਰਕਾਰਾਂ ਕਾਨੂੰਨ ਬਣਾ ਸਕਦੀਆਂ ਹਨ ਪਰ ਨਵਾਂ ਕਾਨੂੰਨ ਬਣਨ ਨਾਲ ਸੂਬਾ ਸਰਕਾਰਾਂ ਦੇ ਪੱਲੇ ਕੱਖ ਨਹੀਂ ਬਚੇਗਾ। ਬਿਜਲੀ ਉਤਪਾਦਨ ਪਹਿਲਾਂ ਹੀ ਪ੍ਰਾਈਵੇਟ ਅਤੇ ਕੌਮੀ ਤਾਪ ਬਿਜਲੀ ਕਾਰਪੋਰੇਸ਼ਨ ਦੇ ਹੱਥਾਂ ਵਿਚ ਜਾ ਚੁੱਕਿਆ ਹੈ। ਨਵਾਂ ਕਾਨੂੰਨ ਆਉਣ ਨਾਲ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਲੈਕਸ਼ਨ ਕੇਂਦਰ ਕਰੇਗਾ। ਬਿਜਲੀ ਸਮਝੌਤੇ ਲਾਗੂ ਕਰਵਾਉਣ ਲਈ ਕੇਂਦਰੀ ਪੱਧਰ ਤੇ ਇਕਰਾਰਨਾਮੇ ਲਾਗੂ ਕਰਵਾਉਣ ਵਾਲੀ ਵੱਖਰੀ ਅਥਾਰਿਟੀ ਹੋਵੇਗੀ। ਜੇ ਪ੍ਰਾਈਵੇਟ ਬਿਜਲੀ ਉਤਪਾਦਕਾਂ ਦਾ ਵੰਡ ਕੰਪਨੀਆਂ ਵੱਲ ਬਕਾਇਆ ਹੋਵੇਗਾ ਤਾਂ ਲੋਡ ਡਿਸਪੈਚ ਸੈਂਟਰ ਕਾਨੂੰਨ ਮੁਤਾਬਕ ਸੂਬਾ ਸਰਕਾਰ ਦੇ ਕਹਿਣ 'ਤੇ ਵੀ ਬਿਜਲੀ ਨਹੀਂ ਛੱਡਣਗੇ। ਸੂਬਾ ਸਰਕਾਰਾਂ ਇਸ ਖੇਡ ਵਿਚ ਮੂਕ ਦਰਸ਼ਕ, ਲੋਕ ਫੁੱਟਬਾਲ ਅਤੇ ਸਰਮਾਏਦਾਰ ਖਿਡਾਰੀ ਹੋਣਗੇ। ਕੀ ਲੋਕਾਂ ਦੀ, ਲੋਕਾਂ ਦੁਆਰਾ, ਲੋਕਾਂ ਲਈ ਚੁਣੀ ਸਰਕਾਰ ਲੋਕਾਂ ਲਈ ਕੁੱਝ ਵੀ ਨਹੀਂ ਕਰ ਸਕੇਗੀ?

# ਪੰਜਾਬ ਦਾ ਮਹਾਨ ਸੂਰਬੀਰ ਯੋਧਾ ਚਰਨ ਸਿੰਘ ਸਨਸੋਆ

ਹਰਮੀਤ ਸਿੰਘ ਅਟਵਾਲ

ਸਿੱਖ ਧਰਮ ਸੂਰਮੇ-ਯੋਧਿਆਂ ਦੀਆਂ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਅਜਿਹਾ ਹੀ ਇਕ ਉੱਘਾ ਅਕਾਲੀ ਸੂਰਬੀਰ ਯੋਧਾ ਹੋਇਆ ਹੈ ਚਰਨ ਸਿੰਘ ਸਨਸੋਆ। ਉਸ ਦਾ ਜਨਮ ਪੰਜਾਬ ਦੇ ਪਿੰਡ ਮਾਂਗੇਕੇ, ਜ਼ਿਲ੍ਹਾ ਜਲੰਧਰ ਤਹਿਸੀਲ ਕਰਤਾਰਪੁਰ ਵਿਖੇ ਪਿਤਾ ਦੇਵਾ ਸਿੰਘ ਤੇ ਮਾਤਾ ਰਲੀ ਦੇ ਘਰ ਜੂਨ 1895 ਨੂੰ ਹੋਇਆ। ਗੁਰਸਿੱਖ ਪਰਿਵਾਰ ਵਿਚ ਜਨਮੇ ਹੋਣ ਕਾਰਨ ਬਚਪਨ ਤੋਂ ਹੀ ਉਸ ਦੀ ਧਾਰਮਿਕ ਕੰਮਾਂ-ਕਾਰਾਂ 'ਚ ਬੇਹੱਦ ਰੁਚੀ ਸੀ। ਉਸ ਦੇ ਪਿਤਾ ਦੇਵਾ ਸਿੰਘ ਨੂੰ ਪੰਜਾਂ ਪਿਆਰਿਆਂ ਵੱਲੋਂ 'ਭਾਈ ਸਾਹਿਬ' ਦਾ ਖ਼ਿਤਾਬ ਵੀ ਮਿਲਿਆ ਹੋਇਆ ਸੀ। ਉਸ ਦੀ ਮਾਤਾ ਵੀ ਧਾਰਮਿਕ ਬਿਰਤੀ ਵਾਲੀ ਔਰਤ ਸੀ। ਉਸ ਦਾ ਵਿਆਹ ਬੀਬੀ ਗੁਰਬਚਨ ਕੌਰ ਨਾਲ ਹੋਇਆ। ਗੁਰਬਚਰਨ ਕੌਰ ਦੇ ਪਰਿਵਾਰ ਦਾ ਵੀ ਗੁਰੂ ਘਰ ਨਾਲ ਕਾਫ਼ੀ ਲਗਾਅ ਸੀ। ਜਦੋਂ ਉਹ 22 ਕੁ ਵਰ੍ਹਿਆਂ ਦਾ ਹੋਇਆ ਤਾਂ ਉਨ੍ਹੀਂ ਦਿਨੀਂ ਗੁਰਦੁਆਰਾ ਸੁਧਾਰ ਲਹਿਰ ਸਿਖ਼ਰਾਂ 'ਤੇ ਸੀ। ਆਏ ਦਿਨ ਕਿਸੇ ਨਾ ਕਿਸੇ ਤਰ੍ਹਾਂ ਦੇ ਧਰਨੇ, ਮੁਜ਼ਾਹਰੇ, ਰੋਸ ਪ੍ਰਦਰਸ਼ਨ ਹੁੰਦੇ ਰਹਿੰਦੇ । ਇਸੇ ਸਮੇਂ ਦੌਰਾਨ ਉਹ ਉੱਘੇ ਅਕਾਲੀ ਆਗੂ ਵਧਾਵਾ ਸਿੰਘ ਕਰਤਾਰਪੁਰ ਤੇ ਜਥੇਦਾਰ ਬਚਿੱਤ ਸਿੰਘ ਮਾਂਗੇਕੇ ਦੇ ਸੰਪਰਕ ਵਿਚ ਆ ਕੇ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋ ਗਿਆ। ਇਸ ਲਹਿਰ ਵਿਚ ਸ਼ਾਮਲ ਹੁੰਦਿਆਂ ਹੀ ਉਸ ਨੇ ਜੈਤੋ ਦੇ ਮੋਰਚੇ ਵਿਚ ਹਿੱਸਾ ਲਿਆ। ਦੱਸਣਯੋਗ ਹੈ ਕਿ ਇਸ ਮੋਰਚੇ ਵਿਚ 25-25 ਸਿੰਘਾਂ ਦਾ ਜੱਥਾ ਇਕ ਜੱਥੇਦਾਰ ਦੀ ਅਗਵਾਈ ਵਿਚ ਮੋਰਚੇ 'ਤੇ ਜਾਂਦਾ ਸੀ। ਚਰਨ ਸਿੰਘ ਵੀ ਇਕ ਜੱਥੇ ਵਿਚ ਸ਼ਾਮਲ ਹੋ ਕੇ ਜਦੋਂ ਉੱਥੇ ਪਹੁੰਚਿਆ ਤਾਂ ਉਸ ਨੂੰ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ। ਫਿਰ ਅੰਗਰੇਜ਼ ਸਰਕਾਰ ਵੱਲੋਂ ਜੇਲ੍ਹ 'ਚ ਉਸ 'ਤੇ ਬਾਕੀ ਸਿੰਘਾਂ ਵਾਂਗ ਕਈ ਤਰ੍ਹਾਂ ਦੇ ਤਸ਼ੱਦਦ ਢਾਹੇ ਗਏ। ਅਦਾਲਤ ਨੇ ਉਸ ਨੂੰ ਛੇ ਮਹੀਨੇ ਜੇਲ੍ਹ ਦੀ ਸਜ਼ਾ ਸੁਣਾ ਦਿੱਤੀ ਤੇ ਮਿੰਟਗੁਮਰੀ ਜੇਲ੍ਹ ਭੇਜਿਆ ਦਿੱਤਾ ਗਿਆ। ਸਜ਼ਾ ਕੱਟਣ ਉਪਰੰਤ ਵੀ ਉਸ ਅੰਦਰ ਸਿੱਖ ਧਰਮ ਤੇ ਆਪਣੇ ਦੇਸ਼ ਲਈ ਕੁਰਬਾਨੀ ਦੇਣ ਦਾ ਜਜ਼ਬਾ ਘੱਟ ਨਹੀਂ ਹੋਇਆ ਸਗੋਂ ਉਹ ਹੋਰ ਵੀ ਸਰਗਰਮ ਹੋ ਗਿਆ।



ਉਸ ਨੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਨਿ-ਰੰਤਰ ਆਪਣੇ ਯਤਨਾਂ ਨੂੰ ਜਾਰੀ ਰੱਖਿਆ। 1965 ਵਿਚ ਉਸ ਦੀਆਂ ਕੁਰਬਾਨੀਆਂ ਨੂੰ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਨੂੰ ਪੈਨਸ਼ਨ ਲਾਈ ਗਈ। 21 ਫਰਵਰੀ 1974 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੈਤੋ ਮੋਰਚੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਪੰਜਾਹ ਸਾਲਾ ਸ਼ਹੀਦੀ ਸਮਾਗਮ ਮੌਕੇ 'ਨਾਭੇ ਦੀ ਖ਼ੂਨੀ ਕਾਰਖਾਸ' ਅਤੇ ਦੂਜੀਆਂ ਜੇਲ੍ਹਾਂ ਵਿਚ ਅਕਹਿ ਤੇ ਅਸਹਿ ਕਸ਼ਟ ਝੱਲਣ ਵਾਲੇ ਸਿੱਖ ਯੋਧਿਆਂ ਨੂੰ ਸਨਮਾਨ ਪੱਤਰ ਵੀ ਦਿੱਤੇ ਗਏ। ਚਰਨ ਸਿੰਘ ਸਨਸੋਆ ਨੂੰ ਵੀ ਇਸ ਸਨਮਾਨ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਆਖ਼ਰ ਪਹਿਲੀ ਅਗਸਤ 1980 ਨੂੰ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਉਸ ਦੀ ਅਗਲੀ ਪੀੜ੍ਹੀ ਵਿਚ ਬਲਬੀਰ ਸਿੰਘ ਸਨਸੋਆ, ਹਰਬੰਸ ਸਿੰਘ ਸਨਸੋਆ, ਸਮਿੱਤਰ ਸਿੰਘ ਸਨਸੋਆ ਅਤੇ ਉਸ ਦਾ ਪੋਤਰਾ ਪਰਮਜੀਤ ਸਿੰਘ ਸਨਸੋਆ ਵੀ ਉਸ ਵੱਲੋਂ ਪਾਈਆਂ ਪੈੜਾਂ 'ਤੇ ਨਿਰੰਤਰ ਤੁਰ ਰਿਹਾ ਹੈ।

# ਆਰਥਿਕ ਲੁੱਟ ਤੋਂ ਬਚਣ ਲਈ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਹੀ ਦਾਖਲ ਕਰਵਾਓ



ਮੁਹੰਮਦ ਬਸ਼ੀਰ
91-94171-58300

ਸਿੱਖਿਆ ਨੂੰ ਕਿਸੇ ਵੀ ਦੇਸ਼, ਸੂਬੇ ਅਤੇ ਸਮਾਜ ਦੇ ਵਿਕਾਸ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਹੈ। ਇਸ ਕਰਕੇ ਦੇਸ਼ ਦੇ ਸਾਰੇ ਲੋਕਾਂ ਦਾ ਸਿੱਖਿਅਤ ਹੋਣਾ ਜਰੂਰੀ ਹੈ। ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਜਰੂਰੀ ਹੈ ਕਿ ਸਿੱਖਿਆ ਸਾਰੇ ਲੋਕਾਂ ਦੀ ਪਹੁੰਚ ਵਿੱਚ ਹੋਵੇ ਕਿਉਂਕਿ ਸਿੱਖਿਆ ਦੇ ਨਾਲ ਹੀ ਅਜਿਹੇ ਨਾਗਰਿਕ ਤਿਆਰ ਹੋਣਗੇ ਜੋ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾ ਕੇ ਆਪਣੇ ਦੇਸ਼ ਅਤੇ ਸੂਬੇ ਦੀ ਤਰੱਕੀ ਲਈ ਵਸੀਲਾ ਬਨਣਗੇ। ਪੁਰਾਤਣ ਸਮੇਂ ਵਿੱਚ ਵਿੱਦਿਆ ਦੇਣਾ ਇੱਕ ਸਰਵ-ਉੱਤਮ ਦਾਨ ਮੰਨਿਆ ਜਾਂਦਾ ਸੀ ਪਰ ਅੱਜ ਵਿੱਦਿਆ ਦਾਨ ਨਾ ਹੋ ਕੇ, ਇੱਕ ਵਪਾਰ ਬਣ ਕੇ ਰਹਿ ਗਈ ਹੈ। ਅੱਜ ਜਿੱਥੇ ਸਰਕਾਰੀ ਵਿਦਿਅਕ ਸੰਸਥਾਵਾਂ ਸਰਕਾਰ ਦੀ ਦੇਖ-ਰੇਖ ਹੇਠ ਮਿਹਨਤੀ ਅਧਿਆਪਕਾਂ ਦੇ ਉਦੱਮ ਸਦਕਾ ਦਿਨ-ਬ-ਦਿਨ ਤਰੱਕੀ ਕਰਕੇ ਸਫਲਤਾ ਦੀਆਂ ਬੁਲੰਦੀਆਂ ਤੱਕ ਪੁਹੰਚ ਰਹੀਆਂ ਹਨ। ਸਿੱਖਿਆ ਵਿਭਾਗ ਦੀ ਹੱਲਾਂ-ਸ਼ੇਰੀ ਨਾਲ ਅਧਿਆਪਕਾਂ ਨੇ ਦਿਨ-ਰਾਤ ਮਿਹਨਤ ਕਰਕੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਇਸ ਕਦਰ ਸਜ਼ਾਇਆ ਹੈ ਕਿ ਆਮ ਵਿਅਕਤੀ ਇਨ੍ਹਾਂ ਨੂੰ ਹੁਣ ਢਾਬਿਆਂ ਦੇ ਸਥਾਨ ਤੇ ਫਾਇਵ ਸਟਾਰ ਹੋਟਲ ਸਮਝਣ ਲੱਗ ਪਿਆ ਹੈ ਜਿੱਥੇ ਬੱਚੇ ਮੁਫਤ ਵਿੱਚ ਅੰਗਰੇਜੀ ਮਾਧਿਅਮ ਵਿੱਚ ਸਿੱਖਿਆ ਪ੍ਰਾਪਤ ਕਰਨ ਦੇ ਨਾਲ-ਨਾਲ ਸਰਕਾਰ ਦੀਆਂ ਹੋਰ ਵਿਦਿਆਰਥੀ ਪੱਖੀ ਸਕੀਮਾਂ ਦਾ ਵੀ ਲਾਭ ਪ੍ਰਾਪਤ ਕਰ ਰਹੇ ਹਨ ਜਿਵੇਂ ਕਿ ਮੁਫਤ ਕਿਤਾਬਾਂ, ਸਲਾਨਾ ਅਤੇ ਮਹੀਨਾਵਾਰ ਕੋਈ ਫੀਸ ਨਹੀਂ, ਬੱਚਿਆਂ ਦੇ ਫੁਟਕਲ ਖਰਚਿਆਂ ਲਈ ਵਜੀਫਿਆਂ ਦਾ ਪ੍ਰਬੰਧ, ਵਿਭਾਗ ਵੱਲੋਂ ਸਮੇਂ-ਸਮੇਂ ਤੇ ਲਗਵਾਏ ਜਾਂਦੇ ਮੁਫਤ ਵਿਦਿਅਕ ਟੂਰ ਆਦਿ ਸਹੂਲਤਾਂ ਦਾ ਲਾਭ ਇਨ੍ਹਾਂ ਸਕੂਲਾਂ 'ਚ ਪੜ੍ਹਣ ਵਾਲੇ ਬੱਚੇ ਸਹਿਜੇ ਹੀ ਉੱਠਾ ਰਹਿ ਹਨ ਨਾਲ ਹੀ ਬੱਚਿਆਂ ਨੂੰ ਆਧੁਨਿਕ ਤਕਨੀਕਾਂ ਜਿਵੇਂ ਐਜੂਸੈਟ, ਕੰਪਿਊਟਰ, ਈ ਕੋਨਟੈਂਟ ਆਦਿ ਰਾਹੀ ਆਸਾਨ ਢੰਗਾਂ ਨਾਲ ਪੜ੍ਹਾਇਆ ਜਾਂਦਾ ਹੈ।। ਕਰੋਨਾ ਮਹਾਂਮਾਰੀ ਦੇ ਚੱਲਦਿਆਂ ਸਮਾਜਿਕ ਦੂਰੀ ਬਣਾ ਕੇ ਰੱਖਣ ਦੇ ਨਿਯਮ ਨੂੰ ਧਿਆਨ 'ਚ ਰੱਖਦੇ ਹੋਏ ਮਾਰਚ 2020 ਤੋਂ ਸਰਕਾਰੀ ਅਤੇ ਨਿੱਜੀ ਸਕੂਲ ਸਰਕਾਰੀ ਹੁਕਮਾਂ ਨਾਲ ਬੰਦ ਕੀਤੇ ਹੋਏ ਹਨ। ਇਸ ਕਰਕੇ ਸੈਸ਼ਨ 2020/21 ਦੀ ਪੜ੍ਹਾਈ ਸਰਕਾਰੀ ਅਤੇ ਨਿੱਜੀ ਸਕੂਲਾਂ ਵੱਲੋਂ ਵੱਖ-ਵੱਖ ਸਾਧਨਾਂ ਨਾਲ ਆਨ-ਲਾਇਨ ਕਰਵਾਈ ਜਾ ਰਹੀ ਹੈ। ਆਨ ਲਾਇਨ ਪੜ੍ਹਾਈ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਵੱਲੋਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਬੱਚਿਆਂ ਦੀਆਂ ਆਰਥਿਕ ਅਤੇ ਹੋਰ ਸਮੱਸਿਆਵਾਂ ਦੇ ਬਾਵਜੂਦ ਬਹੁਤ ਸੁੱਚਜੇ ਤਰੀਕੇ ਨਾਲ ਮੁਫਤ ਕਰਵਾਈ ਜਾ ਰਹੀ ਹੈ ਪਰ ਨਿੱਜੀ ਸਕੂਲਾਂ ਵੱਲੋਂ ਕਰਵਾਈ ਜਾ ਰਹੀ ਆਨ ਲਾਈਨ ਪੜ੍ਹਾਈ ਦੇ ਬਦਲ ਵਿੱਚ ਨਿੱਜੀ ਸਕੂਲਾਂ ਦੇ ਮਾਲਕ ਬੱਚਿਆਂ ਨੂੰ ਬਹੁਤ ਮਹਿੰਗੀਆਂ ਕਿਤਾਬਾਂ ਦੇ ਕੇ ਪਹਿਲਾਂ ਹੀ ਮੋਟੀਆਂ ਕਮਾਈਆਂ ਕਰ ਚੁੱਕੇ ਹਨ ਤੇ ਹੁਣ ਬੱਚਿਆਂ ਦੇ ਮਾਪਿਆਂ ਤੋਂ ਪੂਰੀਆਂ ਫੀਸਾਂ ਵਸੂਲਣ ਲਈ ਨਾਦਰਸ਼ਾਹੀ ਫਰਮਾਨ ਜਾਰੀ ਕਰ ਰਹਿ ਹਨ ਜਿਸ ਨੂੰ ਜ਼ਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਜਿਨ੍ਹਾਂ ਬੱਚਿਆਂ ਦੇ ਸਹਾਰੇ ਨਿੱਜੀ ਸਕੂਲਾਂ ਦੇ ਮਾਲਕਾਂ ਨੇ ਵੱਡੀਆਂ-ਵੱਡੀਆਂ ਬਿਲਡਿੰਗਾਂ ਖੜ੍ਹੀਆਂ ਕਿਤੀਆਂ ਹਨ ਤੇ ਹਰ ਤਰ੍ਹਾਂ ਦੀਆਂ ਪਦਾਰਥਕ ਸੁੱਖ ਸਹੂਲਤਾਂ ਦਾ ਆਨੰਦ ਮਾਨ ਰਹੇ ਹਨ ਜੇਕਰ ਕਰਫਿਊ/ਤਾਲਾਬੰਦੀ ਦੀ ਸਥਿਤੀ ਕਾਰਨ ਉਪਜੀ ਬੇਰੁਜਗਾਰੀ ਅਤੇ ਲੋਕਾਂ ਦੀ ਬਿਗੜੀ ਆਰਥਿਕ ਸਥਿਤੀ ਦੇ ਦੌਰਾਨ ਇੱਕ ਸਾਲ ਬੱਚਿਆਂ ਤੋਂ ਫੀਸ ਨਹੀਂ ਲੈਣਗੇ ਜਾਂ ਨਾ-ਮਾਤਰ ਲੈ ਕੇ ਇੱਕ ਸਾਲ ਲਾਭ ਨਹੀਂ ਕਮਾਉਣਗੇ ਤਾਂ ਇਸ ਨਾਲ ਉਨ੍ਹਾਂ ਨੂੰ ਕੋਈ ਬਹੁਤ ਫਰਕ ਨਹੀਂ ਪਵੇਗਾ। ਕਈ ਨਿੱਜੀ ਸਕੂਲਾਂ ਵੱਲੋਂ ਫੀਸ ਨਾ ਲੈਣ ਦਾ ਐਲਾਨ ਵੀ ਕੀਤਾ ਜਾ ਚੁੱਕਾ ਹੈ ਜਿਸ ਨੂੰ ਸਮਾਜ ਅਤੇ ਦੇਸ਼ ਲਈ ਇੱਕ ਚੰਗਾ ਫੈਸਲਾ ਕਿਹਾ ਜਾ ਸਕਦਾ ਹੈ। ਪਰ ਕਈ ਸਕੂਲਾਂ ਵੱਲੋਂ ਦੇਸ਼ ਅਤੇ ਵਿਸ਼ਵ ਪੱਧਰ ਤੇ ਉਪਜੀ ਜਬਰਦਸਤ ਆਰਥਿਕ ਮੰਦੀ ਦੇ ਵਿੱਚ ਵੀ ਬੱਚਿਆਂ ਦੇ ਮਾਪਿਆਂ ਨੂੰ ਫੀਸ਼ਾਂ ਲਈ ਬਹੁਤ ਤੰਗ ਪਰੇਸ਼ਨ ਕੀਤਾ ਜਾ ਰਿਹਾ ਹੈ।

ਇੱਥੇ ਮੈ ਨਿੱਜੀ ਸਕੂਲਾਂ ਵਿੱਚ ਪੜ੍ਹਾ ਰਹੇ ਬੱਚਿਆਂ ਦੇ ਮਾਪਿਆਂ ਨੂੰ ਵੀ ਇਹ ਸਲਾਹ ਜਰੂਰ ਦੇਣਾ ਚਹੁੰਗਾਂ ਕਿ ਝੂਠੇ ਸਟੇਟਸ ਸਿੰਬਲ ਦੇ ਵਹਿਮ ਚੋਂ ਨਿਕਲ ਕੇ ਆਪਣੇ ਬੱਚਿਆਂ ਨੂੰ ਹਰ ਪੱਖ ਤੋਂ ਅਧੁਨਿਕ ਸਹੂਲਤਾਂ ਨਾਲ ਲੈਸ ਅੰਗਰੇਜ਼ੀ ਮੀਡੀਅਮ ਵਾਲੇ ਸਾਰਕਾਰੀ ਸਕੂਲਾਂ 'ਚ ਦਾਖਲ ਕਰਵਾਓ। ਇਸ ਨਾਲ ਤੁਸੀਂ ਇਸ ਔਖੀ ਘੜੀ 'ਚ ਆਪਣੇ ਬੱਚੇ ਦੇ ਉਜਵਲ ਭਵਿੱਖ ਦਾ ਧਿਆਨ ਵੀ ਰੱਖ ਪਾਓਗੇ ਤੇ ਤੁਹਾਡੇ ਤੇ ਕੋਈ ਆਰਥਿਕ ਬੋਝ ਵੀ ਨਹੀਂ ਪਵੇਗਾ ਸਗੋਂ ਸਰਕਾਰੀ ਸਹੂਲਤਾਂ ਦਾ ਲਾਭ ਵੀ ਉਠਾ ਪਾਉਂਗੇ।

ਇਸ ਨਾਲ ਨਿਰੋਲ ਰੂਪ ਵਿੱਚ ਇੱਕ ਦੁਕਾਨਦਾਰੀ ਦੇ ਰੂਪ 'ਚ ਚਲਾਏ ਜਾ ਰਹੇ ਪ੍ਰਾਈਵੇਟ ਸਕੂਲ ਦੇ ਮਾਲਕਾਂ ਨੂੰ ਵੀ ਸਬਕ ਮਿਲੇਗਾ। ਸਿਰਫ ਇੱਕ ਸਾਲ ਤੁਸੀਂ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲ ਤਾਂ ਕਰਵਾਕੇ ਦੇਖੋ ਫਿਰ ਤੁਸੀਂ ਖੁਦ ਇਨ੍ਹਾਂ ਨਿੱਜੀ ਸਕੂਲਾਂ ਵੱਲ ਕਦੇ ਮੂੰਹ ਨਹੀ ਕਰੋਗੇ ਤੇ ਇਹ ਨਿੱਜੀ ਸਕੂਲ ਤੁਹਾਡੇ ਪਿੱਛੇ-ਪਿੱਛੇ ਘੁੰਮਣਗੇ।

ਇਸ ਗੱਲ ਨੂੰ ਵੀ ਤੁਸੀਂ ਸਾਰੇ ਭਲੀ-ਭਾਂਤੀ ਜਾਣਦੇ ਹੋ ਕਿ ਕਿਸ ਤਰ੍ਹਾਂ ਨਿੱਜੀ ਸਕੂਲੀ ਸੰਸਥਾਵਾਂ ਵੱਲੋਂ ਨਿੱਜੀ ਪ੍ਰਕਾਸ਼ਕਾਂ ਨਾਲ ਮਿਲੀ ਭੁਗਤ ਕਰਕੇ ਅੰਦਰੋਂ ਖਾਤੇ ਪੁਸਤਕਾਂ ਦੀਆਂ ਕੀਮਤਾਂ 'ਚ ਉਤਾਰ-ਚੜਾਓ ਕਰਦਿਆਂ ਮੋਟੇ ਕਮੀਸ਼ਨ ਵਸੂਲਣਾ, ਵਿਦਿਆਰਥੀਆਂ ਦੀ ਟਰਾਂਸਪੋਰਟੇਸ਼ਨ ਫੀਸ 'ਚ ਵਾਧਾ ਕਰਨਾ, ਵਿੱਦਿਅਕ ਟੂਰ ਦੇ ਨਾਮ ਤੇ ਰੂਪਏ ਵਸੂਲਣ ਤੋਂ ਇਲਾਵਾ ਵੱਖ-ਵੱਖ ਢੰਗਵੰਝਾਂ ਰਾਹੀਂ ਸਹੂਲਤਾਂ ਦੇਣ ਦੀ ਡਰਾਮੇਬਾਜ਼ੀ ਕਰਦਿਆਂ ਰੂਪਏ ਵਸੂਲਣਾ ਅਤੇ ਸਟੇਸ਼ਨਰੀ ਦਾ ਸਮਾਨ ਸਕੂਲਾਂ ਵਿੱਚ ਹੀ ਜਾ ਕਿਸੇ ਖਾਸ ਵਿਕਰੇਤਾ ਰਾਹੀ ਵੇਚ ਕੇ ਰੂਪਏ ਇੱਕਠੇ ਕਰਦਿਆਂ ਮਾਪਿਆਂ ਦੀਆਂ ਜੇਬਾਂ ਤੇ ਦਿਨ-ਦਿਹਾੜੇ ਡਾਕਾ ਮਾਰੇ ਜਾਂਦੇ ਹਨ।

ਇੱਥੋਂ ਤੱਕ ਕਿ ਕਈ ਸਕੂਲਾਂ 'ਚ ਵਿਦਿਆਰਥੀ ਨੂੰ ਪੜ੍ਹਾਈ 'ਚ ਕਮਜ਼ੋਰ ਦੱਸਦਿਆਂ ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਨੂੰ ਪੜ੍ਹਾਈ 'ਚ ਹੁਸ਼ਿਆਰ ਬਨਾਉਣ ਲਈ ਵਾਧੂ ਕਲਾਸਾਂ ਲਾਉਣ ਦੇ ਬਹਾਨੇ ਉਹਨਾਂ ਤੋਂ ਮੋਟੇ ਰੂਪਏ ਬਟੋਰੇ ਜਾਂਦੇ ਹਨ। ਜਿਸ ਤੋਂ ਸਹਿਜ ਹੀ ਅੰਦਾਜਾਂ ਲਗਾਇਆ ਜਾ ਸਕਦਾ ਹੈ ਕਿ ਅਜਿਹੇ ਸਕੂਲਾਂ 'ਚ ਅਧਿਆਪਕ ਬੱਚਿਆਂ ਪ੍ਰਤੀ ਸੰਜੀਦਾ ਨਜ਼ਰ ਨਹੀਂ ਆਉਂਦੇ। ਹੋਰ ਤਾਂ ਹੋਰ ਨਿੱਜੀ ਸੰਸਥਾਵਾਂ ਵੱਲੋਂ ਮਾਪਿਆਂ ਤੋਂ ਵਸੂਲੇ ਜਾਂਦੇ ਬਿਲਡਿੰਗ ਫੰਡ ਅਤੇ ਡਿਵੈਲਪਮੈਂਟ ਫੰਡ ਤੋਂ ਇਲਾਵਾ ਸਾਲਾਨਾ ਫੰਡ ਵਿੱਚ ਸਕੂਲੀ ਸੰਸਥਾਵਾਂ ਵੱਲੋਂ ਕੁਝ ਵੀ ਨਹੀਂ ਦਰਸਾਇਆ ਜਾਂਦਾ ਕਿ ਮਾਪਿਆਂ ਤੋਂ ਵਸੂਲੀ ਜਾਂਦੀ ਸਾਲਾਨਾ ਮੋਟੀ ਰਕਮ 'ਚ ਬੱਚਿਆਂ ਨੂੰ ਕਿਹੜੀ ਸਹੂਲਤ ਦਿੱਤੀ ਜਾਵੇਗੀ। ਬੱਚਿਆਂ ਦੇ ਦਾਖਲਿਆਂ ਮੌਕੇ ਅਜਿਹੇ ਨਵੇਕਲੇ ਫੰਡਾਂ ਦੇ ਰੂਪ 'ਚ ਲਈਆਂ ਜਾਂਦੀਆਂ ਮੋਟੀਆਂ ਰਕਮਾ ਨਾਲ ਨਿੱਜੀ ਸਕੂਲਾਂ ਦੇ ਮਾਲਕਾਂ ਵੱਲੋਂ ਸਤਿਕਾਰਤ 'ਵਿੱਦਿਆ ਦੇ ਮੰਦਰਾਂ' ਨੂੰ ਵੱਡੀਆਂ-ਵੱਡੀਆਂ ਇਮਾਰਤਾਂ 'ਚ ਤਬਦੀਲ ਕਰਕੇ ਸਰੇਆਮ ਵਿੱਦਿਆ ਦੀ ਆੜ ਵਿੱਚ ਵਿੱਦਿਆ ਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ।

"ਯੇ ਕੈਸਾ ਦੌਰ ਹੈ ਆਜ ਕੇ ਵਿਕਾਸਵਾਦੀ ਜਮਾਨੇ ਕਾ
ਇਨਸਾਨ ਵੀ ਪੱਥਰ ਹੋ ਗਿਆ, ਪੱਥਰ ਕੀ ਆਲੀਸ਼ਾਨ ਇਮਾਰਤੇਂ ਬਨਾਤੇ-ਬਨਾਤੇ।"

ਜੇਕਰ ਅਜਿਹੀ ਹੁੰਦੀ ਆ ਰਹੀ ਲੁੱਟ-ਖਸੁੱਟ ਨੂੰ ਅੱਖੋਂ ਪਰੋਖੇ ਕਰਕੇ ਵਿੱਦਿਆ ਦੇ ਮਿਆਰ ਨੂੰ ਵੀ ਦੇਖਦੇ ਹਾਂ ਤਾਂ ਉਹ ਵੀ ਬਹੁਤਾ ਤਸੱਲੀ ਬਖਸ਼ ਨਹੀਂ ਹੈ। ਅੱਜ ਅਜਿਹੇ ਅਦਾਰੇ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਨ ਵਾਲੀਆਂ ਸੰ-ਸਥਾਵਾਂ ਘੱਟ ਸਗੋਂ ਵਪਾਰ ਕਰਨ ਦੇ ਅੱਡੇ ਵੱਧ ਜਾਪਦੇ ਹਨ। ਇਹਨਾਂ ਸਕੂਲਾਂ ਵਿੱਚ ਬੱਚਿਆਂ ਦੀ ਸਮਝਣ ਸ਼ਕਤੀ ਵਿਕਸਤ ਕਰਨ ਦੀ ਬਜਾਏ ਰੱਟਾ ਜਾਂ ਘੋਟਾ ਲਗਵਾਉਣ ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ।

ਸਿਰਫ ਇੱਕ ਹੀ ਭਾਸ਼ਾ (ਇੰਗਲਿਸ਼) ਦੀ ਸ਼ੋਸ਼ੇਬਾਜ਼ੀ ਤੋਂ ਬਿਨ੍ਹਾ ਬਾਕੀ ਵਿੱਦਿਅਕ ਢਾਂਚਾ ਬਹੁਤਾ ਚੰਗਾ ਨਹੀਂ ਹੈ। ਜੇ ਅਸੀਂ ਸਰਕਾਰੀ ਅਹੁਦਿਆਂ ਤੇ ਲੱਗੇ ਲੋਕਾਂ ਦਾ ਅਧਿਐਨ ਕਰੀਏ ਤਾਂ ਉਹ ਵੀ ਬਹੁਤੇ ਸਰਕਾਰੀ ਸਕੂਲਾਂ ਦੀ ਹੀ ਦੇਣ ਹਨ। ਇਸ ਵਾਰ ਤਾਂ 10ਵੀਂ ਜਮਾਤ ਦਾ ਨਤੀਜਾ ਕਰੋਨਾ ਮਹਾਂਮਾਰੀ ਕਾਰਨ ਗਰੇਡ ਪ੍ਰਣਾਲੀ ਰਾਹੀ ਘੋਸ਼ਿਤ ਕੀਤਾ ਗਿਆ ਹੈ ਪਰ ਮਈ 2019 'ਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੈਟ੍ਰਿਕ ਦੇ ਨਤੀਜੇ 'ਚ ਸਰਕਾਰੀ ਸਕੂਲਾਂ ਦੇ ਬੱਚਿਆਂ ਦੀ ਪਾਸ ਪ੍ਰਤਿਸ਼ਤਤਾ 88.21% ਰਹੀ ਸੀ ਜੋ ਕਿ ਭੌਤਿਕ ਸਹੂਲਤਾਂ ਨਾਲ ਲਬਰੇਜ ਨਿੱਜੀ ਸਕੂਲਾਂ ਦੇ ਨਾਲੋਂ 8.7% ਵੱਧ ਸੀ ਇਸੀ ਤਰ੍ਹਾਂ ਬਾਰਵੀਂ ਜਮਾਤ ਦਾ ਨਤੀਜਾ ਪ੍ਰਾਇਵੇਟ ਸਕੂਲਾਂ ਨਾਲੋਂ ਲਗਭਗ 5% ਵੱਧ ਸੀ। ਸੋਚਣ ਵਾਲੀ ਗੱਲ ਹੈ ਕਿ ਬਿਨ੍ਹਾਂ ਸਹੂਲਤਾਂ ਦੇ ਸਰਕਾਰੀ ਸਕੂਲਾਂ ਦਾ ਕੇਵਲ ਅਧਿਆਪਕਾਂ (ਜਿਨ੍ਹਾਂ ਨੂੰ ਸਰਕਾਰ ਦੇ ਪ੍ਰਤੀਨਿਧੀ ਅਤੇ ਉੱਚ ਅਹੁਦਿਆਂ ਤੇ ਬੈਠੇ ਅਫਸਰ ਅਕਸਰ ਵਿਹਲੇ ਕਹਿੰਦੇ ਹਨ) ਦੀ ਮਿਹਨਤ ਨਾਲ ਜੇਕਰ ਇੰਨ੍ਹਾਂ ਵਧੀਆ ਨਤੀਜਾ ਆ ਸਕਦਾ ਹੈ ਤਾਂ ਜੇਕਰ ਸਰਕਾਰ ਦੀ ਥੋੜੀ ਹੋਰ ਸਵੱਲੀ ਨਜ਼ਰ ਇਨ੍ਹਾਂ ਸਕੂਲਾਂ ਤੇ ਪੈ ਜਾਵੇ ਤਾਂ ਕੀ ਹੋਵੇਗਾ। ਸੋ ਇਸ ਕਰਕੇ ਮੇਰੀ ਪੰਜਾਬ ਦੇ ਸੂਝਵਾਨ ਲੋਕਾਂ ਨੂੰ ਬੇਨਤੀ ਹੈ ਕਿ ਨਕਲੀ ਚਮਕ-ਦਮਕ 'ਚੋਂ ਨਿਕਲੋਂ, ਆਪਣੀ ਹੋ ਰਹੀ ਲੁੱਟ-ਖਸੁੱਟ ਤੋਂ ਬਚੋਂ ਤੇ ਆਪਣੇ ਬੱਚਿਆਂ ਨੂੰ ਮੇਰੇ ਪੂਰੇ ਲੇਖ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਸਰਕਾਰੀ ਸਕੂਲਾਂ 'ਚ ਦਾਖਲ ਕਰਕੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫਤ ਵਿੱਦਿਆ ਦੀ ਸਹੂਲਤ ਦਾ ਲਾਭ ਪ੍ਰਾਪਤ ਕਰਕੇ ਆਪਣੇ ਬੱਚਿਆਂ ਦਾ ਸੁਨਹਿਰਾ ਭਵਿੱਖ ਬਣਾਓ।






# ਬੀੜ ਦੁਸਾਂਝ ਲੋਕਾਂ ਲਈ ਸਿਰਦਰਦੀ ਦੀ ਥਾਂ ਰਮਣੀਕ ਥਾਂ ਬਣ ਸਕਦੀ ਹੈ



ਮੇਜਰ ਸਿੰਘ ਨਾਭਾ
91-94635-53962

ਕਰੋਨਾ ਕੋਵਿਡ-19 ਕਾਰਨ ਦੇਸ਼ ਅੰਦਰ ਲੰਬਾ ਸਮਾਂ ਲਾਕਡਾਊਨ ਰਹਿਣ ਕਰਕੇ ਪ੍ਰਦੂਸ਼ਨ ਘੱਟਣ ਕਾਰਨ ਕੁਦਰਤੀ ਵਾਤਾਵਰਣ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ। ਰੁੱਖਾਂ ਦੀ ਘੱਟ ਰਹੀ ਗਿਣਤੀ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਸਕਦੀ ਹੈ। ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ।ਵਾਤਾਵਰਣ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ।ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ।ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਇਸੇ ਕਰਕੇ ਸੁਰੱਖਿਅਤ ਰੱਖਿਆ ਗਿਆ ਹੈ। ਇਤਿਹਾਸਕ ਸ਼ਹਿਰ ਨਾਭਾ ਦਾ ਨਾਂ ਇਥੋਂ ਦੇ ਰਿਆਸਤੀ ਰਾਜਿਆਂ ਦੀਆਂ ਅਭੁੱਲ ਯਾਦਾਂ ਕਾਰਨ ਬੜੇ ਮਾਣ ਨਾਲ ਲਿਆ ਜਾਂਦਾ ਹੈ ਇਤਿਹਤਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਰਾਜਿਆਂ ਵੇਲੇ ਦਾ 'ਬੀੜ ਦੁਸਾਂਝ' ਹੈ ।ਇਸ ਵਿੱਚ ਰੋਜ,ਨੀਲ ਗਊ,ਗਿੱਦੜ,ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ। ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ, ਸਾਨ੍ਹ , ਕੁੱਤੇ ਆਦਿ ਵੀ ਜੰਗਲੀ ਬਣ ਚੁੱਕੇ ਹਨ। ਜੌੜੇ-ਪੁਲਾਂ ਘਣੀਵਾਲ,ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਇਹ ਚੌੜੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ।ਇਸੇ ਰੋਡ ਤੇ ਨਾਭੇ ਦੇ ਰਾਜੇ ਵਲੋਂ ਬੀੜ'ਚ ਸ਼ਿਕਾਰ ਕਰਨ ਸਮੇਂ ਠਹਿਰ ਲਈ ਬਣਾਈ ਸ਼ਾਨਦਾਰ ਕਲਾਤਮਿਕ ਲਾਲ ਕੋਠੀ 'ਚ ਅੱਜਕੱਲ੍ਹ ਫਿਲਮਾਂ ਅਤੇ ਪ੍ਰੀ-ਵੈਡਿੰਗ ਦੀ ਸੂਟਿੰਗ ਹੁੰਦੀ ਰਹਿੰਦੀ ਹੈ। ਗੈਸ ਪਲਾਂਟ ਨਾਭਾ ਵਿਖੇ ਹੋਣ ਕਾਰਨ ਇਥੋਂ ਰੋਜ਼ਾਨਾ ਅਨੇਕਾਂ ਸਿਲੰਡਰਾਂ ਨਾਲ ਭਰੇ ਟਰੱਕ ਇਸ ਸੜਕ ਤੋਂ ਲੰਘਦੇ ਹਨ। ਇਸ ਕਰਕੇ ਆਵਾਜਾਈ ਹੋਰ ਵੀ ਵੱਧ ਗਈ ਹੈ।ਸੈਂਕੜੇ ਲੋਕ ਸਵੇਰੇ ਸ਼ਾਮ ਸਰਕਾਰੀ ਮੱਝ ਫਾਰਮ ਜੋ ਇਸੇ ਸੜਕ ਤੇ ਸਥਿਤ ਹੈ ਤੋਂ ਦੁੱਧ ਲੈਣ ਜਾਂਦੇ ਹਨ ਜਿਨ੍ਹਾਂ ਨੂੰ ਡੰਗਰਾਂ ਅਤੇ ਬਾਂਦਰਾਂ ਦੇ ਝੁੰਡਾਂ'ਚੋਂ ਲੰਘਣਾ ਮੁਸ਼ਕਲ ਹੁੰਦਾ ਹੈ। ਇਸੇ ਤਰ੍ਹਾਂ ਇਸ ਸੜਕ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ,ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਥੋਂ ਦੀ ਡਰ ਡਰ ਕੇ ਲੰਘਦੇ ਹਨ। ਸਕੂਲ, ਕਾਲਜ / ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ।ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ। ਦਾਨੀ ਸਜਣ ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ'ਚ ਵਿਘਣ ਵੀ ਪੈਂਦਾ ਹੈ । ਜਿਥੇ ਸਰਕਾਰ ਨੇ ਬੀੜ ਦੇ ਦੁਆਲੇ ਖੇਤਾਂ ਦੇ ਉਜਾੜੇ ਨੂੰ ਰੋਕਣ ਲਈ ਜਾਲੀਦਾਰ ਵਾੜ ਲਗਾਈ ਹੈ ਉਥੇ ਬੀੜ ਦੇ ਏਰੀਏ ਵਿੱਚ ਸੜਕ ਦੇ ਦੋਨਾਂ ਪਾਸੇ ਵੀ ਉੱਚੀ ਜਾਲੀਦਾਰ ਵਾੜ ਲਗਾਈ ਜਾਵੇ ਤਾਂ ਜੋ ਇਹ ਜੰਗਲੀ ਜਾਨਵਰ / ਡੰਗਰ ਸੜਕ ਤੇ ਆ ਕੇ ਰਾਹਗੀਰਾਂ ਲਈ ਪ੍ਰੇਸ਼ਾਨੀ ਪੈਦਾ ਨਾ ਕਰਨ। ਬੀੜ ਦੇ ਨਾਲ ਲਗਦੇ ਚੋਧਰੀ ਮਾਜਰਾ ਪਿੰਡ ਦੇ ਖੇਤਾਂ ਵਾਲੇ ਕਿਸਾਨ ਰਲ ਕੇ 24 ਘੰਟੇ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਪਹਿਰਾ ਦਿੰਦੇ ਹਨ ਤਾਂ ਜਾ ਕੇ ਫਸਲਾਂ ਬਚਦੀਆ ਹਨ। ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ, ਸਾਨ੍ਹ, ਬਲਦ, ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰ-ਮੇਵਾਰੀ ਸ਼ੌਂਪੀ ਗਈ ਹੈ। ਇਸ ਲਈ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ।ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ। ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ । ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸੀਡੈਂਟਾਂ ਦੀਆਂ ਵੀਡੀਓਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਹਿੰਦੂ ਸੰਗਠਨ ਵੀ ਅਵਾਰਾ ਗਊਆਂ ਦੇ ਇਸ ਮਸਲੇ ਪ੍ਰਤੀ ਗੰਭੀਰ ਨਹੀਂ, ਉਨ੍ਹਾਂ ਨੂੰ ਵੀ ਸਰਕਾਰ ਨਾਲ ਤਾਲ ਮੇਲ ਕਰਕੇ ਇਸ ਸਮੱਸਿਆ ਦਾ ਹੱਲ ਕਢਵਾਉਣਾ ਚਾਹੀਦਾ ਹੈ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।

ਇਨ੍ਹਾਂ ਜੰਗਲੀ ਥਾਵਾਂ ਦੀ ਉੱਚਿਤ ਵਰਤੋਂ ਕਰਕੇ ਦੋਵੇਂ ਮਸਲੇ ਹੱਲ ਕੀਤੇ ਜਾ ਸਕਦੇ ਹਨ।ਇਲਾਕੇ ਦੇ ਬੱਚਿਆਂ ਦੇ ਮਨਪ੍ਰਚਾਵੇ ਲਈ ਇਨ੍ਹਾਂ ਥਾਵਾਂ ਤੇ ਛੋਟਾ ਜਿਹਾ 'ਚਿੜੀਆ ਘਰ' ਬਣਾ ਕੇ ਉਨ੍ਹਾਂ ਦੇ ਵਹਿਲੇ ਸਮੇਂ ਨੂੰ ਉਸਾਰੂ ਪਾਸੇ ਲਾਉਣ ਲਈ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ ਕਿਉਂਕਿ ਜੰਗਲੀ ਜੀਵ ਅਤੇ ਜੰਗਲਾਤ ਮੰਤਰੀ ਵੀ ਸਬੱਬ ਨਾਲ ਨਾਭਾ ਹਲਕੇ ਦੇ ਹੀ ਹਨ, ਉਹ ਇਸ ਨੇਕ ਕੰਮ ਨੂੰ ਕਰਵਾ ਕੇ ਹਮੇਸ਼ਾਂ ਲਈ ਹਲਕੇ ਦੇ ਲੋਕਾਂ ਤੋਂ ਵਾਹ ਵਾਹ ਖੱਟ ਸਕਦੇ ਹਨ।ਚੋਧਰੀ ਮਾਜਰਾ ਪੂਲੀ ਤੋਂ ਲੈ ਕੇ ਬੀੜ ਤੱਕ ਸੜਕ ਦੇ ਨਾਲ ਜਾਂਦੇ ਰਜਬਾਹੇ ਨੂੰ ਪੱਕਾ ਕਰਵਾ ਦਿੱਤਾ ਜਾਵੇ ਅਤੇ ਇਸ ਦੀ ਪਟੜੀ ਸੈਰ ਕਰਨ ਵਾਲਿਆਂ ਲਈ ਪੱਕੀ ਕਰਵਾ ਕੇ ਆਲੇ ਦੁਆਲੇ ਰੰਗ ਦਾਰ ਬੂਟੇ ਲਗਵਾ ਦਿੱਤੇ ਜਾਣ ਤਾਂ ਇਸ ਇਤਿਹਾਸਕ ਸ਼ਹਿਰ ਦੀ ਸ਼ਾਨ ਵੀ ਵੱਧੇਗੀ। ਇਸ ਤਰ੍ਹਾਂ ਲੋਕਾਂ ਲਈ ਸਿਰਦਰਦੀ ਬਣਿਆ ਇਹ ਏਰੀਆ ਲੋਕਾਂ ਲਈ ਰਮਣੀਕ ਬਣ ਸਕਦਾ ਹੈ। ਮਹਿਕਮੇ ਵਲੋਂ ਸੜਕ ਦੇ ਆਲੇ ਦੁਆਲੇ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਕਟਾਈ ਕਰਵਾ ਕੇ ਇਸ ਥਾਂ ਨਵੇਂ ਫਲਦਾਰ ਅਤੇ ਛਾਂਦਾਰ ਕੀਮਤੀ ਲਕੜੀ ਵਾਲੇ ਪੌਦੇ / ਬੂਟੇ ਲਾਏ ਜਾਣ ਜੋ ਕਿ ਜੰਗਲੀ ਜਾਨਵਰਾਂ ਲਈ ਜੀਵਤ ਰਹਿਣ ਲਈ ਵੀ ਸਹਾਈ ਹੋਣਗੇ।ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸੰਭਾਲ ਵੀ ਕੀਤੀ ਜਾ ਸਕਦੀ ਹੈ।

**ਦਾਨੀ ਸਜਣ ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ'ਚ ਵਿਘਣ ਵੀ ਪੈਂਦਾ ਹੈ । ਜਿਥੇ ਸਰਕਾਰ ਨੇ ਬੀੜ ਦੇ ਦੁਆਲੇ ਖੇਤਾਂ ਦੇ ਉਜਾੜੇ ਨੂੰ ਰੋਕਣ ਲਈ ਜਾਲੀਦਾਰ ਵਾੜ ਲਗਾਈ ਹੈ ਉਥੇ ਬੀੜ ਦੇ ਏਰੀਏ ਵਿੱਚ ਸੜਕ ਦੇ ਦੋਨਾਂ ਪਾਸੇ ਵੀ ਉੱਚੀ ਜਾਲੀਦਾਰ ਵਾੜ ਲਗਾਈ ਜਾਵੇ ਤਾਂ ਜੋ ਇਹ ਜੰਗਲੀ ਜਾਨਵਰ / ਡੰਗਰ ਸੜਕ ਤੇ ਆ ਕੇ ਰਾਹਗੀਰਾਂ ਲਈ ਪ੍ਰੇਸ਼ਾਨੀ ਪੈਦਾ ਨਾ ਕਰਨ।**

# ਦੇਸ਼ ਅਤੇ ਸਮਾਜ ਦੇ ਸੁਨਿਹਰੀ ਭਵਿੱਖ ਲਈ ਬਾਲ ਮਜ਼ਦੂਰੀ ਦਾ ਖਾਤਮਾ ਕਰਨਾ ਜਰੂਰੀ



ਕੁਲਦੀਪ ਚੰਦ
91-9417563054

ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ 12 ਜੂਨ ਨੂੰ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਸਾਲ 2020 ਦਾ ਉਦੇਸ਼ ਬੱਚਿਆਂ ਨੂੰ ਬਾਲ ਮਜ਼ਦੂਰੀ ਤੋਂ ਬਚਾਓ, ਹੁਣ ਪਹਿਲਾਂ ਨਾਲੋਂ ਕਿਤੇ ਵੱਧ। ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਦੀ ਸ਼ੁਰੂਆਤ ਅੰਤਰਰਾਸ਼ਟਰੀ ਮਜਦੂਰ ਸੰਗਠਨ ਵਲੋਂ ਸਾਲ 2002 ਵਿੱਚ ਕੀਤੀ ਗਈ ਹੈ ਅਤੇ ਇਸਦਾ ਮੁੱਖ ਟੀਚਾ ਲੋਕਾਂ ਨੂੰ ਇੱਕਜੁੱਟ ਹੋ ਕੇ ਬਾਲ ਮਜ਼ਦੂਰੀ ਦੀ ਸਮੱਸਿਆ ਦਾ ਹੱਲ ਕਰਨ ਦੀ ਅਪੀਲ ਕਰਨਾ ਹੈ। ਬਾਲ ਮਜਦੂਰੀ ਵੱਡੀ ਸਮਾਜਿਕ ਬੁਰਾਈ ਹੈ ਅਤੇ ਸਮਾਜ ਲਈ ਸ਼ਰਾਪ ਹੈ। ਬਚਪਨ ਜ਼ਿੰਦਗੀ ਦਾ ਸਭ ਤੋਂ ਸੋਹਣਾ ਅਤੇ ਯਾਦਗਾਰ ਸਫਰ ਹੁੰਦਾ ਹੈ। ਮਾਂ ਦੀ ਮਮਤਾ, ਪਿਤਾ ਦਾ ਪਿਆਰ, ਦੋਸਤਾਂ ਦਾ ਸਾਥ, ਸਕੂਲ ਦੀ ਮੌਜ਼ ਸ਼ਾਇਦ ਨਾਂ ਭੁੱਲਣ ਯੋਗ ਯਾਦਾਂ ਹੁੰਦੀਆਂ ਹਨ ਪਰ ਅਜਿਹਾ ਖੁਸ਼ਹਾਲ ਬਚਪਨ ਹਰ ਇੱਕ ਬੱਚੇ ਨੂੰ ਨਸੀਬ ਨਹੀਂ ਹੁੰਦਾ ਹੈ। ਵਿਕਾਸਸ਼ੀਲ ਦੇਸ਼ਾਂ ਦੇ ਬਹੁਤੇ ਬੱਚੇ ਅਜਿਹੇ ਬਚਪਨ ਨੂੰ ਤਰਸਦੇ ਹੀ ਰਹਿ ਜਾਂਦੇ ਹਨ ਅਤੇ ਉਨ੍ਹਾਂ ਦਾ ਬਚਪਨ ਇੱਕ ਸ਼ਰਾਪ ਬਣਕੇ ਰਹਿ ਜਾਂਦਾ ਹੈ। ਬਹੁਤੇ ਬੱਚਿਆਂ ਨੂੰ ਬਚਪਨ ਵਿੱਚ ਖੇਡਣ ਅਤੇ ਪੜ੍ਹਣ ਦੀ ਥਾਂ ਕੰਮ ਕਰਨਾ ਪੈਂਦਾ ਹੈ। ਭਾਰਤ ਸਮੇਤ ਲਗਭੱਗ ਸਾਰੇ ਵਿਕਾਸਸ਼ੀਲ ਦੇਸ਼ ਅਤੇ ਇੱਥੋਂ ਤੱਕ ਕਿ ਕਈ ਵਿਕਸਿਤ ਦੇਸ਼ਾਂ ਵਿੱਚ ਵੀ ਬਾਲ ਮਜ਼ਦੂਰ ਦੇਖਣ ਨੂੰ ਮਿਲਦੇ ਹਨ। ਚਾਹ ਵਾਲੇ ਦੀ ਦੁਕਾਨ ਹੋਵੇ ਜਾਂ ਕੋਈ ਹੋਟਲ, ਦੁਕਾਨ, ਖੇਤੀਬਾੜੀ, ਇੱਟਾਂ ਦਾ ਭੱਠਾ ਆਦਿ ਵਿੱਚ ਬਾਲ ਮਜ਼ਦੂਰਾਂ ਦੀ ਵੱਡੀ ਗਿਣਤੀ ਵੇਖਣ ਨੂੰ ਮਿਲਦੀ ਹੈ, ਚੂੜੀਆਂ ਬਣਾਉਣ, ਪਟਾਖੇ ਬਣਾਉਣ, ਕਾਰਪੈਟ ਬਣਾਉਣ ਅਤੇ ਹੋਰ ਖਤਰਨਾਕ ਕੰਮਾ ਵਿੱਚ ਵੀ ਬਾਲ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੁੰਦੇ ਹਨ। ਇਹਨਾਂ ਬੱਚਿਆਂ ਨੂੰ ਕੁਝ ਪੈਸੇ ਦੇਕੇ ਇਹਨਾਂ ਤੋਂ ਜ਼ਿਆਦਾ ਕੰਮ ਕਰਵਇਆ ਜਾਂਦਾ ਹੈ। ਘੱਟ ਪੈਸਿਆਂ ਵਿੱਚ ਇਹ ਬੱਚੇ ਵੱਡੇ ਮਜ-ਦੂਰਾਂ ਨਾਲੋਂ ਜ਼ਿਆਦਾ ਕੰਮ ਕਰਦੇ ਹਨ ਅਤੇ ਕਦੇ ਵਿਰੋਧ ਵੀ ਨਹੀਂ ਕਰਦੇ ਹਨ ਇਹੀ ਕਾਰਨ ਹੈ ਕਿ ਅਜਿਹੇ ਕਾਰਖਾਨਿਆਂ ਦੇ ਮਾਲਿਕ ਬੱਚਿਆਂ ਦਾ ਸ਼ੋਸਣ ਕਰਦੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਅੰਕੜਿਆਂ ਅਨੁਸਾਰ ਵਿਸ਼ਵ ਵਿੱਚ ਲੱਗਭੱਗ 218 ਮਿਲੀਅਨ ਬੱਚੇ ਮਜ਼ਦੂਰ ਦੇ ਰੂਪ ਵਿੱਚ ਕੰਮ ਕਰ ਰਹੇ ਹਨ ਅਤੇ ਇਹਨਾਂ ਵਿੱਚੋਂ 152 ਮਿਲੀਅਨ ਬੱਚਿਆਂ ਦੀ ਉਮਰ 05 ਤੋਂ 14 ਸਾਲ ਤੱਕ ਦੀ ਹੈ ਅਤੇ ਲੱਗਭੱਗ 73 ਮਿਲੀਅਨ ਬੱਚੇ ਖਤਰਨਾਕ ਕੰਮ ਕਰਦੇ ਹਨ। ਭਾਰਤ ਵਿੱਚ ਕੁੱਲ ਬੱਚਿਆਂ ਦੀ 3.9 ਫੀਸਦੀ ਜਨਸੰਖਿਆ ਬਾਲ ਮਜਦੂਰੀ ਵਜੋਂ ਕੰਮ ਕਰ ਰਹੀ ਹੈ ਅਤੇ ਕੁੱਲ ਮਜ਼ਦੂਰ ਸ਼ਕਤੀ ਦਾ ਲਗਭੱਗ 3.6 ਫੀਸਦੀ ਹਿੱਸਾ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹੀ ਹੈ। ਲਗਭੱਗ 85 ਫੀਸਦੀ ਬਾਲ ਮਜਦੂਰ ਖੇਤੀਬਾੜੀ ਦੇ ਕੰਮਾਂ ਵਿੱਚ ਲੱਗੇ ਹੋਏ ਹਨ, ਲੱਗਭੱਗ 9 ਫੀਸਦੀ ਉਤਪਾਦਨ, ਸੇਵਾ ਅਤੇ ਮੁਰੰਮਤ ਦੇ ਕੰਮਾਂ ਵਿੱਚ ਲੱਗੇ ਹੋਏ ਹਨ, ਲੱਗਭੱਗ 0.8 ਫੀਸਦੀ ਬਾਲ ਮਜ਼ਦੂਰ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 2001 ਦੀ ਜਨਗਣਨਾ ਅਨੁਸਾਰ ਦੇਸ਼ ਵਿੱਚ ਲੱਗਭੱਗ 12.7 ਮਿਲੀਅਨ ਬਾਲ ਮਜ਼ਦੂਰ ਸਨ ਅਤੇ ਸਾਲ 2011 ਦੀ ਜਨਗਣਨਾ ਅਨੁਸਾਰ ਲੱਗਭੱਗ 10.1 ਮਿਲੀਅਨ ਬਾਲ ਮਜ਼ਦੂਰ ਸਨ। ਸਾਲ 2011 ਦੀ ਜਨਗਣਨਾ ਅਨੁਸਾਰ ਉੱਤਰ ਪ੍ਰਦੇਸ਼ ਵਿੱਚ ਲੱਗਭੱਗ 2.18 ਮਿਲੀਅਨ, ਬਿਹਾਰ ਵਿੱਚ ਲੱਗਭੱਗ 1.09 ਮਿਲੀਅਨ, ਰਾਜਸਥਾਨ ਵਿੱਚ ਲੱਗਭੱਗ 0.85 ਮਿਲੀਅਨ, ਮਹਾਰਾਸ਼ਟਰ ਵਿੱਚ ਲੱਗਭੱਗ 0.73 ਮਿਲੀਅਨ, ਮੱਧ ਪ੍ਰਦੇਸ਼ ਵਿੱਚ ਲੱਗਭੱਗ 0.73 ਮਿਲੀਅਨ ਵਿੱਚ ਲੱਗਭੱਗ 0.70 ਮਿਲੀਅਨ ਬਾਲ ਮਜ਼ਦੂਰ ਵੱਖ ਵੱਖ ਕੰਮ ਕਰਦੇ ਹਨ। ਪੰਜਾਬ ਵਿੱਚ 2001 ਦੀ ਜਨਗਣਨਾ ਅਨੁਸਾਰ 177268 ਬਾਲ ਮਜ਼ਦੂਰ ਸਨ ਅਤੇ ਸਾਲ 2011 ਦੀ ਜਨਗਣਨਾ ਅਨੁਸਾਰ ਇਹ ਗਿਣਤੀ ਘੱਟ ਹੋ ਗਈ ਹੈ ਅਤੇ 90353 ਬਾਲ ਮਜ਼ਦੂਰ ਹਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2001 ਦੀ ਜਨਗਣਨਾ ਅਨੁਸਾਰ 3779 ਬਾਲ ਮਜ਼ਦੂਰ ਸਨ ਅਤੇ 2011 ਵਿੱਚ 3135 ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ 2001 ਵਿੱਚ 41899 ਬਾਲ ਮਜ਼ਦੂਰ ਸਨ ਅਤੇ 2011 ਵਿੱਚ 26473 ਹਨ।

ਬਾਲ ਮਜ਼ਦੂਰੀ ਦਾ ਸਭ ਤੋਂ ਵੱਡਾ ਕਾਰਨ ਗਰੀਬੀ, ਬੇਰੁਜ਼ਗਾਰੀ ਅਤੇ ਜਿਆਦਾ ਜਨਸੰਖਿਆ ਹੈ। ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਰਾਜਸਥਾਨ ਤੇ ਅਸਾਮ ਵਰਗੇ ਸੂਬਿਆਂ ਦੇ ਪਿੰਡਾਂ ਵਿੱਚ ਫੈਲੀ ਗਰੀਬੀ ਤੇ ਬੇਰੁਜ਼ਗਾਰੀ ਕਰਕੇ ਲੋਕ ਆਪਣੇ ਬੱਚਿਆਂ ਨੂੰ ਦਿੱਲੀ, ਮੁੰਬਈ, ਪੰਜਾਬ ਹੋਰ ਰਾਜਾਂ ਵਿੱਚ ਮਜ਼ਦੂਰੀ ਕਰਨ ਲਈ ਭੇਜ ਦਿੰਦੇ ਹਨ। ਗਰੀਬੀ, ਮਜ਼ਬੂਰੀ ਅਤੇ ਮਾਤਾ-ਪਿਤਾ ਵੱਲੋਂ ਦਬਾਅ ਬਣਾਏ ਜਾਣ ਕਰਕੇ ਇਹ ਬੱਚੇ ਬਾਲ ਮਜ਼ਦੂਰੀ ਦੀ ਦਲਦਲ ਵਿੱਚ ਫਸ ਜਾਂਦੇ ਹਨ। ਹਰ ਸਾਲ ਵੱਡੀ ਗਿਣਤੀ ਵਿੱਚ ਬੱਚੇ ਖ੍ਰੀਦੇ-ਵੇਚੇ ਜਾਂਦੇ ਹਨ ਅਤੇ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਏ ਜਾਂਦੇ ਹਨ। ਅਜਿਹੇ ਬੱਚੇ ਗੈਰਕਾਨੂੰਨੀ ਤਰੀਕੇ ਨਾਲ ਦੂਸਰੀਆਂ ਥਾਵਾਂ ਤੇ ਲਿਜਾਕੇ ਉਨ੍ਹਾਂ ਦਾ ਸ਼ਰੀਰਕ ਅਤੇ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। ਕੋਵਿਡ-19 ਸਬੰਧੀ ਹੋਏ ਤਾਲਾਬੰਦੀ ਦੌਰਾਨ ਭਾਰਤ ਦੇ ਵੱਡੇ ਸ਼ਹਿਰਾਂ ਤੋਂ ਪਿੰਡਾਂ ਵੱਲ ਵਾਪਸ ਜਾਣ ਵਾਲੇ ਪ੍ਰਵਾਸੀ ਮਜਦੂਰਾਂ ਵਿੱਚ ਬੱਚਿਆਂ ਦੀ ਵੱਡੀ ਗਿਣਤੀ ਇਹ ਸਾਬਤ ਕਰਦੀ ਹੈ ਕਿ ਸਰਕਾਰਾਂ ਦੇ ਦਾਅਵਿਆਂ ਦੇ ਬਾਬਜੂਦ ਬੱਚੇ ਮਜਦੂਰੀ ਕਰਦੇ ਹਨ। ਦੇਸ਼ ਵਿੱਚ ਹਰ ਸਾਲ ਲੱਗਭੱਗ 10.2 ਲੱਖ ਬੱਚਿਆਂ ਦੀ ਤਸਕਰੀ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਜ਼ਿਆਦਾ ਨੂੰ ਖਤਰਨਾਕ ਕੰਮਾ ਤੇ ਲਗਾਇਆ ਜਾਂਦਾ ਹੈ। ਭਾਰਤ ਵਿੱਚ ਜਿਆਦਾ ਤਸਕਰੀ ਆਂਧਰਾ ਪ੍ਰਦੇਸ਼, ਬਿਹਾਰ, ਕਰਨਾਟਕ, ਉਤਰ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ, ਝਾਰਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਪੱਛਮੀ ਬੰਗਾਲ ਤੋਂ ਹੁੰਦੀ ਹੈ।

ਬੱਚਿਆਂ ਦੇ ਵਿਕਾਸ ਅਤੇ ਸ਼ੋਸ਼ਣ ਨੂੰ ਰੋਕਣ ਲਈ ਬਣਾਏ ਗਏ ਕਾਨੂੰਨ ਸਿਰਫ ਕਾਗਜ਼ਾਂ ਤੱਕ ਹੀ ਸੀਮਿਤ ਜਾਪਦੇ ਹਨ। ਗਰੀਬੀ ਕਰਕੇ ਅੱਜ ਕਰੋੜ੍ਹਾਂ ਬੱਚੇ ਸਕੂਲਾਂ ਵਿੱਚ ਕਾਪੀਆਂ-ਕਿਤਾਬਾਂ ਅਤੇ ਦੋਸਤਾਂ ਦੇ ਵਿਚਕਾਰ ਨਹੀਂ, ਬਲਕਿ ਹੋਟਲਾਂ, ਖੇਤਾਂ , ਘਰਾਂ, ਉਦਯੋਗਾਂ ਵਿੱਚ ਕੰਮ ਕਰਕੇ ਗੁਜਾਰਦੇ ਹਨ। ਬੇਸ਼ੱਕ ਸਰਕਾਰ ਵਲੋਂ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਜਿਸ ਅਨੁਸਾਰ 06 ਤੋਂ 14 ਸਾਲ ਦੇ ਹਰ ਬੱਚੇ ਲਈ ਲਾਜਮੀ ਅਤੇ ਮੁਫੱਤ ਵਿਦਿੱਆ ਦਾ ਇੰਤਜਾਮ ਕੀਤਾ ਗਿਆ ਹੈ। ਭਾਰਤ ਸਰਕਾਰ ਰਾਜਾਂ ਦੇ ਸਹਿਯੋਗ ਨਾਲ ਬਾਲ ਮਜ਼ਦੂਰੀ ਖਤਮ ਕਰਨ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕੋਸ਼ਿਸ਼ਾਂ ਕਰ ਰਹੀ ਹੈ। ਇਸ ਟੀਚੇ ਨੂੰ ਹਾਸਿਲ ਕਰਨ ਦੇ ਲਈ ਸਰਕਾਰ ਨੇ ਰਾਸ਼ਟਰੀ ਬਾਲ ਮਜ਼ਦੂਰ ਪਰਿਯੋਜਨਾ ਵਰਗੇ ਮਹੱਤਵਪੂਰਨ ਕਦਮ ਚੁੱਕੇ ਹਨ। ਇਸ ਪਰਿਯੋਜਨਾ ਦੁਆਰਾ ਹਜ਼ਾਰਾਂ ਬੱਚਿਆਂ ਨੂੰ ਸੁਰੱਖਿਅਤ ਬਚਾਇਆ ਗਿਆ ਹੈ। ਇਸ ਪਰਿਯੋਜਨਾ ਦੁਆਰਾ ਚਲਾਏ ਜਾ ਰਹੇ ਵਿਸ਼ੇਸ਼ ਸਕੂਲਾਂ ਵਿੱਚ ਉਹਨਾਂ ਦਾ ਪੁਨਰਵਾਸ ਵੀ ਕੀਤਾ ਗਿਆ ਹੈ।

ਸਰਕਾਰ ਵਲੋਂ ਬੱਚਿਆਂ ਦੇ ਅਧਿਕਾਰਾਂ ਲਈ ਬੇਸ਼ੱਕ ਬਾਲ ਆਯੋਗ ਬਣਾਇਆ ਗਿਆ ਹੈ ਪਰੰਤੂ ਇਹ ਆਯੋਗ ਵੀ ਕਈ ਵਾਰ ਬੱਚਿਆਂ ਦੀਆਂ ਸਮੱਸਿਆਵਾਂ ਪ੍ਰਤੀ ਚੁੱਪੀ ਧਾਰਕੇ ਰੱਖਦਾ ਹੈ ਅਤੇ ਕਈ ਵਾਰ ਰਾਜਨੀਤਿਕ ਪ੍ਰਭਾਵ ਅਧੀਨ ਹੀ ਕਾਰਵਾਈ ਕਰਦਾ ਹੈ। ਸਰਕਾਰ ਵਲੋਂ ਬੱਚਿਆਂ ਦੀ ਸੁਰੱਖਿਆ ਅਤੇ ਮੱਦਦ ਲਈ ਚਾਇਲਡ ਹੈਲਪਲਾਇਨ 1098 ਸ਼ੁਰੁ ਕੀਤੀ ਗਈ ਹੈ ਜਿਸ ਅਧੀਨ ਵੱਖ ਵੱਖ ਰਾਜਾਂ ਦੇ ਵੱਖ ਵੱਖ ਜਿਲ੍ਹਿਆਂ ਵਿੱਚ ਦੱਫਤਰ ਖੋਲੇ ਗਏ ਹਨ ਅਤੇ ਇਨ੍ਹਾਂ ਦੇ ਰੱਖ ਰਖਾਵ ਲਈ ਹਰ ਮਹੀਨੇ ਲੱਖਾ ਰੁਪਏ ਖਰਚੇ ਜਾਂਦੇ ਹਨ। ਇਸ ਨੰਬਰ ਤੇ ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾ ਸਬੰਧੀ ਬੇਸ਼ੱਕ ਰੋਜਾਨਾਂ ਹਜਾਰਾਂ ਸ਼ਿਕਾਇਤਾਂ ਦਰਜ਼ ਹੁੰਦੀਆਂ ਹਨ ਪ੍ਰੰਤੂ ਅਕਸਰ ਹੀ ਇਨ੍ਹਾਂ ਸ਼ਿਕਾਇਤਾਂ ਤੇ ਕੋਈ ਠੋਸ ਕਾਰਵਾਈ ਨਹੀਂ ਹੁੰਦੀ ਹੈ। ਬੱਚਿਆ ਦੀਆਂ ਸ਼ਿਕਾਇਤਾਂ ਲਈ ਕਾਰਵਾਈ ਕਰਨ ਨੂੰ ਕੋਈ ਵੀ ਅਧਿ-ਕਾਰੀ ਪਹਿਲ ਨਹੀਂ ਕਰਦਾ ਹੈ ਅਤੇ ਬਹੁਤੀਆਂ ਸ਼ਿਕਾਇਤਾਂ ਦਾ ਅਕਸਰ ਕੋਈ ਠੋਸ ਹੱਲ ਨਹੀਂ ਹੁੰਦਾ ਹੈ। ਬਾਲ ਮਜਦੂਰੀ ਦੇ ਖਾਤਮੇ ਲਈ ਬਣਾਏ ਗਏ ਕਨੂੰਨ ਵਿੱਚ ਸੋਧ ਕਰਕੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਬਿਨਾਂ ਖਤਰੇ ਵਾਲੇ ਘਰੇਲੂ ਕਾਰੋਬਾਰ ਵਿੱਚ ਕੰਮ ਕਰਨ ਦੀ ਮੰਜ਼ੂਰੀ ਦੇ ਦਿੱਤੀ ਹੈ ਹਾਲਾਂਕਿ ਇਹ ਮੰਜ਼ੂਰੀ ਛੁੱਟੀਆਂ ਦੇ ਦਿਨ ਅਤੇ ਸਕੂਲ ਸਮੇਂ ਤੋਂ ਬਾਅਦ ਲਈ ਦਿੱਤੀ ਗਈ ਹੈ, ਪਰ ਇਸ ਨਾਲ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਤੇ ਅਸਰ ਪਵੇਗਾ। ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਕਾਨੂੰਨ ਵਿੱਚ ਬਾਲ ਮਜ਼ਦੂਰੀ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਇਹ ਪਾਬੰਦੀ ਸਿਰਫ ਖਤਰਨਾਕ ਉਦਯੋਗਾਂ ਤੱਕ ਹੀ ਸੀਮਤ ਨਾ ਹੋਵੇ, ਬਲਕਿ ਸਾਰੇ ਉਦਯੋਗਾਂ ਲਈ ਹੋਵੇ। ਬਾਲ ਮਜਦੂਰੀ ਰੋਕਣ ਲਈ ਹੋਣ ਵਾਲੀ ਛਾਪੇਮਾਰੀ ਖਾਨਾਪੂਰਤੀ ਹੀ ਨਾਂ ਹੋਵੇ। ਸਿੱਖਿਆ ਦੇ ਅਧਿਕਾਰ ਨੂੰ ਸੱਖਤੀ ਨਾਲ ਲਾਗੂ ਕੀਤਾ ਜਾਵੇ। ਬਾਲ ਮਜਦੂਰੀ ਕਰਵਾਉਣ ਵਾਲੇ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕੀਤੀ ਜਾਵੇ, ਬਾਲ ਮਜ਼ਦੂਰੀ ਦੇ ਖਾਤਮੇ ਲਈ ਠੋਸ ਯੋਜਨਾਵਾਂ ਉਲੀਕੀਆਂ ਜਾਣ ਅਤੇ ਅਜਿਹੀਆਂ ਯੋਜਨਾਵਾਂ ਸੱਖਤੀ ਨਾਲ ਲਾਗੂ ਕੀਤੀਆਂ ਜਾਣ।

ਦੇਸ਼ ਅਤੇ ਸਮਾਜ ਦੇ ਵਿਕਾਸ ਲਈ ਦੇਸ਼ ਦਾ ਭਵਿੱਖ ਬੱਚਿਆਂ ਦਾ ਸੁਰਖਿੱਅਤ ਅਤੇ ਤੰਦਰੁਸਤ ਹੋਣਾ ਜਰੂਰੀ ਹੈ। ਅੱਜ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਹਰ ਸਾਲ ਵਾਂਗ ਵੱਡੇ ਵੱਡੇ ਭਾਸਣ ਹੋਣਗੇ ਅਤੇ ਬੱਚਿਆਂ ਦੀ ਭਲਾਈ ਲਈ ਕਈ ਯੋਜਨਾਵਾਂ ਦਾ ਐਲਾਨ ਹੋਵੇਗਾ ਪਰ ਜਰੂਰਤ ਹੈ ਇਨਾਂ ਯੋਜਨਾਵਾਂ ਅਤੇ ਬੱਚਿਆਂ ਦੀ ਭਲਾਈ ਲਈ ਬਣੇ ਕਨੂੰਨਾ ਦੀ ਸੱਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਇਸ ਵਿੱਚ ਅਣਗਹਿਲੀ ਵਰਤਣ ਵਾਲੇ ਅਧਿਕਾਰੀਆਂ ਖਿਲਾਫ ਸੱਖਤ ਕਰਵਾਈ ਕੀਤੀ ਜਾਵੇ ਨਹੀਂ ਤਾਂ ਇਹ 12 ਜੂਨ ਦਾ ਦਿਨ ਵੀ ਇੱਕ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ ਅਤੇ ਦੇਸ਼ ਦਾ ਭਵਿੱਖ ਬੱਚੇ ਮਜਦੂਰੀ ਦੀ ਦਲਦੱਲ ਵਿੱਚ ਫਸੇ ਰਹਿਣਗੇ। ਸਾਨੂੰ ਸਭਨੂੰ ਮਿਲਕੇ ਇਸ ਸਮਾਜਿਕ ਸਮੱਸਿਆ ਦੇ ਹੱਲ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ।




# ਸਿੱਖ ਪੰਥ ਦਾ ਅਨਮੋਲ ਹੀਰਾ, ਪ੍ਰਵਾਸੀ ਲੇਖਕ : ਦਵਿੰਦਰ ਸਿੰਘ ਥੰਮਣਵਾਲ (ਹਾਲੈਂਡ)



ਪ੍ਰੀਤਮ ਲੁਧਿਆਣਵੀ
9876428641

ਕਹਾਣੀ, ਨਾਵਲ, ਜਾਂ ਗੀਤ-ਕਾਵਿਤਾਵਾਂ ਲਿਖਣਾ ਹਾਰੀ-ਸਾਰੀ ਦਾ ਕੰਮ ਨਹੀਂ। ਇਕ ਰੱਬ ਦੀ ਬਖਸ਼ਿਸ਼ ਅਤੇ ਦੂਜਾ ਇਸ ਲੇਖਨ ਕਲਾ ਨੂੰ ਸ਼ੌਕ, ਮਿਹਨਤ ਤੇ ਲਗਨ ਨਾਲ ਬੰਦੇ ਨੂੰ ਤਪੱਸਿਆ ਕਰਨੀ ਆ ਜਾਵੇ, ਤਦ ਹੀ ਇਹ ਬੰਦੇ ਦੇ ਹੱਥ ਆਉਂਦੀ ਹੈ। ਇਹ ਰੱਬ ਦੀ ਬਖਸ਼ਿਸ ਹੋਈ ਹੈ ਸ. ਦਵਿੰਦਰ ਸਿੰਘ ਥੰਮਣਵਾਲ ਉਤੇ।

ਦਵਿੰਦਰ ਸਿੰਘ ਦਾ ਜਨਮ 1955 ਨੂੰ ਪਿੰਡ ਥੰਮਣਵਾਲ, ਤਹਿਸੀਲ ਫਿਲੌਰ, ਜਿਲਾ-ਜਲੰਧਰ ਵਿਖੇ ਸ. ਗਰੀਬ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ। ਪਰਿਵਾਰ ਦਾ ਰਹਿਣ-ਸਹਿਣ ਨਿਰੋਲ ਪੇਂਡੂ ਸੀ। ਛੇ ਭਰਾਵਾਂ ਤੇ ਇੱਕ ਭੈਣ ਦੇ ਵੀਰ ਦਵਿੰਦਰ ਨੇ ਮੁਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ, ਦਸਵੀਂ ਹਾਈ ਸਕੂਲ ਬਿਲਗਾ ਤੋਂ ਅਤੇ ਉਚੇਰੀ ਸਿੱਖਿਆ ਡੀ. ਏ. ਵੀ. ਕਾਲਜ ਨਕੋਦਰ ਤੋਂ ਹਾਸਿਲ ਕੀਤੀ। ਕਾਲਜ ਦੌਰਾਨ ਖੇਡ ਮੁਕਾਬਲਿਆਂ ਵਿੱਚ ਚੰਗੇ ਦੌੜਾਕ ਵਜੋਂ ਜਿੱਤਾਂ ਪ੍ਰਾਪਤ ਕਰਕੇ ਦਵਿੰਦਰ ਨੇ ਚੰਗੇ ਮਾਣ-ਸਨਮਾਨ ਹਾਸਿਲ ਕਰਦਿਆਂ ਚੰਗਾ ਨਾਮਨਾ ਖੱਟਿਆ। ਉਸ ਨੂੰ ਉਸਤਾਦ ਗੁਰਮੀਤ ਸਿੰਘ ਗੁੰਮਟਾਲੀ ਤੋਂ ਕਾਫ਼ੀ ਗਿਆਨ ਮਿਲਿਆ। ਇਸੇ ਦੌਰਾਨ ਐਨ ਸੀ. ਸੀ. ਤੇ ਬੀ. ਏ. ਪੂਰੀ ਕੀਤੀ। ਲਿਖਣ ਦੀ ਸ਼ੁਰੂਆਤ ਬਾਰੇ ਗੱਲਬਾਤ ਕਰਦਿਆਂ ਦਵਿੰਦਰ ਨੇ ਦੱਸਿਆ ਕਿ ਪਿੰਡ ਵਿੱਚ ਕਿਸੇ ਘਰ 'ਚ ਲੱਗੇ ਇੱਕ ਗਰੀਬ ਨੌਕਰ ਕੋਲੋਂ ਉਸ ਦੀ ਕਹਾਣੀ ਸੁਣ ਕੇ ਉਸ ਦਾ ਹਿਰਦਾ ਝੰਜੋੜਿਆ ਗਿਆ ਅਤੇ ਉਸ ਦੇ ਬਾਰੇ ਲਿਖਣ ਤੋਂ ਉਸ ਨੂੰ ਕਿਤਾਬ ਲਿਖਣ ਦੀ ਚੇਟਕ ਲੱਗ ਗਈ। ਉਸ ਕਿਤਾਬ ਦਾ ਖਰੜਾ ਸੋਧ ਕੇ ਛਪਾਉਣ ਲਈ ਰੱਖ ਲਿਆ ਤੇ ਉਧਰ ਕਲਮ ਦਿਨ-ਬ-ਦਿਨ ਚੱਲਦੀ ਰਹੀ।

ਦਵਿੰਦਰ ਦੀ ਰੋਟੀ-ਰੋਜ਼ੀ ਮਾਲਕ ਨੇ ਪ੍ਰਦੇਸ਼ 'ਚ ਲਿਖੀ ਹੋਈ ਸੀ। ਇਸ ਲਈ 1976 ਵਿੱਚ ਅਫ਼ਗਾਨਿਸਥਾਨ, ਤੁਰਕੀ ਤੇ ਹੋਰ ਕਈ ਦੇਸ਼ਾਂ ਚੋਂ ਹੁੰਦੇ ਹੋਏ ਉਹ ਜ਼ਰਮਨ, ਹੋਲੈਂਡ ਜਾ ਪੁੱਜੇ। ਕੁੱਝ ਮਹੀਨਿਆ ਵਿੱਚ ਇੱਥੇ ਪਰਮ-ਮਿੱਤਰ ਦੀ ਮਦਦ ਨਾਲ ਵਿਆਹ ਕਰਵਾ ਕੇ ਪੱਕੇ ਹੋ ਗਏ। ਬੇਟੇ ਪ੍ਰੇਮ ਜੀਤ ਸਿੰਘ, ਬੇਟੀ ਸੰਗੀਤਾ ਮਨਬੀਰ ਕੌਰ ਦੇ ਜਨਮ ਤੋਂ ਬਾਅਦ 1982 'ਚ ਆਪਣਾ ਕੰਮ ਸੁਰੂ ਕਰਨ ਦੇ ਨਾਲ-ਨਾਲ ਸਾਹਿਤ ਦਾ ਸਫ਼ਰ ਵੀ ਉਸ ਉਚੇਚੇ ਤੌਰ ਤੇ ਜਾਰੀ ਰੱਖਿਆ। ਸਭ ਤੋਂ ਪਹਿਲਾਂ ਕਿਤਾਬ, ''ਕਿਰਤਿ ਕਰਮੁ ਕੇ ਵੀਛੁੜੇ'' ਨੂੰ ਨਾਵਲ ਦੇ ਰੂਪ ਵਿੱਚ ਛਪਵਾਇਆ। ਇਸੇ ਦੌਰਾਨ ਇੰਗਲੈਂਡ ਦੀਆਂ ਕਈ ਅਖ਼ਬਾਰਾਂ ਲਈ ਆਰਟੀਕਲ ਵੀ ਲਿਖੇ।



ਫਿਰ ਕਿਤਾਬਾਂ ਛਪਵਾਉਣ ਦਾ ਸਿਲਸਿਲਾ ਸਰਗਰਮੀ ਨਾਲ ਚੱਲ ਪਿਆ। ''ਸਤਿਗੁਰੂ ਨਾਨਕ ਪ੍ਰਗਟਿਆ'', '' ਵਾਹੋ ਵਾਹੋ ਗੁਰੂ ਗੋਬਿੰਦ ਸਿੰਘ ਜੀ'', ''ਗੁਰੂ ਤੇਗ਼ ਬਹਾਦਰ ਸਿਮਰੀਐ'', ''ਐਸੀ ਲਾਲ ਤੁਝ ਬਿਨ ਕਾਉਨੁ ਕਰੇ'', ''ਜਿਸ ਡਿਠੇ ਸਭ ਦੁਖ ਜਾਇ'', ''ਗੁਰੂ ਨਾਨਕ ਗੁਰਦੁਵਾਰਾ ਐਮਸਟਰਡਮ (ਹਾਲੈਂਡ)'','' ਪੰਜਾਬੀ ਦੁਨੀਆਂ ਕਿਤਾਬਾਂ ਆਦਿ ਧਾਰਮਿਕ ਪੁਸਤਕਾਂ ਨਾਲ ਸਿੱਖੀ ਦੇ ਖ਼ਜ਼ਾਨੇ ਨੂੰ ਭਰਪੂਰ ਕਰਨ ਵਿਚ ਅਹਿਮ ਯੋਗਦਾਨ ਪਾਇਆ। ਜ਼ਿਕਰ ਯੋਗ ਹੈ ਕਿ ਇਹ ਪੁਸਤਕਾਂ ਉਹ ਖੁਲ-ਦਿਲੀ ਨਾਲ ਅੱਜ ਵੀ ਮੁਫ਼ਤ ਵੰਡ ਰਹੇ ਹਨ। ਇਕ ਸਵਾਲ ਦਾ ਜੁਵਾਬ ਦਿੰਦਿਆਂ ਥੰਮਣਵਾਲ ਨੇ ਕਿਹਾ,''ਮੈਂ ਸੌ ਦੇ ਕਰੀਬ ਮਹੱਤਵ-ਪੂਰਨ ਕਿਤਾਬਾਂ ਲਿਖਕੇ ਰੱਖੀਆਂ ਹਨ, ਜੋ ਹੌਲੀ-ਹੌਲੀ ਪਾਠਕਾਂ ਦੇ ਰੂ-ਬ-ਰੂ ਆ ਜਾਣਗੀਆਂ।'' ਦਵਿੰਦਰ ਦੀ ਕਲਮ ਤੇ ਕਲਾ ਦੀ ਇੱਥੇ ਹੀ ਬਸ ਨਹੀਂ। ਉਨਾਂ ਨੇ, ''ਰੰਗ ਪ੍ਰੇਮ ਦਾ'', ''ਐਸਾ ਚਾਹੂੰ ਰਾਜ ਮੈਂ '' ਤੇ ''ਜੱਟ ਭਗਤ ਧੰਨਾ ਜੀ'' ਨਾਂਓ ਦੀਆਂ ਫਿਲਮਾਂ ਵੀ ਬਣਾਈਆਂ ਅਤੇ ਆਪਣੇ ਬੇਟੇ ਨੂੰ ਫ਼ਿਲਮਾਂ 'ਚ ਲਿਆਂਦਾ। ਇਸ ਤੋਂ ਇਲਾਵਾ ਸੁਪ੍ਰਸਿੱਧ ਗੀਤਕਾਰ ਤੇ ਗ਼ਜ਼ਲਗੋ ਸੁਰਿੰਦਰ ਜੱਕੋਪੁਰੀ ਦੀ ਪੇਸ਼ਕਾਰੀ ਵਿਚ ਜੈਲੇ ਸ਼ੇਖ਼ੂਪੁਰੀਏ ਦੀ ਅਵਾਜ਼ ਵਿੱਚ ਦਵਿੰਦਰ ਦੇ ਧਾਰਮਿਕ ਗੀਤ 2018 'ਚ ਰਿਕਾਰਡਿੰਗ ਦੇ ਜ਼ਾਮੇ ਵਿਚ ਕਲਾ-ਪ੍ਰੇਮੀਆਂ ਤੱਕ ਪਹੁੰਚੇ। ਜੋ ਖ਼ੂਬ ਚਰਚਾ ਦਾ ਵਿਸ਼ਾ ਬਣੇ। ਦੇਸ਼-ਵਿਦੇਸ਼ ਤੋਂ ਅਨੇਕਾਂ ਮਾਨ-ਸਨਮਾਨ ਆਪਣੀ ਝੋਲ਼ੀ ਪੁਆ ਚੁੱਕਾ ਇਹ ਕਲਮਕਾਰ ਹੁਣ ਕੁੱਝ ਵੱਡੇ ਫ਼ਿਲਮ ਪ੍ਰਜੈਕਟ ਕਰਨ ਜਾ ਰਿਹਾ ਹੈ। ਇਨਾਂ ਗਤੀ-ਵਿਧੀਆਂ ਤੋਂ ਇਲਾਵਾ ''ਪੰਜਾਬ ਦਰਸ਼ਨ '' ਤੇ ''ਸਤਿ ਭਾਖੈ ਰਵਿਦਾਸ '' ਵੈਬ ਟੀ. ਵੀ. ਵੀ ਕਲਮ ਦੇ ਇਸ ਤਪੱਸਵੀ ਵਲੋਂ ਚਲਾਏ ਜਾ ਰਹੇ ਹਨ।

ਦੇਵਿੰਦਰ ਦੇ ਸਮਾਜ-ਸੇਵੀ ਕਾਰਜਾਂ ਵੱਲ ਨਜ਼ਰ ਮਾਰੀਏ ਤਾਂ ਇੱਧਰ ਵੀ ਉਹ ਪਿੱਛੇ ਨਹੀ। ਉਸ ਵਲੋਂ ਸਮਾਜ ਦੇ ਕੰਮਾਂ ਲਈ ਵੀ ਸੇਵਾ ਚਲਦੀ ਰਹਿੰਦੀ ਹੈ। ਜ਼ਿੰਦਗੀ ਦੇ ਉਤਰਾ-ਚੜਾਅ ਨੂੰ ਗੁਰੂ ਭਰੋਸੇ ਰੱਖਣ ਵਾਲਾ ਦਵਿੰਦਰ ਸਿੰਘ, ਹਾਲੈਂਡ ਵਿਖੇ ਆਪਣੇ ਸ਼ਹਿਰ ਵਿੱਚ ਰਹਿਣ ਵਾਲਾ ਇਕੱਲਾ ਹੀ ਕੇਸਾਧਾਰੀ ਸਿੱਖ ਹੈ। ਉਸ ਦੀ ਇੱਛਾ ਹੈ ਕਿ ਉਹ ਆਪਣੇ ਤਜ਼ਰਬਿਆਂ ਨੂੰ ਲੋਕਾਂ ਨਾਲ ਸਾਂਝਾ ਕਰੇ। ਸਿੱਖ ਪੰਥ ਦੀ ਚੜਦੀ ਕਲਾ ਲਈ ਉਹ ਬਹੁਤ ਚਿੰਤਤ ਤੇ ਫਿਕਰਮੰਦ ਹੈ। ਸ਼ਾਲਾ ! ਸਿੱਖ ਪੰਥ ਦਾ ਇਹ ਸੂਝਵਾਨ ਲੇਖਕ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸੱਚਾ-ਸੁੱਚਾ ਸਪੂਤ, ਦਵਿੰਦਰ ਸਿੰਘ ਥੰਮਣਵਾਲ ਸਦਾ ਚੜਦੀ ਕਲਾ 'ਚ ਰਹੇ ! ਉਸ ਤੋਂ ਸਾਹਿਤ ਅਤੇ ਸਿੱਖ-ਪੰਥ ਨੂੰ ਅਸੀਮ ਸੰਭਾਵਨਾਵਾਂ ਹਨ। ਹੀਰੇ ਵਰਗੀ ਅਜਿਹੀ ਸਖ਼ਸ਼ੀਅਤ ਉਤੇ ਜਿੰਨਾ ਮਾਣ ਕੀਤਾ ਜਾਵੇ, ਥੋੜਾ ਹੈ।

ਸੋਹੰ

ਹਰਿ

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

Guru Piari Sadh Sangat Ji,

**We are happy to announce that Sri Guru Ravidass Temple, Pittsburg will re-open its doors for the community as permitted by the CDC and Contra Costa County guidelines. This decision was made by the Gurughar Committee yesterday, Friday, May 29, 2020. The maximum number of devotees that can be in the temple at any time is limited to 100 people only.**

**For your safety and safety of others, please follow the following instructions ;**

1. Gurughar will open on Sundays from 10:00 AM to 1:00 PM only.
2. Langar Hall and Kitchen will remain closed until further notice.
3. Every person is required to: A. Wear a face mask, B. Wash Hands, C. Stay home if not healthy, D. Stay 6 feet from others (social distancing), E. Bring your own head cover.(Available at front door if you don't have one but take the used head-cover with you to wash and reuse)
4. PARSHAD will be served with SPOON by ONE person wearing gloves
5. After ARDAS, please leave the premises
6. DO NOT hug or shake hands with anyone
7. Please do not touch the stage or any other surfaces to avoid the spread of infection
8. Sanitizer will be provided in the Gurughar
9. Use the bathrooms in 2120 Crestview Building only
10. Follow the CDC/Contra Costa County's Health Guidelines

**May Waheguru bless our SANGAT with good health**

**"NANAK NAM CHARDI KALA TERE BHANE SARBAT DA BHALA"**

Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabu | Dharam Pal Chonkria | Vinod Kumar |

SUNSHINE AUTO CARE INC.

DBA

PHILLIPS AUTO CARE

**Auto Services:**

* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

**Trucks & Trailers Services:**

* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




hablamos español

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

ACCEPTED HERE

Com-Check T-Check EFS Check VISA DISCOVER

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)

Address: 1003 Moffat Blvd, Manteca CA 95336

# ਕਿਉਂ ਨਹੀਂ ਸਮਝਦੀ ਸਰਕਾਰ ਕਿ ਅਸੀਂ ਡੁੱਬ ਰਹੇ ਹਾਂ?



ਗੁਰਮੀਤ ਪਲਾਹੀ
91-98158-02070

ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਮਾਮਲਿਆਂ ਦੇ ਵਿਭਾਗ (ਡੀ.ਈ.ਐਸ.ਏ.) ਵਲੋਂ ਪਿਛਲੇ ਸਾਲ ਜਾਰੀ ਕੀਤੇ ਅੰਕੜਿਆਂ ਅਨੁਸਾਰ ਭਾਰਤੀ ਪ੍ਰਵਾਸੀਆਂ ਦੀ ਗਿਣਤੀ 1.75 ਕਰੋੜ ਹੈ, ਜੋ ਦੁਨੀਆਂ ਭਰ ਵਿੱਚ ਸਭ ਤੋਂ ਜ਼ਿਆਦਾ ਹੈ। ਇਹਨਾ ਵਿਚੋਂ ਲਗਭਗ 85 ਲੱਖ ਲੋਕ ਖਾੜੀ ਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਭਾਰਤ ਵਿੱਚ ਵਿਦੇਸ਼ਾਂ ਵਿੱਚ ਜੋ ਧਨ ਆਉਂਦਾ ਹੈ, ਉਸਦਾ ਅੱਧਾ ਹਿੱਸਾ ਇਹ ਪ੍ਰਵਾਸੀ ਆਪਣੇ ਮੁਲਕ ਭਾਰਤ ਨੂੰ ਭੇਜਦੇ ਹਨ। ਇਹਨਾ ਲੋਕਾਂ ਦੇ ਪਰਿਵਾਰ ਕਿਉਂਕਿ ਬਹੁਤਾ ਕਰਕੇ ਭਾਰਤ ਵਿੱਚ ਹੀ ਰਹਿੰਦੇ ਹਨ ਇਸ ਲਈ ਪਰਿਵਾਰਾਂ ਦੇ ਭੋਜਨ, ਸਿੱਖਿਆ, ਡਾਕਟਰੀ ਖਰਚਾ ਅਤੇ ਹੋਰ ਜ਼ਰੂਰਤਾਂ ਦੀ ਪੂਰਤੀ ਲਈ ਇਹ ਰਾਸ਼ੀ ਬਹੁਤ ਹੀ ਮਹੱਤਵ ਰੱਖਦੀ ਹੈ। ਵਿਸ਼ਵ ਬੈਂਕ ਅਨੁਸਾਰ 2019 ਵਿੱਚ 83 ਅਰਬ ਡਾਲਰ ਦੀ ਰਕਮ ਪ੍ਰਵਾਸੀਆਂ ਨੇ ਭਾਰਤ ਭੇਜੀ। ਪਰ ਕੋਵਿਡ-19 ਦੇ ਚਲਦਿਆਂ ਇਸ ਵਿੱਚ 23 ਫ਼ੀਸਦੀ ਦੀ ਕਮੀ ਦਰਜ਼ ਕੀਤੀ ਗਈ ਹੈ। ਇੱਕ ਗੱਲ ਹੋਰ ਵੀ ਮਹੱਤਵਪੂਰਨ ਹੈ ਕਿ ਸਾਲ 2018 ਵਿੱਚ ਪ੍ਰਵਾਸੀਆਂ ਵਲੋਂ ਭੇਜੀ ਗਈ ਕੁਲ ਰਾਸ਼ੀ ਭਾਰਤ ਦੀ ਜੀ.ਡੀ.ਪੀ. ਦਾ 2.9 ਫ਼ੀਸਦੀ ਹੈ।

ਕਿਉਂਕਿ ਕੋਵਿਡ-19 ਕਾਰਨ ਦੇਸ਼ ਦੀ ਆਰਥਿਕਤਾ ਬਹੁਤ ਹੀ ਗੜਬੜ ਹੋ ਗਈ ਹੈ। ਲਗਭਗ 45000 ਪ੍ਰਵਾਸੀ ਭਾਰਤੀ ਜੋ ਵੱਖੋ-ਵੱਖਰੇ ਦੇਸ਼ਾਂ ਵਿੱਚ ਕੰਮ ਕਰਦੇ ਸਨ, ਉਹਨਾ ਨੂੰ ਵਾਪਿਸ ਆਪਣੇ ਦੇਸ਼ ਲਿਆਂਦਾ ਗਿਆ ਹੈ। ਉਹ ਪ੍ਰਵਾਸੀ ਕਾਰੀਗਰ, ਇੰਜੀਨੀਅਰ, ਪੇਸ਼ੇਵਰ ਜਿਹੜੇ ਵਿਦੇਸ਼ਾਂ 'ਚ ਰਹਿਕੇ ਦੇਸ਼ ਲਈ ਵੱਡਾ ਸਰਮਾਇਆ ਇਕੱਠਾ ਕਰਦੇ ਸਨ, ਉਹਨਾ ਦੇ ਦੇਸ਼ ਪਰਤਣ 'ਤੇ ਉਹਨਾ ਲਈ ਰੁਜ਼ਗਾਰ ਪੈਦਾ ਕਰਨਾ ਬਹੁਤ ਵੱਡੀ ਸਮੱਸਿਆ ਬਣੇਗੀ, ਖ਼ਾਸ ਕਰਕੇ ਹੁਣ ਉਸ ਵੇਲੇ ਜਦੋਂ ਕਿ ਦੇਸ਼ ਪਹਿਲਾਂ ਹੀ ਇਤਹਾ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੈ।

ਹਰੀ ਕ੍ਰਾਂਤੀ ਦੇ ਪ੍ਰਤੀਕ ਮੰਨੇ ਜਾ ਰਹੇ ਮੁਜੱਫਰਨਗਰ ਜਨਪਦ ਦੇ ਮਿਸੌਲੀ ਵਿੱਚ ਇੱਕ ਕਿਸਾਨ ਵਲੋਂ ਕੀਤੀ ਆਤਮ ਹੱਤਿਆ ਨੇ ਸਾਰਿਆਂ ਨੂੰ ਚੌਂਕਾ ਦਿੱਤਾ ਹੈ। ਇਸਦਾ ਕਾਰਨ ਕਿਸਾਨਾਂ ਦੀਆਂ ਮੁਸ਼ਕਲਾਂ 'ਚ ਵਾਧਾ ਹੈ। ਇਹ ਆਤਮ-ਹੱਤਿਆ ਸਰਕਾਰੀ ਵਿਵਸਥਾ ਉਤੇ ਸਵਾਲ ਖੜੇ ਕਰਦੀ ਹੈ। ਦੇਸ਼ ਵਿੱਚ ਆਤਮ ਹੱਤਿਆਵਾਂ ਦੇ ਮਾਮਲੇ ਵਧਦੇ ਜਾ ਰਹੇ। ਅੰਕੜੇ ਦੱਸਦੇ ਹਨ ਕਿ ਸਾਲ 2018 ਵਿੱਚ ਮਹਾਂਰਾਸ਼ਟਰ ਵਿੱਚ 3594, ਕਰਨਾਟਕ ਵਿੱਚ 2405, ਤਿਲੰਗਾਨਾ ਵਿੱਚ 908 ਆਂਧਰਾ ਪ੍ਰਦੇਸ਼ ਵਿੱਚ 664, ਮੱਧ ਪ੍ਰਦੇਸ਼ ਵਿੱਚ 655, ਛੱਤੀਸਗੜ੍ਹ ਵਿੱਚ 467, ਤਾਮਿਲਨਾਡੂ ਵਿੱਚ 401, ਪੰਜਾਬ ਵਿੱਚ 323 ਅਤੇ ਉੱਤਰ ਪ੍ਰਦੇਸ਼ ਵਿੱਚ 253 ਕਿਸਾਨਾਂ ਨੇ ਆਤਮ ਹੱਤਿਆ ਕੀਤੀ। ਰਿਪੋਰਟ ਅਨੁਸਾਰ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦਾ 72 ਫ਼ੀਸਦੀ ਹਿੱਸਾ ਛੋਟੇ ਅਤੇ ਗਰੀਬ ਕਿਸਾਨਾਂ ਦਾ ਰਿਹਾ ਜਿਹਨਾ ਕੋਲ 2 ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ। ਇਹਨਾ ਦਾ ਲਗਭਗ 80 ਫ਼ੀਸਦੀ ਹਿੱਸਾ ਬੈਂਕ ਕਰਜ਼ਿਆਂ ਨਾਲ ਦੱਬਿਆ ਪਿਆ ਹੈ। ਇੱਕ ਗੱਲ ਜੋ ਚਿੱਟੇ ਦਿਨ ਵਾਂਗਰ ਸਾਫ਼ ਲੱਗ ਰਹੀ ਹੈ ਕਿ ਖੇਤੀ ਖੇਤਰ ਹੀ ਕਰੋਨਾ ਸੰਕਟ ਸਮੇਂ ਇੱਕ ਖੇਤਰ ਹੀ ਅਜਿਹਾ ਰਿਹਾ ਹੈ, ਜਿਸ ਕਾਰਨ ਦੇਸ਼ ਭੁੱਖਮਰੀ ਅਤੇ ਬਰਬਾਦੀ ਤੋਂ ਬਚਿਆ ਰਿਹਾ ਹੈ, ਬਾਵਜੂਦ ਇਸਦੇ ਕਿ ਸਰਕਾਰ ਵਲੋਂ 20 ਲੱਖ ਕਰੋੜੀ ਪੈਕੇਜ ਵਿੱਚ ਖੇਤੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਉਹਨਾ ਪੱਲੇ ਨਾ ਮਾਤਰ ਹੀ ਕੁਝ ਪੱਲੇ ਪਾਇਆ ਹੈ। ਸੀ ਐਮ ਆਈ ਈ ( ਸੇਂਟਰ ਫਾਰ ਮੌਨੀਟੋਰਿੰਗ ਇੰਡੀਅਨ ਇਕੌਨਮੀ) ਦੇ ਮੁਤਾਬਿਕ 20-30 ਸਾਲ ਦੇ 2.7 ਕਰੋੜ ਨੌਜਵਾਨਾਂ ਨੇ ਕਰੋਨਾ ਕਾਲ ਵਿੱਚ ਨੌਕਰੀ ਗੁਆ ਲਈ ਹੈ। ਆਖਿਲ ਭਾਰਤ ਉੱਚ ਸਿੱਖਿਆ ਸਰਵੇ ਅਨੁਸਾਰ ਵਿਦਿਆਰਥੀ ਨੌਕਰੀਆਂ ਲਈ ਰਜਿਸਟਰਡ ਸਨ ਅਤੇ ਹਰ ਸਾਲ ਲਗਭਗ 91 ਲੱਖ ਨੌਕਰੀ ਡਿਗਰੀਆਂ ਲੈਕੇ ਬੇਰੁਜ਼ਗਾਰਾਂ ਦੀ ਕਤਾਰ ਵਿੱਚ ਖੜੋਅ ਜਾਂਦੇ ਹਨ। ਇੱਕ ਪਾਸੇ ਸਰਕਾਰ ਆਤਮ ਨਿਰਭਰ ਭਾਰਤ ਦੇ ਨਿਰਮਾਣ ਵਿੱਚ ਨੌਜਵਾਨਾਂ ਦੀ ਭੂਮਿਕਾ ਨੂੰ ਅਹਿਮ ਮੰਨ ਰਹੀ ਹੈ, ਪਰ ਡਰ ਅਤੇ ਬਿਪਤਾ ਵਾਲੇ ਮਾਹੌਲ ਨੇ ਨੌਜਵਾਨਾਂ ਨੂੰ ਮਾਨਸਿਕ ਤੌਰ ਤੇ ਹਿਲਾ ਦਿੱਤਾ ਹੈ।

ਦਿੱਲੀ, ਗੁਜਰਾਤ, ਕਰਨਾਟਕ, ਮਹਾਂਰਾਸ਼ਟਰ, ਪੰਜਾਬ, ਤਾਮਿਲਨਾਡੂ ਜਿਹੇ ਉਦਯੋਗਿਕ ਰਾਜਾਂ ਤੋਂ ਵਾਪਿਸ ਆਪਣੇ ਪਿੱਤਰੀ ਘਰਾਂ ਨੂੰ ਪਰਤਣ ਵਾਲੇ ਲੱਖਾਂ ਮਜ਼ਦੂਰਾਂ ਦੀ ਨੌਕਰੀ ਚਲੀ ਗਈ। ਉਹਨਾ ਦਾ ਨਾ ਕੋਈ ਰੁਜ਼ਗਾਰ ਰਿਹਾ ਹੈ ਅਤੇ ਨਾ ਹੀ ਰੋਟੀ ਦਾ ਸਾਧਨ। ਉਹ ਆਪਣੇ ਘਰਾਂ ਵਿੱਚ ਪਰਤਕੇ ਪੇਟ ਪਾਲਣ ਲਈ ਜਿਵੇਂ ਜੁਗਾੜ ਕਰਨਗੇ, ਇਹ ਇੱਕ ਵੱਡਾ ਸਵਾਲ ਹੈ ਕਿਉਂਕਿ ਉਹਨਾ ਦੇ ਪਿਤਰੀ ਰਾਜਾਂ ਵਿੱਚ ਪਹਿਲਾਂ ਹੀ ਨੌਕਰੀਆਂ ਜਾਂ ਕੰਮ ਦੀ ਘਾਟ ਸੀ, ਇਸੇ ਕਰਕੇ ਉਹ ਸ਼ਹਿਰਾਂ ਵੱਲ ਜਾਣ ਲਈ ਮਜ਼ਬੂਰ ਹੋਏ ਸਨ। ਇਹਨਾ ਉਦਯੋਗਿਕ ਰਾਜਾਂ ਵਿੱਚ ਜਾਕੇ ਉਹਨਾ ਨੇ ਜਿਥੇ ਆਪਣੀ ਰੋਜ਼ੀ ਰੋਟੀ ਦਾ ਜੁਗਾੜ ਕੀਤਾ ਹੈ, ਉਥੇ ਆਪਣੇ ਪਰਿਵਾਰਾਂ ਲਈ ਵੀ ਧੰਨ ਭੇਜਦੇ ਰਹੇ। ਪੰਜਾਬ, ਹਰਿਆਣਾ ਵਰਗੇ ਖੇਤੀ ਸੂਬਿਆਂ ਦੀ ਖੇਤੀ ਦਾ ਵੱਡਾ ਮੌਸਮੀ ਕੰਮ,ਜਿਸ ਵਿੱਚ ਕਣਕ, ਝੋਨਾ ਬੀਜਣ, ਵੱਢਣ ਅਤੇ ਇਥੋਂ ਤੱਕ ਕਿ ਦੁੱਧ ਉਤਪਾਦਕ ਲਈ ਬਣਾਈਆਂ ਡੇਰੀਆਂ ਦਾ ਕੰਮ ਵੀ ਇਹ ਮਜ਼ਦੂਰ ਕਰਦੇ ਹਨ। ਪਰ ਇਸ ਕਾਲ ਵਿੱਚ ਸਭੋ ਕੁਝ ਉਲਟ-ਪੁਲਟ ਹੋ ਗਿਆ ਹੈ। ਜਿਸ ਨਾਲ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਝੰਜੋੜੀ ਗਈ ਹੈ। ਇਹ ਗੱਲ ਸਮਝਣ ਵਾਲੀ ਹੈ ਕਿ ਮਜ਼ਦੂਰਾਂ ਦੀ 90 ਫ਼ੀਸਦੀ ਆਬਾਦੀ ਪੇਂਡੂ ਦਲਿਤਾਂ ਅਤੇ ਭੂਮੀਹੀਣਾਂ ਦੀ ਹੈ। ਇਹਨਾ ਲਈ ਨਾ ਕੋਈ ਚੱਜ ਦਾ ਸਕੂਲ ਹੈ ਨਾ ਹਸਪਤਾਲ। ਹਸਪਤਾਲ, ਸਕੂਲ ਸਭ ਸ਼ਹਿਰਾਂ ਵਿੱਚ ਹਨ। ਇਹਨਾ ਮਜ਼ਦੂਰਾਂ ਦਾ ਦਰਦ ਵੱਡਾ ਹੈ। ਇਹਨਾ ਨੂੰ ਬਿਆਨ ਕਰਨ ਵਾਲਾ ਮੀਡੀਆ ਵੀ ਸ਼ਹਿਰਾਂ 'ਚ ਰਹਿੰਦਾ ਹੈ, ਜੋ ਪਿੰਡ ਦਾ ਦਰਦ ਬਿਆਨ ਕਰਨ ਲਈ ਬਹੁਤਦਾ ਹੀ ਨਹੀਂ। ਜਦੋਂ ਹੁਣ ਪਿੰਡ ਵਿੱਚ ਸੰਕਟ ਆਇਆ ਹੈ। ਪਿੰਡ ਦੇ ਮਜ਼ਦੂਰ ਉਤੇ ਸੰਕਟ ਹੈ ਤਾਂ ਉਸਦੇ ਬਚਾਅ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਕਿਹੜੀਆਂ ਹਨ? ਅੱਜ ਜਦ ਇਹ ਮਜ਼ਦੂਰ ਪਹਿਲਾਂ ਹੀ ਜਾਤੀਵਾਦ ਦਾ ਸ਼ਿਕਾਰ ਹੈ, ਪੈਸੇ ਤੋਂ ਆਤੁਰ ਹੈ ਤਾਂ ਸਿਵਾਏ 'ਕਾਲ' ਤੋਂ ਉਸ ਲਈ ਕੌਣ ਬੈਠਾ ਹੈ? ਕੀ ਇਹੋ ਹਾਲ ਭਾਰਤ ਦੇਸ਼ ਦੀ ਆਰਥਿਕਤਾ ਦਾ ਨਹੀਂ ਹੈ, ਜਿਸ ਨੂੰ ਸਾਡੀ ਸਿਆਣੀ ਸਰਕਾਰ ਜਿਸਦਾ ਮੋਹਰੀ 'ਨਰੇਂਦਰ' ਹੈ, ਸਮਝਣ ਲਈ ਤਿਆਰ ਹੀ ਨਹੀਂ ਹੈ। ਦੇਸ਼ ਦਾ ਮੋਹਰੀ ਤਾਂ ਇਹੋ ਨਾਹਰਾ ਦਿੰਦਾ ਹੈ- 'ਮੋਦੀ ਹੈ ਤਾਂ ਮੁਮਕਿਨ ਹੈ' । ਉਸ ਅਨੁਸਾਰ ਤਾਂ ਮੋਦੀ ਹੀ ਆਤੰਕਵਾਦ ਨੂੰ ਖ਼ਤਮ ਕਰ ਸਕਦਾ ਹੈ। ਮੋਦੀ ਅਤੇ ਕੇਵਲ ਮੋਦੀ ਹੀ ਪਾਕਿਸਤਾਨ ਅਤੇ ਚੀਨ ਨੂੰ ਨੀਵਾਂ ਦਿਖਾ ਸਕਦਾ ਹੈ। ਮੋਦੀ ਹੀ ਭ੍ਰਿਸ਼ਟਾਚਾਰ ਖ਼ਤਮ ਕਰ ਸਕਦਾ ਹੈ। ਮੋਦੀ ਹੀ ਪੱਕੇ ਤੌਰ ਤੇ ਭਾਰਤ ਨੂੰ ਵਿਸ਼ਵ ਗੁਰੂ ਬਣਾ ਸਕਦਾ ਹੈ।

ਕੀ ਸਰਕਾਰ ਇਹ ਸਮਝਣ ਲਈ ਤਿਆਰ ਹੈ ਕਿ ਕਲ-ਕਾਰਖਾਨੇ ਭਿਅੰਕਰ ਮੰਦੀ ਦਾ ਸ਼ਿਕਾਰ ਹਨ। ਬਾਵਜੂਦ ਇਸ ਗੱਲ ਦੇ ਕਿ ਲਘੂ ਉਦਯੋਗਾਂ ਨੂੰ ਦਿਲ ਖਿਚਣ ਵਾਲੀਆਂ ਸਕੀਮਾਂ ਪਰੋਸੀਆਂ ਗਈਆਂ ਹਨ, ਕਈ ਰਾਹਤ ਪੈਕੇਜ ਦਿੱਤੇ ਗਏ ਹਨ ਪਰ ਹਾਲਾਤ ਕਾਬੂ ਹੇਠ ਨਹੀਂ ਹੈ, ਦਿਨੋ-ਦਿਨ ਵਿਗੜਦੇ ਜਾ ਰਹੇ ਹਨ। ਅਸਲ ਵਿੱਚ ਤਾਂ ਇਹ ਸਮਾਂ ਪੂਰਨ ਰੂਪ ਵਿੱਚ ਆਰਥਿਕ ਢਾਂਚੇ ਨੂੰ ਬਦਲਣ ਦਾ ਹੈ। ਦੇਸ਼ ਵਿੱਚ ਪੇਂਡੂ ਅਰਥ ਵਿਵਸਥਾ ਦੇ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਖੇਤੀ ਖੇਤਰ ਅਤੇ ਛੋਟੇ ਉਦਯੋਗਾਂ ਨੂੰ ਪਹਿਲ ਦੇਣ ਦਾ ਹੈ। ਜਿਸਤੋਂ ਮੋਦੀ ਦੀ ਸਰਕਾਰ ਮੁਨਕਰ ਹੋਈ ਬੈਠੀ ਹੈ। ਪਿੰਡ ਦਾ ਢਾਂਚਾ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਹੈ। ਲੋੜ ਪਿੰਡ ਵਿੱਚ ਸਹੀ ਯੋਜਨਾਬੰਦੀ ਕਰਨ ਦੀ ਹੈ। ਪਿੰਡਾਂ 'ਚ ਸਹੀ ਢੰਗ ਦੀਆਂ ਸਿਹਤ ਅਤੇ ਸਿੱਖਿਆ ਸੇਵਾਵਾਂ ਮੁਹੱਈਆ ਕਰਨ ਦੀ ਹੈ।

ਦੇਸ਼ ਵਿੱਚ ਸਮੇਂ-ਸਮੇਂ ਲਾਗੂ ਕੀਤੀਆਂ ਨੀਤੀਆਂ ਕਾਰਨ ਦੇਸ਼ ਦੀ ਆਰਥਿਕ ਜਾਇਦਾਦ ਦਾ ਵੱਡਾ ਹਿੱਸਾ ਕੁਝ ਆਦਮੀਆਂ ਦੇ ਹੱਥਾਂ ਵਿੱਚ ਇਕੱਠਾ ਹੋ ਗਿਆ ਹੈ। ਇਹ ਦਿਨ ਪ੍ਰਤੀ ਦਿਨ ਵਧਦਾ ਹੀ ਜਾ ਰਿਹਾ ਹੈ। ਕਰੋਨਾ ਕਾਲ 'ਚ ਇਹ ਧੰਨ ਕਾਰਪੋਰੇਟ ਸੈਕਟਰ ਅਤੇ ਧਨਾਢਾਂ ਨੂੰ ਹੋਰ ਮੋਟਿਆਂ ਕਰ ਰਿਹਾ ਹੈ ਅਤੇ ਗਰੀਬ ਆਦਮੀ ਨੂੰ ਹੋਰ ਗਰੀਬ ਅਤੇ ਭੁੱਖਾ ਬਣਾ ਰਿਹਾ ਹੈ ਅਤੇ ਮੌਜੂਦਾ ਸਰਕਾਰ ਆਪਣੀਆਂ ਨੀਤੀਆਂ ਨੂੰ ਇਸ ਕਦਰ ਬਣਾਈ ਜਾ ਰਿਹਾ ਹੈ, ਜਿਸ ਨਾਲ ਲਾਭ ਆਮ ਆਦਮੀ ਨੂੰ ਨਹੀਂ, ਕੁਝ ਲੋਕਾਂ ਨੂੰ ਹੋ ਰਿਹਾ ਹੈ।

ਦੇਸ਼ ਦੇ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਕਹਿੰਦੇ ਹਨ ਕਿ ਦੇਸ਼ ਦੀ ਅਰਥ-ਵਿਵਸਥਾ ਸੰਕਟ ਦੇ ਦੌਰ ਵਿਚੋਂ ਲੰਘ ਰਹੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਮਾਲੀਏ ਵਿੱਚ ਲਗਾਤਾਰ ਕਮੀ ਆ ਰਹੀ ਹੈ। ਕਈ ਸੂਬਿਆਂ ਕੋਲ ਕਰਮਚਾਰੀਆਂ ਨੂੰ ਤਨਖ਼ਾਹ ਦੇਣ ਜੋਗੇ ਪੈਸੇ ਨਹੀਂ ਹਨ ਪਰ ਦੇਸ਼ ਦੀ ਵਿੱਤ ਮੰਤਰੀ ਸੀਤਾਰਮਨ ਕਹਿੰਦੀ ਹੈ ਕਿ ਦੇਸ਼ ਦੀ ਅਰਥ-ਵਿਵਸਥਾ ਮਜ਼ਬੂਤ ਹੈ ਅਤੇ ਚਿੰਤਾ ਵਾਲੀ ਕੋਈ ਗੱਲ ਹੀ ਨਹੀਂ ਹੈ। ਸਰਕਾਰ ਦੀ ਇਹ ਦੁਬਿਧਾ ਅਤੇ ਭੰਬਲਭੂਸੇ ਵਾਲੀ ਸਥਿਤੀ ਮੌਜੂਦਾ ਸਰਕਾਰ ਦੀ ਦੇਸ਼ ਦੀਆਂ ਅਸਲ ਹਾਲਤਾਂ ਤੋਂ ਜਾਣੂ ਹੋਣ ਤੋਂ ਮੁਨਕਰ ਹੋਣ ਦੀ ਸਥਿਤੀ ਹੈ। ਅੱਜ ਸਮੁੱਚੀ ਦੁਨੀਆ ਦੀ ਅਰਥ-ਵਿਵਸਥਾ ਇਤਿਹਾਸ ਦੀ ਸਭ ਤੋਂ ਮੰਦੀ ਵੱਲ ਵੱਧ ਰਹੀ ਅਤੇ ਭਾਰਤ ਵੀ ਇਸ ਮੰਦੀ ਤੋਂ ਬਚ ਨਹੀਂ ਸਕਿਆ। ਕੀ ਇਹ ਗੱਲ ਦੇਸ਼ ਦੀ ਸਰਕਾਰ ਸਮਝਦੀ ਹੈ? ਦੇਸ਼ ਰਾਜਨੀਤੀ ਦੇ ਬਦਲਾਅ ਦੇ ਦੌਰ ਵਿਚੋਂ ਲੰਘ ਰਿਹਾ ਹੈ।

ਭਾਜਪਾ ਨੂੰ ਆਪਣਾ ਹਿੰਦੂਤਵ ਦਾ ਅਜੰਡਾ ਪਿੱਛੇ ਪਾਉਣਾ ਪੈ ਰਿਹਾ ਹੈ। ਭਾਜਪਾ ਜਿਸਨੇ ਐਨ.ਆਰ.ਸੀ., ਐਨ.ਪੀ.ਆਰ., ਸੀ.ਏ.ਏ. ਨੂੰ ਪ੍ਰਮੁੱਖ ਮੁੱਦਾ ਬਣਾ ਲਿਆ ਸੀ, ਉਸਨੂੰ ਕੁਝ ਸਮੇਂ ਲਈ ਹੀ ਸਹੀ, ਉਸ ਪਿੱਛੇ ਪਾ ਦਿੱਤਾ ਹੈ। ਹੁਣ ਜਦੋਂ ਕਿ ਸਰਕਾਰ ਸਾਹਮਣੇ ਦੇਸ਼ ਦੇ ਲੋਕਾਂ ਨੂੰ ਭੁੱਖ, ਬੀਮਾਰੀਆਂ ਅਤੇ ਲੱਖਾਂ ਪ੍ਰਵਾਸੀ ਮਜ਼ਦੂਰਾਂ ਨੂੰ ਸਾਂਭਣ ਦਾ ਜ਼ੁੰਮਾ ਸੀ, ਸਰਕਾਰ ਸਿਹਤ ਸੁਵਿਧਾਵਾਂ ਅਤੇ ਅਰਥ-ਵਿਵਸਥਾ ਦੀ ਦੁਬਿਧਾ ਵਿੱਚ ਫਸੀ ਦਿਖਾਈ ਦਿੰਦੀ ਹੈ। ਇਹ ਚਿੰਤਾਜਨਕ ਹੈ ਕਿ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਸੂਬਿਆਂ ਨੇ ਕੋਰੋਨਾ ਆਫ਼ਤ ਨਾਲ ਲੜਨ ਲਈ ਸੁਵਿਧਾਵਾਂ ਵਿਕਸਤ ਕੀਤੀਆਂ ਹਨ। ਦੇਸ਼ ਦੀ ਹਕੂਮਤ ਨੇ ਦਿਹਾੜੀਦਾਰ ਮਜ਼ਦੂਰਾਂ, ਫੇਰੀ ਵਾਲਿਆਂ, ਆਟੋ-ਰਿਕਸ਼ਾ ਚਾਲਕਾਂ ਦੀ ਵਿਗੜੀ ਮਾਇਕ ਹਾਲਤ ਵੱਲ ਕੋਈ ਧਿਆਨ ਨਹੀਂ ਕੀਤਾ।

ਸਰਕਾਰ ਨੇ ਝੁਗੀ ਝੌਂਪੜੀ, ਬਸਤੀਆਂ ਦੇ ਲੋਕਾਂ ਦੀ ਭੋਜਨ ਸੁਰੱਖਿਆ ਅਤੇ ਭਲਾਈ ਦੀ ਖ਼ਾਤਰ ਵੀ ਕੁਝ ਨਹੀਂ ਸੋਚਿਆ। ਬਿਨਾ ਕੰਮ, ਬਿਨਾ ਰੁਜ਼ਗਾਰ, ਬਿਨਾ ਨਕਦੀ, ਬਿਨਾ ਭੋਜਨ, ਬੀਮਾਰੀ ਅਤੇ ਗਰੀਬੀ ਨਾਲ ਦੇਸ਼ ਵਾਸੀ ਬਹੁਤਾ ਚਿਰ ਸਬਰ ਨਹੀਂ ਕਰ ਸਕਣਗੇ, ਕੀ ਇਹ ਗੱਲ ਦੇਸ਼ ਨੂੰ ਹਕੂਮਤ ਨੂੰ ਸਮਝ ਨਹੀਂ ਲੈਣੀ ਚਾਹੀਦੀ?

## ਕਰੋਨਾ ਲਈ ਕਵਿਤਾ

ਹੱਥ ਧੋ-ਧੋ ਕੇ ਥੱਕਗੇ ਅਸੀਂ,
ਟੀ. ਵੀ. ਦੇਖ ਕੇ ਅੱਕਗੇ ਅਸੀਂ।

ਵਿਹਲਿਆਂ ਨੂੰ ਹੁਣ ਨੀਂਦ ਨੀ ਆਉਂਦੀ,
ਕੋਈ ਯਾਦ ਸਤਾਉਂਦੀ ਹੀ ਰਹਿੰਦੀ।

ਬੈਠ ਬੈਠ ਕੇ ਸੋਫੇ ਘਸਗੇ,
ਘਰਦਿਆਂ ਨਾਲ ਲੜਕੇ ਹਟਗੇ।

ਮਸਾਂ ਮਸਾਂ ਕਰਫਿਊ ਖੁੱਲ੍ਹਣ ਲੱਗਾ,
ਦਾਰੂ ਦਾ ਚਸਕਾ ਭੁੱਲਣ ਸੀ ਲੱਗਾ।

ਪੱਤਰਕਾਰਾਂ ਕਿਉਂ ਸ਼ੋਰ ਮਚਾਇਆ,
ਗਰੀਬ ਦਾ ਦਰਦ ਚੇਤੇ ਨਾ ਆਇਆ।

ਉਨ੍ਹਾਂ ਉਹੀ ਕਮਾਣਾ ਉਹੀ ਖਾਣਾ,
ਪਰ ਮੰਗਣ ਕਿਸੇ ਨਾ ਜਾਣਾ।

ਇਹਨਾਂ ਦੀ ਕੋਈ ਸੁਣੋ ਅਰਜੋਈ
ਢਿੱਡ ਦੀ ਭੁੱਖ ਕਰੋਨਾ ਤੋਂ ਵੱਡੀ ਹੋਈ।



- ਸੁਖਚਰਨ ਸਿੰਘ ਸਾਹੋਕੇ

# ਆਤਮ ਨਿਰਭਰ ਬਣੇ ਦਿਹਾਤੀ ਅਰਥਚਾਰਾ



ਪ੍ਰਦੀਪ ਸਿੰਘ

'ਮੇਰੇ ਪੀਆ ਗਏ ਰੰਗੂਨ। ਵਹਾਂ ਸੇ ਕੀਆ ਹੈ ਟੈਲੀਫੂਨ, ਤੁਮਹਾਰੀ ਯਾਦ ਸਤਾਤੀ ਹੈ।' ਸਾਲ 1949 'ਚ ਬਣੀ ਫਿਲਮ 'ਪਤੰਗਾ' ਦਾ ਇਹ ਗਾਣਾ ਹਰ ਪੀੜ੍ਹੀ ਦੇ ਲੋਕਾਂ ਨੇ ਸੁਣਿਆ ਹੋਵੇਗਾ ਪਰ ਇਸ ਦਰਦ ਦਾ ਭਾਵ ਸਮਝਣ ਵਾਲਿਆਂ ਦੀਆਂ ਪੀੜ੍ਹੀਆਂ ਦਾ ਸਫ਼ਰ ਹਾਲੇ ਵੀ ਜਾਰੀ ਹੈ। ਕੋਰੋਨਾ ਸੰਕਟ ਨੇ ਇਕ ਵਾਰ ਫਿਰ ਸਾਬਤ ਕੀਤਾ ਕਿ ਇਹ ਇਕ ਗਾਣਾ ਹੀ ਨਹੀਂ ਸਗੋਂ ਦੇਸ਼ ਦੀ ਆਬਾਦੀ ਦੇ ਇਕ ਵੱਡੇ ਹਿੱਸੇ ਦੇ ਜੀਵਨ ਦਾ ਭੋਗਿਆ ਹੋਇਆ ਯਥਾਰਥ ਵੀ ਹੈ। ਜ਼ਰਾ ਪਰਵਾਸੀ ਮਜ਼ਦੂਰਾਂ ਦੇ ਜੀਵਨ 'ਤੇ ਗੌਰ ਕਰੋ। ਉਹ ਰੋਜ਼ੀ-ਰੋਟੀ ਲਈ ਬਾਹਰ ਨਿਕਲੇ ਤਾਂ ਭਈਆ ਬਣ ਗਏ ਤੇ ਹੁਣ ਇਸ ਸੰਕਟ ਕਾਲ 'ਚ ਪਰਤੇ ਹਨ ਤਾਂ ਮੁੰਬਈਆ ਹੋ ਗਏ। ਇਸ ਸੰਕਟ ਦਰਮਿਆਨ ਇਕ ਇਹੋ ਗੱਲ ਚੰਗੀ ਰਹੀ ਕਿ ਮਜ਼ਦੂਰਾਂ ਦੀ ਇਹ ਕਹਾਣੀ ਕੌਮੀ ਚਰਚਾ ਦੇ ਕੇਂਦਰ 'ਚ ਆ ਗਈ ਹੈ।

ਪਰਵਾਸੀ ਮਜ਼ਦੂਰਾਂ ਦੀ ਕਹਾਣੀ ਨੂੰ ਕੌਮੀ ਚਰਚਾ ਦੇ ਕੇਂਦਰ 'ਚ ਆਉਣ 'ਚ ਕਈ ਦਹਾਕੇ ਲੱਗ ਗਏ। ਦੁਸ਼ਯੰਤ ਕੁਮਾਰ ਦੇ ਸ਼ਬਦਾਂ 'ਚ ਕਹੀਏ ਤਾਂ 'ਪੀਰ ਪਰਬਤ ਸੀ ਹੁਈ ਅਬ ਪਿਘਲਨੀ ਚਾਹੀਏ, ਇਸ ਹਿਮਾਲਿਆ ਸੇ ਕੋਈ ਗੰਗਾ ਨਿਕਲਨੀ ਚਾਹੀਏ।' ਇਨ੍ਹਾਂ ਮਜ਼ਦੂਰਾਂ ਦਾ ਜੀਵਨ ਇਕ ਅਜੀਬ ਚੱਕਰ 'ਚ ਫਸ ਗਿਆ ਹੈ। ਆਪਣੇ ਪਿੰਡ ਜਾਂ ਸੂਬੇ 'ਚ ਰੁਜ਼ਗਾਰ ਦੇ ਮੌਕੇ ਨਹੀਂ। ਕੰਮ ਦੀ ਤਲਾਸ਼ 'ਚ ਜਿੱਥੇ ਗਏ ਤੇ ਆਪਣਾ ਪਸੀਨਾ ਵਹਾਇਆ, ਉਸ ਸੂਬੇ ਨੇ ਉਨ੍ਹਾਂ ਨੂੰ ਹਮੇਸ਼ਾ 'ਬਾਹਰੀ' ਸਮਝਿਆ। ਇਸ ਗੱਲ ਦਾ ਕੋਈ ਅਸਰ ਨਹੀਂ ਹੋਇਆ ਕਿ ਜੋ ਕੰਮ ਉਨ੍ਹਾਂ ਦੇ ਆਪਣੇ ਨਹੀਂ ਕਰ ਸਕੇ, ਉਹ ਇਹ 'ਬਾਹਰੀ' ਕਰ ਰਹੇ ਹਨ, ਸੂਬੇ ਨੂੰ ਅੱਗੇ ਲੈ ਜਾਣ ਦਾ।

ਇਨ੍ਹਾਂ ਪਰਵਾਸੀ ਕਿਰਤੀਆਂ ਦਾ ਇਹ ਦਰਦ ਇੱਥੇ ਹੀ ਖ਼ਤਮ ਨਹੀਂ ਹੁੰਦਾ। ਜਦੋਂ ਘਰ ਪਰਤ ਕੇ ਆਉਂਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਮਹਿਮਾਨ ਦੀ ਤਰ੍ਹਾਂ ਹੁੰਦਾ ਹੈ। ਜ਼ਿਆਦਾ ਸਮੇਂ ਤਕ ਰੁਕ ਜਾਣ ਤਾਂ ਪਿੰਡ ਵਾਲੇ ਹੀ ਨਹੀਂ ਸਗੋਂ ਪਰਿਵਾਰਕ ਮੈਂਬਰ ਵੀ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ ਕਿ ਕਿਤੇ ਹਮੇਸ਼ਾ ਲਈ ਤਾਂ ਨਹੀਂ ਆ ਗਏ। ਏਨਾ ਹੀ ਨਹੀਂ ਬਾਹਰੋਂ ਪਰਤੇ ਇਨ੍ਹਾਂ ਮਜ਼ਦੂਰਾਂ ਨੂੰ ਬਿਮਾਰੀ ਦੇ ਵਾਹਕ ਦੱਸ ਕੇ ਅਪਮਾਨਿਤ ਕੀਤਾ ਜਾ ਰਿਹਾ ਹੈ। ਪਿੰਡ 'ਚ ਪਰਿਵਾਰ ਦਾ ਗੁਜ਼ਾਰਾ ਉਸੇ ਪੈਸੇ 'ਤੇ ਨਿਰਭਰ ਹੈ, ਜੋ ਉਹ ਪੇਟ ਕੱਟ ਕੇ ਭੇਜਦੇ ਰਹੇ। ਉਹ ਇਸ ਸੰਕਟ ਦੀ ਘੜੀ 'ਚ ਘਰ ਪਰਤੇ ਹਨ। ਹੁਣ ਵਾਪਸ ਜਾਣਾ ਨਹੀਂ ਚਾਹੁੰਦੇ ਪਰ ਸਵਾਲ ਇਹੋ ਹੈ ਕਿ ਕੀ ਪਰਤ ਕੇ ਨਾ ਜਾਣ ਦਾ ਬਦਲ ਉਨ੍ਹਾਂ ਕੋਲ ਹੈ?

ਪਰਵਾਸੀ ਮਜ਼ਦੂਰਾਂ ਦੀ ਸਭ ਤੋਂ ਵੱਡੀ ਗਿਣਤੀ ਉੱਤਰ ਪ੍ਰਦੇਸ਼ ਤੇ ਬਿਹਾਰ ਤੋਂ ਹੈ। ਦੋਵੇਂ ਖੇਤੀ 'ਤੇ ਨਿਰਭਰ ਸੂਬੇ ਸਨ। ਉੱਤਰ ਪ੍ਰਦੇਸ਼ 'ਚ ਤਾਂ ਸ਼ਹਿਰੀਕਰਨ ਤੇ ਸਨਅਤੀਕਰਨ ਹੋਇਆ ਪਰ ਬਿਹਾਰ ਅੱਜ ਵੀ ਮੁੱਖ ਤੌਰ 'ਤੇ ਖੇਤੀ 'ਤੇ ਹੀ ਨਿਰਭਰ ਹੈ। 2014 ਤੋਂ ਪਹਿਲਾਂ ਦੇਸ਼ ਦੇ ਸੱਤ ਪ੍ਰਧਾਨ ਮੰਤਰੀ ਉੱਤਰ ਪ੍ਰਦੇਸ਼ ਤੋਂ ਹੀ ਹੋਏ, ਫਿਰ ਵੀ ਦੇਸ਼ ਦੇ ਇਸ ਸਭ ਤੋਂ ਵੱਡੇ ਸੂਬੇ 'ਚ ਅਸਥਿਰਤਾ ਰਾਜਨੀਤੀ ਦਾ ਸਥਾਈ ਭਾਵ ਬਣ ਗਈ। ਸਭ ਤੋਂ ਲੰਬੇ ਸਮੇਂ ਤਕ ਕਾਂਗਰਸ ਨੇ ਰਾਜ ਕੀਤਾ ਪਰ ਆਪਣੇ ਹੀ ਕਿਸੇ ਮੁੱਖ ਮੰਤਰੀ ਨੂੰ ਪੰਜ ਸਾਲ ਦਾ ਕਾਰਜਕਾਲ ਪੂਰਾ ਨਹੀਂ ਕਰਨ ਦਿੱਤਾ। ਨਾ ਨਹਿਰੂ ਦੇ ਜ਼ਮਾਨੇ 'ਚ ਤੇ ਨਾ ਹੀ ਇੰਦਰਾ ਗਾਂਧੀ ਦੇ ਜ਼ਮਾਨੇ 'ਚ। ਇਸੇ ਤੋਂ ਅੰਦਾਜ਼ਾ ਲਾ ਲਓ। 2007 'ਚ ਮਾਇਆਵਤੀ ਕਾਰਜਕਾਲ ਪੂਰਾ ਕਰਨ ਵਾਲੀ ਪਹਿਲੀ ਮੁੱਖ ਮੰਤਰੀ ਬਣੀ। ਉੱਤਰ ਪ੍ਰਦੇਸ਼ ਨੂੰ ਤਕਰੀਬਨ 15 ਸਾਲ ਤਕ ਲਗਾਤਾਰ ਇਕ ਹੀ ਵਿਅਕਤੀ ਜਾਂ ਪਰਿਵਾਰ ਨੂੰ ਸੱਤਾ 'ਚ ਰੱਖਣ ਦਾ ਮੌਕਾ ਨਹੀਂ ਮਿਲਿਆ। ਬਿਹਾਰ ਨੂੰ ਇਹ ਸੁਭਾਗ ਪਿਛਲੇ 30 ਸਾਲਾਂ ਤੋਂ ਮਿਲ ਰਿਹਾ ਹੈ। ਫਿਲਹਾਲ ਇਨ੍ਹਾਂ ਦੋਵੇਂ ਸੂਬਿਆਂ 'ਚ ਇਕ ਬੁਨਿਆਦੀ ਫ਼ਰਕ ਹੈ ਤੇ ਉਹ ਹੈ ਇਨ੍ਹਾਂ ਦੇ ਮੁੱਖ ਮੰਤਰੀਆਂ ਦੀ ਸੋਚ ਦਾ ਫ਼ਰਕ।

ਜੋ ਵੀ ਹੋਵੇ, ਕੋਰੋਨਾ ਸੰਕਟ ਦੌਰਾਨ ਲੋਕਾਂ ਨੇ ਦੇਖਿਆ ਕਿ ਕੌਣ ਕਿੰਨਾ ਤੇ ਕਿਹੋ ਜਿਹਾ ਕੰਮ ਕਰ ਰਿਹਾ ਹੈ ਤੇ ਕੌਣ ਕੰਮ ਕਰਨ ਦਾ ਢੌਂਗ ਕਰ ਰਿਹਾ ਹੈ। ਢੌਂਗ ਦੇ ਇਸ ਮੁਕਾਬਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕੋਈ ਸਾਨੀ ਨਹੀਂ। ਦਿੱਲੀ ਤੋਂ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਤਮਾਮ ਪਰਵਾਸੀ ਮਜ਼ਦੂਰਾਂ ਨੂੰ ਧੱਕ ਕੇ ਬਾਹਰ ਕਰਨ ਤੋਂ ਬਾਅਦ ਵੀ ਉਨ੍ਹਾਂ ਤੋਂ ਹਾਲਾਤ ਨਹੀਂ ਸੰਭਲ ਰਹੇ। ਦਿੱਲੀ 'ਚ ਗੁਰਦੁਆਰੇ ਨਾ ਹੁੰਦੇ ਤਾਂ ਪਤਾ ਨਹੀਂ ਕਿੰਨੇ ਲੋਕ ਸ਼ਾਇਦ ਭੁੱਖੇ ਮਰ ਜਾਂਦੇ। ਮਹਾਰਾਸ਼ਟਰ, ਗੁਜਰਾਤ ਤੇ ਦਿੱਲੀ 'ਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਪਰਵਾਸੀ ਇਨ੍ਹਾਂ ਸੂਬਿਆਂ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਰਹੇ ਹਨ। ਪਰਵਾਸੀ ਮਜ਼ਦੂਰਾਂ ਦੇ ਨਾਲ ਅਜੀਬ-ਅਜੀਬ ਗੱਲਾਂ ਹੋ ਰਹੀਆਂ ਹਨ। ਜਦੋਂ ਬਾਂਹ ਫੜਨ ਦੀ ਜ਼ਰੂਰਤ ਸੀ ਤਾਂ ਉਨ੍ਹਾਂ ਦੇ ਮਾਲਕਾਂ ਤੇ ਸਥਾਨਕ ਸਰਕਾਰਾਂ ਨੇ ਮੂੰਹ ਮੋੜ ਲਿਆ। ਹੁਣ ਉਨ੍ਹਾਂ ਨੂੰ ਹਵਾਈ ਜਹਾਜ਼, ਏਸੀ ਰੇਲ ਤੇ ਲਗਜ਼ਰੀ ਬੱਸਾਂ 'ਚ ਵਾਪਸ ਬੁਲਾਇਆ ਜਾ ਰਿਹਾ ਹੈ। ਪਹਿਲਾਂ ਤੋਂ ਜ਼ਿਆਦਾ ਤੇ ਪੇਸ਼ਗੀ ਰਕਮ ਦੇਣ ਦਾ ਪ੍ਰਸਤਾਵ ਹੈ। ਜ਼ਾਹਿਰ ਹੈ ਕਿ ਇਹ ਸਭ ਲਈ ਨਹੀਂ। ਜੋ ਪਰਤ ਕੇ ਆਏ ਹਨ, ਉਨ੍ਹਾਂ 'ਚੋਂ ਜ਼ਿਆਦਾਤਰ ਅਸੰਗਠਿਤ ਖੇਤਰ ਦੇ ਹਨ। ਇਨ੍ਹਾਂ 'ਚ ਵੀ ਵੱਡੀ ਸੰਖਿਆ ਦਿਹਾੜੀਦਾਰ ਮਜ਼ਦੂਰਾਂ ਦੀ ਹੈ। ਸਭ ਲਈ ਫਿਰ ਤੋਂ ਕੰਮ ਦਾ ਮੌਕਾ ਬਣਨ 'ਚ ਸਮਾਂ ਲੱਗਣ ਵਾਲਾ ਹੈ।

ਇਹ ਜੋ ਵਿਚਕਾਰਲਾ ਸਮਾਂ ਹੈ, ਉਹ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਤੇ ਓਡੀਸ਼ਾ ਦੀਆਂ ਸਰਕਾਰਾਂ ਲਈ ਮੌਕਾ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੀ ਸਰਕਾਰ ਇਸ ਮੌਕੇ ਦੀ ਚੁਣੌਤੀ ਸਵੀਕਾਰ ਕਰਨ 'ਚ ਸਭ ਤੋਂ ਅੱਗੇ ਦਿਸ ਰਹੀ ਹੈ। ਯੋਗੀ ਸਰਕਾਰ ਨੇ ਮਾਈਗ੍ਰੇਸ਼ਨ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ। ਪਰਤ ਕੇ ਆਏ ਮਜ਼ਦੂਰਾਂ ਦੀਆਂ ਯੋਗਤਾਵਾਂ ਨਾਲ ਜੁੜੇ ਅੰਕੜੇ ਇਕੱਠੇ ਕਰ ਲਏ ਗਏ ਹਨ। ਇੰਡੀਅਨ ਇੰਡਸਟਰੀਜ਼ ਐਸੋਸੀਏਸ਼ਨ, ਫਿੱਕੀ, ਲਘੂ ਉਦਯੋਗ ਭਾਰਤੀ ਤੇ ਨਾਰਡੇਕੋ ਨਾਲ ਸੂਬਾ ਸਰਕਾਰ ਨੇ ਇਕ ਐੱਮਓਯੂ 'ਤੇ ਦਸਤਖ਼ਤ ਕੀਤੇ ਹਨ। ਇਨ੍ਹਾਂ ਸੰਸਥਾਵਾਂ ਨੇ 11 ਲੱਖ ਕਾਮਿਆਂ ਨੂੰ ਕੰਮ ਦੇਣ ਦਾ ਭਰੋਸਾ ਦਿੱਤਾ ਹੈ। ਸੂਬੇ 'ਚ ਤਿੰਨ ਨਵੇਂ ਐਕਸਪ੍ਰੈਸ ਵੇਅ ਬਣ ਰਹੇ ਹਨ। ਅਗਲੇ ਤਿੰਨ-ਚਾਰ ਸਾਲਾਂ 'ਚ ਉੱਤਰ ਪ੍ਰਦੇਸ਼ ਦੇਸ਼ ਦਾ ਪਹਿਲਾ ਸੂਬਾ ਹੋਵੇਗਾ, ਜਿੱਥੇ ਪੰਜ ਐਕਸਪ੍ਰੈਸ ਵੇਅ ਹੋਣਗੇ। ਸਪੱਸ਼ਟ ਹੈ ਕਿ ਸੂਬਾ ਇਕ ਵੱਡੀ ਤਬਦੀਲੀ ਦੇ ਮੁਹਾਜ਼ 'ਤੇ ਖੜ੍ਹਾ ਹੈ। ਜੇ ਭੂਮੀ ਤੇ ਕਿਰਤ ਸੁਧਾਰਾਂ ਦਾ ਰਾਹ ਖੁੱਲ੍ਹੇ ਤਾਂ ਇਹ ਰਫ਼ਤਾਰ ਹੋਰ ਤੇਜ਼ ਹੋਵੇਗੀ। ਪਿੰਡ ਤੋਂ ਸ਼ਹਿਰਾਂ ਵੱਲ ਹੋਣ ਵਾਲੀ ਹਿਜਰਤ ਨੂੰ ਰੋਕਣ 'ਚ ਸਵੈ-ਰੁਜ਼ਗਾਰ ਦੀ ਸਭ ਤੋਂ ਵੱਡੀ ਭੂਮਿਕਾ ਹੋਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਵੀ ਹੈ ਕਿ ਕੌਮੀ ਪੱਧਰ 'ਤੇ ਬਣਨ ਵਾਲਾ ਮਾਈਗ੍ਰੇਸ਼ਨ ਕਮਿਸ਼ਨ ਪੇਂਡੂ ਇਲਾਕਿਆਂ 'ਚ ਸਵੈ-ਰੁਜ਼ਗਾਰ ਤੇ ਛੋਟੀਆਂ ਸਨਅਤਾਂ ਜ਼ਰੀਏ ਉਨ੍ਹਾਂ ਨੂੰ ਰੋਜ਼ੀ-ਰੋਟੀ ਦੇ ਸਾਧਨ ਮੁਹੱਈਆ ਕਰਵਾਏਗਾ।

ਹੁਣ ਜ਼ਰੂਰਤ ਇਸ ਗੱਲ ਦੀ ਹੈ ਕਿ ਪੇਂਡੂ ਅਰਥਚਾਰੇ ਨੂੰ ਆਤਮ ਨਿਰਭਰ ਬਣਾਉਣ ਨਾਲ ਜੁੜਿਆ ਮਹਾਤਮਾ ਗਾਂਧੀ ਦਾ ਸੁਪਨਾ ਪੂਰਾ ਹੋਵੇ। ਆਜ਼ਾਦੀ ਤੋਂ ਬਾਅਦ ਤੋਂ ਹੀ ਦੇਸ਼ ਦੀਆਂ ਆਰਥਿਕ ਨੀਤੀਆਂ ਦੀ ਗ਼ਲਤ ਦਸ਼ਾ-ਦਿਸ਼ਾ ਦੀ ਬਹਿਸ 'ਚ ਜਾਏ ਬਿਨਾਂ ਨਤੀਜੇ 'ਤੇ ਧਿਆਨ ਦੇਣਾ ਚਾਹੀਦਾ ਹੈ। ਇਕ ਬਜ਼ੁਰਗ ਨੇ ਫ਼ਿਰਾਕ ਗੋਰਖਪੁਰੀ ਨੂੰ ਕਿਹਾ ਸੀ, 'ਬਾਬੂ ਸਭ ਗਿਆਨ ਰੋਟੀ ਦਿੰਦੀ ਹੈ।' ਫ਼ਿਰਾਕ ਨੇ ਆਪਣੇ ਸਾਥੀ ਨੂੰ ਕਿਹਾ ਸੀ, 'ਦੇਖੋ ਮੀਆਂ, ਕਿੰਨੀ ਵੱਡੀ ਹਕੀਕਤ ਕਹਿ ਗਿਆ। ਵੇਦ ਵਾਕ ਬੋਲ ਗਿਆ ਵੇਦ ਵਾਕ।' ਸੋ ਪੇਂਡੂ ਅਰਥਚਾਰੇ ਨੂੰ ਆਤਮ ਨਿਰਭਰ ਬਣਾਉਣ ਨਾਲ ਹੀ ਦੇਸ਼ ਤੇ ਦੇਸ਼ ਵਾਸੀਆਂ ਦੀ ਹਾਲਤ ਸੁਧਰ ਸਕਦੀ ਹੈ।

# ਸੂਰਜ ਦਾ ਰੱਥ




ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com


ਧਰਤੀ ਦੇ ਸੂਰਜ ਦੁਆ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ ਵਿੱਚ ਦੋ ਦਿਨ ਅਜੇਹੇ ਆਉਂਦੇ ਹਨ ਜਦੋਂ ਧਰਤੀ ਤੇ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। ਸਾਲ ਵਿਚ ਦੋ ਦਿਨ ਅਜੇਹੇ ਵੀ ਆਉਂਦੇ ਹਨ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ ਉਸੇ ਵੇਲੇ ਦੱਖਣੀ ਅਰਧ ਗੋਲੇ ਵਿਚ ਰਾਤ ਵੱਡੀ ਤੋਂ ਵੱਡੀ ਅਤੇ ਦਿਨ ਛੋਟੇ ਤੋਂ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਉਤਰੀ ਅਰਧ ਗੋਲੇ ਵਿੱਚ ਦਿਨ ਛੋਟੇ ਤੋਂ ਛੋਟਾ ਅਤੇ ਰਾਤ ਵੱਡੀ ਤੋਂ ਵੱਡੀ ਹੁੰਦੀ ਹੈ ਉਸ ਵੇਲੇ ਦੱਖਣੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ। ਭਾਵੇਂ ਸਾਨੂੰ ਇਹ ਪੜਾਇਆ ਗਿਆ ਹੈ ਕਿ ਸੂਰਜ ਪੂਰਬ ਤੋਂ ਨਿਕਲਦਾ ਹੈ ਅਤੇ ਪੱਛਮ ਵਿੱਚ ਛਿਪ ਜਾਂਦਾ ਹੈ। ਪਰ ਅਜੇਹਾ ਸਾਲ ਵਿੱਚ ਦੋ ਕੁ ਦਿਨ ਹੀ ਹੁੰਦਾ ਹੈ ਜਦੋਂ ਸੂਰਜ ਪੂਰਬ ਭਾਵ 90° ਤੋਂ ਨਿਕਲਦਾ ਹੈ। ਉਸ ਤੋਂ ਅਗਲੇ ਦਿਨ ਇਹ 89° ਜਾਂ 91° ਤੋਂ ਉਦੇ ਹੁੰਦਾ ਹੈ। ਸੂਰਜ ਦੇ ਉਦੇ ਹੋਣ ਦੀ ਦਿਸ਼ਾ ਪੂਰਬ ਤੋਂ (90°) ਉੱਤਰਵੱਲ ਨੂੰ ਲੱਗਭੱਗ 28° ਅਤੇ ਦੱਖਣ ਵੱਲ ਨੂੰ 28° ਤੱਕ ਹੁੰਦੀ ਹੈ। ਇਸ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਅੰਮ੍ਰਿਤਸਰ ਵਿਖੇ ਸੂਰਜ ਲੱਗਭੱਗ 62.15° ਤੋਂ 117.32° ਦੇ ਦਰਮਿਆਨ ਚੜਦਾ ਹੈ। ਇਸ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ।

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ"
(ਪੰਨਾ 1108)

ਕਦੇ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਚਪਟੀ ਅਤੇ ਖੜੀ ਹੈ। ਸੂਰਜ ਇਸ ਦੀ ਪ੍ਰਕਰਮਾ ਕਰਦਾ ਹੈ। ਕੋਪਰਨੀਕਸ (1473-1534) ਅਤੇ ਕੈਪਲਰ (1571-1630) ਨੇ ਗਣਿਤ ਰਾਹੀ ਇਹ ਸਾਬਿਤ ਕੀਤਾ ਕਿ ਧਰਤੀ ਘੁੰਮ ਰਹੀ ਹੈ। ਗੈਲੀਲੀਓ (1564-1642) ਨੇ ਪ੍ਰਯੋਗ ਰਾਹੀ ਸਾਬਿਤ ਕੀਤਾ ਸੀ ਕਿ ਗ੍ਰਹਿ ਚਾਲ ਦਾ ਕੇਂਦਰ ਧਰਤੀ ਨਹੀਂ ਸਗੋਂ ਸੂਰਜ ਹੈ। ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ, ਇਕ ਖਾਸ ਰਫਤਾਰ ਅਤੇ ਇਕ ਖਾਸ ਦੂਰੀ ਤੇ ਰਹਿ ਕੇ ਚੱਕਰ ਲਾਉਂਦੇ ਹਨ। ਉਸ ਵੇਲੇ ਦੇ ਧਾਰਮਿਕ ਆਗੂਆਂ ਨੇ ਗੈਲੀਲੀਓ ਨਾਲ ਕਿਵੇਂ ਸਿੱਝਿਆ, ਉਹ ਇਤਿਹਾਸ ਦਾ ਅੰਗ ਬਣ ਚੁੱਕਾ ਹੈ। ਅਖੀਰ ਜਦੋਂ ਉਨ੍ਹਾਂ ਦੇ ਧਾਰਮਿਕ ਆਗੂਆਂ ਨੂੰ, ਕਰਤੇ ਦੇ ਨਿਯਮ ਦੀ ਸਮਝ ਆਈ ਤਾਂ ਉਨ੍ਹਾਂ ਨੂੰ ਆਪਣੇ ਪੂਰਵਜਾਂ ਵੱਲੋਂ ਕੀਤੀ ਗਈ ਗਲਤੀ ਦਾ ਅਹਿਸਾਸ ਹੋਇਆ ਕਿ ਗੈਲੀਲੀਓ ਨਾਲ ਜ਼ਿਆਦਤੀ ਹੋਈ ਸੀ। ਉਨ੍ਹਾਂ ਨੇ ਸਾਢੇ ਤਿੰਨ ਸਦੀਆਂ ਪਿਛੋਂ, 1992 ਈ: ਵਿੱਚ ਪਿਛਲਾ ਫੈਸਲਾ ਖ਼ਾਰਜ ਕਰ ਦਿੱਤਾ। ਪੋਪ ਜੌਹਨਪਾਲ (ਦੂਜਾ) ਨੇ ਗੈਲੀਲੀਓ ਤੋਂ ਮਾਫ਼ੀ ਮੰਗਦਿਆਂ ਕਿਹਾ ਕਿ "ਤੂਸੀ ਸਹੀ ਸੀ, ਅਸੀਂ ਸਾਰੇ ਹੀ ਗਲਤ ਸੀ"। ਅੱਜ ਇਹ ਘੋੜੇ ਚੜ੍ਹੀ ਸਚਾਈ ਹੈ ਕਿ ਧਰਤੀ ਗੋਲ ਹੈ। ਧਰਤੀ ਆਪਣੇ ਧੁਰੇ ਦੁਆਲੇ ਲੱਗ ਭੱਗ 1037 ਮੀਲ ਪ੍ਰਤੀ ਘੰਟਾ (ਭੂ ਮੱਧ ਰੇਖਾਂ ਉੱਪਰ) ਦੀ ਰਫਤਾਰ ਨਾਲ ਘੁੰਮਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਅਤੇ ਰਾਤ ਬਣਦੇ ਹਨ। ਧਰਤੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ ਉਥੇ ਸੂਰਜ ਦੀ ਰੋਸ਼ਨੀ ਪੈਣ ਕਾਰਨ ਦਿਨ ਹੁੰਦਾ ਅਤੇ ਦੂਜੇ ਪਾਸੇ ਹਨੇਰਾ ਹੋਣ ਕਾਰਨ ਰਾਤ ਪੈ ਜਾਂਦੀ ਹੈ। ਧਰਤੀ ਸੂਰਜ ਤੋਂ ਲੱਗਭੱਗ 92962000 ਮੀਲ ਦੂਰ ਰਹਿ ਕੇ ਸੂਰਜ ਦੀ ਪ੍ਰਕਰਮਾ ਕਰਦੀ ਹੈ। ਧਰਤੀ ਦਾ ਇਹ ਚੱਕਰ, ਜਿਸ ਨੂੰ ਸਾਲ ਕਿਹਾ ਜਾਂਦਾ ਹੈ, 365 ਦਿਨ 5 ਘੰਟੇ 48 ਮਿੰਟ 45 ਸੈਕਿੰਡ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (ਠਰੋਪਚਿਅਲ ਇਅਰ) ਕਿਹਾ ਜਾਂਦਾ ਹੈ। ਧਰਤੀ ਤੇ ਰੁੱਤਾਂ, ਸਾਲ ਦੀ ਇਸੇ ਲੰਬਾਈ ਮੁਤਾਬਕ ਬਦਲਦੀਆਂ ਹਨ।

ਧਰਤੀ ਦੇ ਧੁਰੇ ਦਾ ਲੱਗਭੱਗ 23.5° ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਸੂਰਜ ਦੀ ਰੋਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਵੱਖ-ਵੱਖ ਰੁੱਤਾਂ ਬਦਲਦੀਆਂ ਹਨ।

ਚੰਦ, ਧਰਤੀ ਦੇ ਦੁਆਲੇ ਘੁੰਮਦਾ ਹੈ। ਇਸ ਦੇ ਪੰਧ ਵਿੱਚ ਤਾਰਿਆਂ ਦੇ 27 ਸਮੂਹ ਮੰਨੇ ਗਏ ਹਨ। ਜਿਨ੍ਹਾਂ ਨੂੰ ਨਛੱਤਰ ਕਿਹਾ ਜਾਂਦਾ ਹੈ। ਇਕ ਦਿਨ ਦਾ ਇਕ ਨਛੱਤਰ ਮੰਨਿਆ ਗਿਆ ਹੈ। ਇਸ ਹਿਸਾਬ ਨਾਲ ਚੰਦ ਦਾ ਧਰਤੀ ਦੁਆਲੇ ਇਕ ਚੱਕਰ ਦਾ 27.32 ਦਿਨ (27 ਦਿਨ 7 ਘੰਟੇ 43 ਮਿੰਟ) ਸਮਾਂ ਬਣਦਾ ਹੈ। ਪਰ ਇਸੇ ਸਮੇਂ ਦੌਰਾਨ ਧਰਤੀ ਜੋ ਸੂਰਜ ਦੁਆਲੇ ਘੁੰਮਦੀ ਹੈ, ਲੱਗਭੱਗ 27° ਅੱਗੇ ਵੱਧ ਜਾਂਦੀ ਹੈ ਤਾਂ ਇਹ ਵੱਧੇ ਹੋਏ ਫਾਸਲੇ ਸਮੇਤ ਇਕ ਚੱਕਰ ਪੂਰਾ ਕਰਨ ਲਈ ਚੰਦ ਨੂੰ 29.53 ਦਿਨ (29 ਦਿਨ 12 ਘੰਟੇ 44 ਮਿੰਟ) ਲੱਗਦੇ ਹਨ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ। ਇਹ ਮੱਸਿਆ ਤੋਂ ਮੱਸਿਆ ( ਅਮਾਂਤਾ) ਜਾਂ ਪੁੰਨਿਆ ਤੋਂ ਪੁੰਨਿਆ (ਪੂਰਨਮੰਤਾ) ਤਾਈਂ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿੱਚ 12 ਮਹੀਨੇ ਹੁੰਦੇ ਹਨ, ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਇਕ ਸਾਲ ਸੂਰਜ ਦੇ ਸਾਲ ਨਾਲੋਂ ਲੱਗਭੱਗ 11 ਦਿਨ ਛੋਟਾ ਹੁੰਦਾ ਹੈ। ਇਕ ਸਾਲ ਵਿੱਚ 11 ਦਿਨ, ਦੋ ਸਾਲਾਂ ਵਿੱਚ 22 ਜਦੋਂ ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਇਸ ਵਿੱਚ ਤੀਜੇ ਸਾਲ (19 ਸਾਲ ਵਿੱਚ 7 ਸਾਲ) ਇਕ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿੱਚ 384/85 ਦਿਨ ਹੋ ਜਾਂਦੇ ਹਨ।ਇਹ ਹੀ ਕਾਰਨ ਹੈ ਕਿ ਚੰਦ ਦੇ ਸਾਲ ਜਾਂ ਕੈਲੰਡਰ ਦਾ ਰੁੱਤਾਂ ਨਾਲ ਸਬੰਧ ਨਹੀਂ ਰਹਿੰਦਾ।ਸੱਚ ਤਾ ਇਹ ਹੈ ਕਿ ਚੰਦ ਦੇ ਸਾਲ ਨੂੰ ਜਿਸ ਸੂਰਜੀ ਬਿਕ੍ਰਮੀ ਸਾਲ ਦੇ ਨੇੜੇ ਤੇੜੇ ਰੱਖਿਆ ਜਾਂਦਾ ਹੈ, ਉਸ ਸਾਲ ਦਾ ਵੀ ਰੁੱਤਾਂ ਨਾਲ ਸਬੰਧ ਨਹੀਂ ਹੈ।

ਜੂਨ ਦੇ ਮਹੀਨੇ ਉਤਰੀ ਅਰਧ ਗੋਲੇ ਵਿਚ ਗਰਮੀ ਪੂਰੇ ਜੋਬਨ ਤੇ ਹੁੰਦੀ ਹੈ ਅਤੇ ਦਿਨ ਵੱਡੇ ਹੋ ਰਹੇ ਹੁੰਦੇ ਹਨ। ਸਵੇਰ ਵੇਲੇ ਸੂਰਜ, ਪਹਿਲੇ ਦਿਨ ਨਾਲੋਂ ਕੁਝ ਸਮਾਂ ਪਹਿਲਾ ਚੜਦਾ ਹੈ ਅਤੇ ਕੁਝ ਸਮਾਂ ਪਿਛੋਂ ਛਿਪਦਾ ਹੈ। ਜੇ ਆਪਾਂ ਸੂਰਜ ਨੂੰ ਚੜਨ ਵੇਲੇ ਵੇਖੀਏ ਤਾਂ, ਹਰ ਰੋਜ ਸੂਰਜ ਥੋੜਾ-ਥੋੜਾ ਉੱਤਰ ਵੱਲ ਨੂੰ ਜਾ ਰਿਹਾ ਹੁੰਦਾ ਹੈ। 21-22 ਜੂਨ ਨੂੰ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਹੁੰਦਾ ਹੈ ਅਤੇ ਉਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਜੰਤਰੀਆਂ ਦੀ ਭਾਸ਼ਾ ਵਿੱਚ ਇਸ ਨੂੰ ਉਤਰਾਇਣ ਕਹਿੰਦੇ ਹਨ। ਇਕ ਸਮਾਂ ਅਜੇਹਾ ਆਉਂਦਾ ਹੈ ਜਦੋਂ ਸੂਰਜ ਦਾ ਉੱਤਰ ਵੱਲ ਨੂੰ ਜਾਂਦਾ-ਜਾਂਦਾ ਰੁਕ ਜਾਂਦਾ ਹੈ ਅਤੇ ਪਿਛੇ ਮੁੜ ਪੈਂਦਾ ਹੈ ਭਾਵ ਦੱਖਣ ਵੱਲ ਨੂੰ ਮੁੜ ਪੈਂਦਾ ਹੈ, ਦਿਨ ਦੀ ਲੰਬਾਈ ਹੋਲੀ-ਹੋਲੀ ਘਟਣੀ ਆਰੰਭ ਹੋ ਜਾਂਦੀ ਹੈ। ਜਿਸ ਨੂੰ ਦਖਰਾਇਣ ਕਿਹਾ ਜਾਂਦਾ ਹੈ।ਇਸ ਸਾਲ ਇਹ ਘਟਨਾ 21 ਜੂਨ, ਦਿਨ ਐਤਵਾਰ ਨੂੰ ਲੱਗਭੱਗ 21:45 ( ਠ) ਮੁਤਾਬਕ ਇੰਡੀਆ ਵਿੱਚ 22 ਜੂਨ ਸੋਮਵਾਰ ਸਵੇਰੇ 04:15 (ਿਠ) ਤੇ ਵਾਪਰੇਗੀ। ਇਸ ਸਮੇਂਸੂਰਜ ਅੱਗੇ ਜਾਣ ਦੀ ਬਿਜਾਏ ਪਿਛੇ ਮੁੜ ਪਏਗਾ। ਦਿਨ ਛੋਟਾ ਹੋਣਾ ਆਰੰਭ ਹੋ ਜਾਵੇਗਾ ਅਤੇ 22 ਸਤੰਬਰ ਨੂੰ ਦਿਨ ਅਤੇ ਰਾਤ ਫਿਰ ਬਰਾਬਰ ਹੋ ਜਾਣਗੇ। ਸੂਰਜ ਦੇ ਦਖਨ-ਾਇਣ ਤੋਂ ਉਤਰਾਇਣ ਅਤੇ ਉਤਰਾਇਣ ਤੋਂ ਦਖਨਾਇਣ ਵੱਲ ਜਾਣ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਸਾਲ ਦੀ ਲੰਬਾਈ ਹੈ। ਜਿਸ ਮੁਤਾਬਕ ਇਸ ਧਰਤੀ ਤੇ ਰੁੱਤਾਂ ਬਣਦੀਆਂ ਅਤੇ ਬਦਲਦੀਆਂ ਹਨ। ਇਸ ਨੂੰ ਰੁੱਤੀ ਸਾਲ (ਠਰੋਪਚਿਅਲ ਇਅਰ) ਕਹਿੰਦੇ ਹਨ। ਇਸ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪਾਵਨ ਪੰਗਤੀ, "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108) ਇਸ ਪੰਗਤੀ ਵਿੱਚ ਸੂਰਜ ਦੇ ਰੱਥ ਫਿਰਨ ਦਾ ਸੰਕੇਤ ਹੈ। ਇਸ ਪਾਵਨ ਪੰਗਤੀ (ਬਾਰਹਮਾਹ, ਤੁਖਾਰੀ) ਦੇ ਅਰਥ ਫਰੀਦਕੋਟੀ ਟੀਕੇ ਮੁਤਾਬਕ, "ਬਹੁੜੋ ਜਬ ਅਸਾੜ ਮਹੀਨੇ ਮੈਂ ਸੂਰਜ ਕਾ ਰੱਥ ਫਿਰਤਾ ਹੈ ਅਰਥਾਤ ਉਤ੍ਰਾਇਣ ਦਖਣਾਇਣ ਕੋ ਹੋਤਾਂ ਹੈ ਤਬ ਇਸਤ੍ਰੀਆਂ ਬ੍ਰਿਛਾਦਿਕੋਂ ਕੀ ਛਾਯਾ ਕੌ ਤਕਤੀ ਹੈ ਔਰ ਉਜਾੜੋਂ ਕੇ ਬੀਚ ਬਿੰਡੇ ਬੋਲਤੇ ਹੈ"।

"ਜਿਸ ਵੇਲੇ ਸੂਰਜ ਦਾ ਰਥ ਹਾੜ ੧੩ ਨੂੰ ਦਖਨੇਣ ਦੀ ਤਰਫ਼ ਫਿਰ ਜਾਂਦਾ ਹੈ ਤਾਂ ਧਨ=ਇਸਤਰੀ ਤੇ ਮੁਸਾਫਰ ਬ੍ਰਿਛਾ ਦੀ ਛਾਇਆ ਤਾਕੇ-ਤੱਕਦੇ ਹਨ ਅਤੇ ਟਿਡੁ- ਬਿੰਡੇ, ਬਾਹੇ =ਉਜਾੜ ਮੰਝਿ ਲਵੇ=ਖੋਲਦੇ ਹਨ। (ਸੰਪਰਦਾਈ ਟੀਕਾ) ਇਸੇ ਪੰਨੇ ਦੇ ਅਖੀਰ ਤੇ ਇਕ ਨੋਟ ਹੈ:- "ਜਿਸ ਵੇਲੇ ਹਾੜ 13 ਨੂੰ ਸੂਰਜ ਦਾ ਰਥ ਦਖਨੇਣ ਹੁੰਦਾ ਹੈ ਤਾਂ ਸ੍ਵਰਗ ਦੇ ਬੂਹੇ ਬੰਦ ਹੁੰਦੇ ਹਨ, ਜਿਸ ਵੇਲੇ ੯ ਪੋਹ ਨੂੰ ਸੂਰਜ ਦਾ ਰਥ ਉਤਰੇਣ ਹੁੰਦਾ ਹੈ ਤਾਂ ਸ੍ਵਰਗ ਦੇ ਬੂਹੇ ਖੁਲ੍ਹ ਜਾਂਦੇ ਹੈ। ਇਸੇ ਕਾਰਨ ਕਰਕੇ ਜੋਗੀ ਸਮੇਂ ਦਾ ਵਿਚਾਰ ਕਰ ਕੇ ਪ੍ਰਾਣ ਤਿਆਗਦੇ ਹਨ ਇਹ ਪੁਰਾਣਕ ਅਨੁਸਾਰ ਹੈ"। ਇਸ ਟਿੱਪਣੀ ਵਿਚ ਰਥ ਫਿਰਨ ਦੀਆਂ ਦੋ ਤਾਰੀਖਾਂ (13 ਹਾੜ ਅਤੇ 9 ਪੋਹ) ਦਿੱਤੀਆਂ ਹੋਈਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਤਾਰੀਖਾਂ ਅਨੁਸਾਰ ਰੱਥ ਕਦੋਂ ਫਿਰਿਆ ਸੀ? ਕਿਹਾ ਜਾਂਦਾ ਹੈ ਸੰਪਰਦਾਈ ਟੀਕੇ ਵਿਚ ਉਹ ਦਰਜ ਅਰਥ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪੜਾਏ ਸਨ। ਇਸ ਲਈ ਇਹ ਤਾਰੀਖਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀਆ ਹਨ।

ਉਪ੍ਰੋਕਤ ਪਾਵਨ ਪੰਗਤੀ ਦਾ ਭਾਵ ਹੈ ਕਿ ਜਦੋਂ ਸੂਰਜ ਵੱਧ ਤੋਂ ਵੱਧ ਉਤਰ ਵੱਲ ਗਿਆ ਹੁੰਦਾ ਹੈ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ ਅਤੇ ਇਕ ਖਾਸ ਸਮੇਂ ਤੇ ਸੂਰਜ ਵਾਪਸ ਦੱਖਣ ਨੂੰ ਮੁੜਦਾ ਹੈ ਅਤੇ ਦਿਨ ਛੋਟਾ ਹੋਣਾ ਅਰੰਭ ਹੋ ਜਾਂਦਾ ਹੈ ਇਸ ਨੂੰ ਸੂਰਜ ਦਾ ਰੱਥ ਫਿਰਨਾ ਕਹਿੰਦੇ ਹਨ। ਪੰਜਾਬ ਵਿਚ ਇਸ ਦਿਨ ਵਰਖਾ ਰੁਤ ਦਾ ਅਰੰਭ ਮੰਨਿਆ ਜਾਂਦਾ ਹੈ। ਅੱਜ ਇਹ ਮੰਨਿਆ ਜਾਂਦਾ ਹੈ ਕਿ ਇਹ ਘਟਨਾ 21-22ਜੂਨ ਨੂੰ ਕਿਸੇ ਵੇਲੇ ਵਾਪਰਦੀ ਹੈ। ਸੰਪਰਦਾਈ ਟੀਕੇ ਵਿਚ ਦਰਜ ਤਾਰੀਖਾਂ ਦੀ ਜਦੋਂ ਪੜਤਾਲ ਕੀਤੀ ਤਾਂ 13 ਹਾੜ 1756 ਬਿਕ੍ਰਮੀ ਦੀ ਤਾਰੀਖ, 11 ਜੂਨ ਜੂਲੀਅਨ ਮੁਤਾਬਕ 21 ਜੂਨ ਗਰੈਗੋਰੀਅਨ (1699 ਈ:) ਨੂੰ ਵੱਡੇ ਤੋਂ ਵੱਡਾ ਦਿਨ ਸੀ। ਭਾਵ ਸੂਰਜ ਦਾ ਰਥ ਫਿਰਿਆ ਸੀ। ਪਰ 9 ਪੋਹ ਦੀ ਤਾਰੀਖ ਠੀਕ ਨਹੀ ਹੈ ਉਸ ਸਾਲ 12 ਪੋਹ, 11 ਦਸੰਬਰ ਜੂਲੀਅਨ ਮੁਤਾਬਕ 21 ਦਸੰਬਰ ਗਰੈਗੋਰੀਅਨ ਨੂੰ ਛੋਟੇ ਤੋਂ ਛੋਟਾ ਦਿਨ ਸੀ। ਖੈਰ, ਆਪਾ ਹਾੜ ਦੀ ਤਾਰੀਖ ਦੀ ਪੜਤਾਲ ਕਰਨੀ ਹੈ। ਅੱਜ ਵੀ ਇਹ ਸਚਾਈ ਹੈ ਕਿ ਉਤਰੀ ਅਰਧ ਗੋਲੇ ਵਿਚ 21-22ਜੂਨ ਨੂੰ ਜਦ ਸੂਰਜ ਵੱਧ ਤੋਂ ਵੱਧ ਉਤਰ ਵੱਲ ਹੁੰਦਾ ਹੈ ਤਾਂ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਇਸ ਦਿਨ ਸੂਰਜ ਕਿਸੇ ਵੇਲੇ ਵਾਪਸ ਦੱਖਣ ਨੂੰ ਮੁੜ ਪੈਂਦਾ ਹੈ ਅਤੇ ਦਿਨ ਛੋਟਾ ਹੋਣਾ ਅਰੰਭ ਹੋ ਜਾਂਦਾ ਹੈ।

ਹੁਣ ਜਦੋਂ ਇਹ ਸਪੱਸ਼ਟ ਹੈ ਕਿ ਸੂਰਜ ਦਾ ਰੱਥ 21-22 ਜੂਨ (ਗਰੈਗੋਰੀਅਨ) ਨੂੰ ਕਿਸੇ ਵੇਲੇ ਫਿਰਦਾ ਹੈ। ਤਾਂ ਆਓ ਵੇਖੀਏ ਕਿ ਗੁਰੂ ਨਾਨਕ ਜੀ ਦੇ ਸਮੇਂ ਸੂਰਜ ਦਾ ਰੱਥ ਕਦੋਂ ਫਿਰਿਆ ਸੀ। ਸੰਮਤ 1526 ਬਿਕ੍ਰਮੀ ਵਿਚ ਰੱਥ ਸੂਰਜ ਦਾ ਰੱਥ 12 ਜੂਨ 1469 ਈ: (ਜੂਲੀਅਨ) ਮੁਤਾਬਕ 16 ਹਾੜ ਦਿਨ ਸੋਮਵਾਰ ਨੂੰ ਫਿਰਿਆ ਸੀ। ਯਾਦ ਰਹੇ ਜੇ 12 ਜੂਨ ਜੂਲੀਅਨ ਨੂੰ ਗਰੈ-ਗੋਰੀਅਨ ਵਿੱਚ ਬਦਲੀ ਕਰੀਏ ਤਾਂ ਇਹ 21 ਜੂਨ ਹੀ ਬਣਦੀ ਹੈ। ਉਪਰ ਆਪਾਂ ਵੇਖ ਆਏ ਹਾਂ ਕਿ 1756 ਬਿਕ੍ਰਮੀ (1699 ਈ:) ਵਿਚ ਰੱਥ 13 ਹਾੜ (11 ਜੂਨ ਜੂਲੀਅਨ/21 ਜੂਨ ਗਰੈਗੋਰੀਅਨ) ਦਿਨ ਐਤਵਾਰ ਨੂੰ ਫਿਰਿਆ ਸੀ। ਇਸ ਸਾਲ (2020 ਈ:) 22 ਜੂਨ ਮੁਤਾਬਕ 7 ਹਾੜ ਨੂੰ ਫਿਰੇਗਾ। ਅੱਜ ਤੋਂ 500 ਸਾਲ ਭਾਵ ਸੰਮਤ 2520 ਈ: ਨੂੰ ਸੂਰਜ ਦਾ ਰੱਥ 20 ਜੂਨ 22:44 (IST) ਵਜੇ ਮੁਤਾਬਕ 29 ਜੇਠ ( ਸੂਰਜੀ ਸਿਧਾਂਤ) ਦਿਨਵੀਰਵਾਰ ਨੂੰ ਫਿਰੇਗਾ ਅਤੇ 3000 ਈ: 20 ਜੂਨ ਮੁਤਾਬਕ 21ਜੇਠ ਦਿਨ ਸ਼ੁਕਰਵਾਰ ਨੂੰ ਫਿਰੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸੰਮਤ 2075 ਬਿਕ੍ਰਮੀ ਤੋਂ ਪਿਛੋਂ ਇਹ ਪੰਗਤੀ 'ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ' ਤਾਂ ਹਾੜ ਦੇ ਮਹੀਨੇ 'ਚ ਪੜੀ ਜਾਵੇਗੀ ਪਰ ਸੂਰਜ ਦਾ ਰੱਥ ਤਾਂ ਜੇਠ ਦੇ ਮਹੀਨੇ (ਸੂਰਜੀ ਸਿਧਾਂਤ ਮੁਤਾਬਕ) ਫਿਰ ਚੁੱਕਾ ਹੋਵੇਗਾ। ਦੂਜੇ ਪਾਸੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਨਾਨਕਸ਼ਾਹੀ ਸੰਮਤ 530 (1999 ਈ:) ਵਿਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰਿਆ ਸੀ। ਨਾਨਕਸ਼ਾਹੀ ਸੰਮਤ 1030 (2499-2500ਈ:) ਵਿਚ ਵੀ ਰੱਥ 7 ਹਾੜ ਨੂੰ ਫਿਰੇਗਾ ਅਤੇ ਨਾਨਕਸ਼ਾਹੀ ਸੰਮਤ 1530 (2999-3000ਈ:) ਵਿਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰੇਗਾ।

ਇਸ ਦਾ ਕਾਰਨ ਇਹ ਹੈ ਕਿ ਬਿਕ੍ਰਮੀ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਹੈ ਜੋ ਅਸਲ ਸਾਲ ਦੀ ਲੰਬਾਈ ਤੋਂ ਲੱਗਭੱਗ 24 ਮਿੰਟ ਵੱਧ ਹੈ। ਸਾਲ ਦੀ ਲੰਬਾਈ ਵੱਧ ਹੋਣ ਕਾਰਨ ਹਰ 60 ਸਾਲ ਪਿਛੋਂ (1440×24=60) ਬਿਕ੍ਰਮੀ ਸਾਲ ਦਾ ਇਕ ਦਿਨ ਦਾ ਫਰਕ ਪੈ ਜਾਂਦਾ ਹੈ। 1964 ਈ: ਵਿੱਚ ਹਿੰਦੂ ਵਿਦਵਾਨਾਂ ਨੇ ਬਿਕ੍ਰਮੀ ਸਾਲ ਦੀ ਲੰਬਾਈ ਵਿੱਚ ਸੋਧ ਕਰਕੇ, ਇਸ ਨੂੰ 365.2563 ਦਿਨ ਕਰ ਦਿੱਤਾ ਸੀ। ਹੁਣ ਇਸ ਨੂੰ ਦ੍ਰਿਕਗਿਣਤ ਸਿਧਾਂਤ ਕਹਿੰਦੇ ਹਨ। ਹੁਣ ਵੀ ਇਹ ਲੰਬਾਈ ਲੱਗਭੱਗ 20 ਮਿੰਟ ਵੱਧ ਹੈ। ਇਸ ਕਾਰਨ ਹੁਣ (1440×20=72) ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਵੇਗਾ। ਜਿਸ ਕਾਰਨ ਬਿਕ੍ਰਮੀ ਕੈਲੰਡਰ ਵਿਚ ਰੁੱਤਾਂ ਸਥਿਰ ਨਹੀਂ ਰਹਿੰਦੀਆਂ।1999 ਈ: ਵਿੱਚ ਸਿੱਖ ਵਿਦਵਾਨਾਂ ਨੇ ਸਾਲ ਦੀ ਲੰਬਾਈ ਵਿੱਚ ਸੋਧ ਕਰਕੇ 365.2425 ਦਿਨ ਕਰਕੇ ਨਾਨਕਸ਼ਾਹੀ ਕੈਲੰਡਰ ਬਣਾਇਆ ਸੀ। ਸਾਲ ਦੀ ਇਹ ਲੰਬਾਈ ਸੂਰਜ ਦੇ ਰੱਥ ਫਿਰਨ ਦੀ ਲੰਬਾਈ 365.2422 ਦਿਨ ਦੇ ਬਹੁਤ ਨੇੜੇ ਹੈ। ਇਸ ਮੁਤਾਬਕ ਹੁਣ ਲੱਗਭੱਗ 3200 ਸਾਲ ਪਿਛੋਂ ਇਕ ਦਿਨ ਦਾ ਫਰਕ ਪਵੇਗਾ। ਯਾਦ ਰਹੇ ਦੁਨੀਆਂ ਦੇ ਸਾਂਝੇ ਸਾਲ ਦੀ ਲੰਬਾਈ ਵੀਸੂਰਜ ਦੇ ਰੱਥ ਫਿਰਨ ਦੇ ਮੁਤਾਬਕ ਹੀ ਹੈ। ਰੋਮ ਵਾਸੀਆਂ ਨੇ ਆਪਣੇ ਕੈਲੰਡਰ (ਜੂਲੀਅਨ) ਵਿੱਚ ਇਹ ਸੋਧ 1582 ਈ: ਕਰ ਲਈ ਸੀ, ਇਸ ਸੋਧ ਨੂੰ ਇੰਗਲੈਂਡ ਨੇ 1752 ਈ: ਪ੍ਰਵਾਨ ਕੀਤਾ ਸੀ। ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਨੂੰ ਇਹ ਨੁਕਤਾ ਅੱਜ ਵੀ ਸਮਝ ਨਹੀਂ ਆ ਰਿਹਾ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰਹਿੰਦੂ ਵਿਦਵਾਨਾਂ ਵੱਲੋਂ 1964 ਈ: ਵਿੱਚ,ਗੁਰੂ ਕਾਲ ਵਾਲੇ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਵਿੱਚ ਕੀਤੀ ਗਈ ਸੋਧ ਤਾਂ ਪ੍ਰਵਾਨ ਹੈ, ਪਰ 1999 ਈ: ਵਿੱਚ ਸਿੱਖ ਵਿਦਵਾਨਾਂ ਵੱਲੋਂਵਿਗਿਆਨਕ ਨਜ਼ਰੀਏ ਅਨੁਸਾਰ ਕੀਤੀ ਗਈ ਅਤੀ ਜਰੂਰੀ ਸੋਧ ਨੂੰ ਮੰਨਣ ਲਈ ਤਿਆਰ ਨਹੀਂ ਹੈ। ਅਜੇਹਾ ਕਿਉ?






# ਚਿੱਠੀ, ਆਪਣੀ ਰੀਨਾ ਦੇ ਨਾਂਅ!




ਡਾ. ਬਲਵੀਰ ਮੰਨਣ
91-94173-45485


ਮੇਰੀ ਪਿਆਰੀ! ਤੇਰੇ ਸੋਹਣੇ ਚਿਹਰੇ ਦਾ ਤੇਜ, ਇਨ੍ਹਾਂ ਵਿਆਹ ਤੋਂ ਮਗਰੋਂ ਬੀਤੇ ਸਾਲਾਂ ਵਿੱਚ, ਇਸ ਸਾਡੇ ਨਵੇਂ ਬਣੇ ਘਰ ਦੀ ਚਮਕ ਵਿੱਚ ਵਟ ਗਿਆ ਹੈ। ਇਸ ਘਰ ਦੀ ਇਮਾਰਤ ਦੀ ਮਜ਼ਬੂਤੀ ਤੇਰੀ ਦੇਹ ਦੀ ਜੀਵਨ-ਸੱਤਾ ਹੈ। ਇਹ ਇਮਾਰਤ ਮਜ਼ਬੂਤ ਬਣ ਬੈਠੀ ਹੈ ਤੇ ਤੇਰੀ ਰੇਸ਼ਮੀ ਦੇਹ 'ਤੇ ਵੱਟ ਪੈ ਗਏ ਨੇ। ਤੇਰੀ ਦੇਹ ਦੀ ਚੰਚਲਤਾ, ਇਸਦੀ ਲਚਕਤਾ ਇਸ ਘਰ ਦੀ ਜੀਵੰਤਤਾ ਤੋਂ ਕੁਰਬਾਨ ਹੋ ਗਈ ਹੈ। ਤੇਰੇ ਸੋਹਣੇ-ਸੰਘਣੇ ਵਾਲਾਂ ਦਾ ਸ਼ਾਹ ਕਾਲ਼ਾ ਰੰਗ ਇਸ ਘਰ ਦੀਆਂ ਦੀਵਾਰਾਂ ਤੇ ਛੱਤਾਂ 'ਤੇ ਕਈ ਰੰਗਾਂ ਵਿੱਚ ਬਿਖਰ ਕੇ ਪਸਰ ਗਿਆ ਹੈ। ਕਹਿੰਦੇ ਨੇ ਕਿ ਕਾਲ਼ੇ ਰੰਗ ਵਿੱਚ ਸਾਰੇ ਰੰਗ ਸਮੋਏ ਹੋਏ ਹੁੰਦੇ ਨੇ; ਇਹ ਸਾਰੇ ਰੰਗਾਂ ਦਾ ਮਿਸ਼ਰਨ ਹੁੰਦਾ ਹੈ। ਤੇ ਇਹ ਮਿਸ਼ਰਨ -ਤੇਰੀ ਲਗਨ, ਤੇਰੇ ਸਮਰਪਣ ਸਾਹਵੇਂ ਝੁਕਦਾ ਹੋਇਆ ਆਪਣੇ ਉਪ-ਭਾਗਾਂ ਵਿੱਚ ਨਿੱਖੜ ਕੇ ਘਰ ਦੀਆਂ ਕੰਧਾਂ ਅਤੇ ਛੱਤਾਂ 'ਤੇ ਸੋਹਣਾ-ਸੋਹਣਾ ਜਾ ਬਿਸਤਰਿਆ ਹੈ।

ਪਿਆਰੀ! ਤੇਰੇ ਸਫ਼ੈਦ ਹੋ ਰਹੇ ਵਾਲਾਂ ਦੀ ਦਿੱਖ ਬੜੀਆਂ ਬਾਤਾਂ ਪਾਉਂਦੀ ਹੈ। ਹਾਂ, ਇਹ ਬਾਤਾਂ ਤੂੰ ਆਪਣੇ ਮੂੰਹੋਂ ਕਦੇ ਵੀ ਨਹੀਂ ਪਾਈਆਂ ਪਰ ਦਿਲ ਹੁਣ ਮੇਰਾ ਵੀ ਇਨ੍ਹਾਂ ਅਣ-ਪਾਈਆਂ ਬਾਤਾਂ ਨੂੰ ਬੁੱਝਣ ਲੱਗ ਪਿਆ ਹੈ। ਤੇਰੇ ਚਿੱਟੇ ਹੁੰਦੇ ਵਾਲਾਂ ਵਾਂਗ, ਮੈਨੂੰ ਜਾਪਦੈ, ਮੇਰਾ ਦਿਲ ਵੀ ਕੁਝ-ਕੁਝ ਚਿੱਟਾ ਹੋਣ ਲੱਗ ਪਿਐ। ਨਹੀਂ ਤਾਂ ਪਹਿਲਾਂ ਇਹ, ਤੇਰੇ ਵਿਆਹੀ ਆਈ ਦੇ ਸ਼ਾਹ ਕਾਲ਼ੇ ਵਾਲਾਂ ਨਾਲੋਂ ਵੀ, ਬੜਾ ਕਾਲ਼ਾ ਸੀ। ਹੁਣ ਮੈਨੂੰ ਵੀ ਕੁਝ-ਕੁਝ ਤੇਰੇ ਸਮਰਪਣ ਦੀ, ਤੇਰੀ ਸੁੱਚੀ ਲਗਨ ਦੀ ਸਮਝ ਪੈਣ ਲੱਗੀ ਹੈ ਤੇ ਮੇਰੇ ਦਿਲ ਦੀ ਇਹ ਚਿਟੱਤਣ, ਇਸ ਦਿਲ ਵਿੱਚ ਤੇਰਾ ਸੁੱਚਾ ਅਕਸ ਵਸਣ ਤੋਂ ਹੀ ਹੋਈ ਹੈ। ਵਰਨਾ ਐਸਾ ਮੈਂ ਪਹਿਲੇ ਕਦੇ ਨਹੀਂ ਸਾਂ।

ਉਹ ਪ੍ਰਿਯ! ਇਸ ਘਰ ਵਿਚਲੀ ਹਰਕਤ; ਬੱਚਿਆਂ ਦਾ ਹੱਸਣਾ, ਉਨ੍ਹਾਂ ਦਾ ਖੇਡਣਾ ਸਿਰਫ਼ ਤੇਰੀ ਹੋਂਦ ਦਾ ਮੁਥਾਜ ਹੈ। ਵਰਨਾ ਜਦੋਂ ਤੂੰ ਕਦੇ ਘਰ ਨਾ ਹੋਵੇਂ ਤਾਂ ਇਹ ਘਰ, ਜਿਵੇਂ ਘਰ ਨਹੀਂ ਹੁੰਦਾ। ਕੋਈ ਰੁਮਕਣ ਨਹੀਂ, ਬੱਚਿਆਂ ਦਾ ਕੋਈ ਹਾਸਾ ਨਹੀਂ। ਬੱਚਿਆਂ ਵਾਂਗ ਹੀ ਘਰ ਦਾ ਕਨੋ-ਕਨੋ ਚੁੱਪ। ਹਾਂ, ਮੇਰੇ ਆਖਿਆਂ ਜੇ ਬੱਚੇ ਖੇਡਣ ਲੱਗ ਵੀ ਪੈਣ ਤਾਂ ਉਨ੍ਹਾਂ ਦੀ ਖੇਡ ਵਿੱਚ ਉਹ ਖ਼ੁਸ਼ੀ, ਉਹ ਚਾਅ ਨਹੀਂ ਹੁੰਦਾ -ਜੋ ਤੇਰੇ, ਘਰ ਵਿੱਚ ਹੁੰਦਿਆਂ -ਉਨ੍ਹਾਂ ਦੇ ਖੇਡਣ ਵਿੱਚ ਹੁੰਦਾ ਹੈ। ਉਨ੍ਹਾਂ ਦੇ ਚਾਅ, ਉਨ੍ਹਾਂ ਦੀ ਖ਼ੁਸ਼ੀ, ਉਨ੍ਹਾਂ ਦੀ ਖੇਡ ਦਾ ਕਾਰਨ ਸਿਰਫ਼ ਤੂੰ ਹੈਂ। ਮੈਂ ਤਾਂ ਆਪਣੇ-ਆਪ ਨੂੰ ਅਕਸਰ ਘਰ ਦਾ ਵਾਧੂ ਜਿਹਾ ਸੰਚਾਲਕ ਮੰਨਦਾ ਹਾਂ; ਅਸਲ ਚਾਲਕ ਤੂੰ ਹੈਂ। ਮੇਰੇ ਨਾ ਹੁੰਦਿਆਂ ਸ਼ਾਇਦ ਇਹ ਘਰ ਹੋਰ ਚੰਗਾ ਚੱਲੇ, ਕਿਉਂਜੋ ਟੀਕਾ-ਟਿੱਪਣੀ ਨਾ ਰਹੇ, ਵਾਧੂ ਦੀ ਦਖ਼ਲ-ਅੰਦਾਜ਼ੀ ਨਾ ਰਹੇ; ਮੈਨੂੰ ਇੰਞ ਜਾਪਦਾ ਹੈ। ਪਰ ਮੈਂ ਇਹ ਵੀ ਜਾਣਦਾ ਹਾਂ ਕਿ, ਕਿਤੇ ਨਾ ਕਿਤੇ, ਤੇਰੀ ਖ਼ੁਸ਼ੀ ਵੀ ਮੇਰੇ ਨਾਲ ਜੁੜੀ ਹੋਈ ਹੈ। ਸੋ, ਮੈਂ ਆਪਣੀ ਹੋਂਦ ਪ੍ਰਤਿ ਸੰਤੁਸ਼ਟ ਹਾਂ।

ਸੋਚਦਾ ਹਾਂ, ਸੁਆਣੀ ਤੋਂ ਬਿਨਾ ਘਰ ਨਿਰਜਿੰਦ ਹੋ ਜਾਂਦੇ ਹਨ ਤੇ ਸੁਆਣੀ ਦੇ ਹੁੰਦਿਆਂ ਵੀਰਾਨੇ ਘਰਾਂ ਵਿੱਚ ਵੀ ਬਹਾਰਾਂ ਆਣ ਆਲ੍ਹਣੇ ਪਾਂਦੀਆਂ ਹਨ। ਵਿਆਹ ਮੌਕੇ ਮੇਰੇ ਕੋਲ ਬਸ ਇੱਕ ਕਮਰਾ ਸੀ ਪਰ ਤੇਰੀ ਲਗਨ, ਤੇਰੀ ਮਿਹਨਤ, ਤੇਰੇ ਤਿਆਗ ਨੇ ਅੱਜ ਸਭ ਮੇਰੀ ਝੋਲੀ ਪਾ ਦਿੱਤਾ ਹੈ। ਪਰ ਮੈਨੂੰ ਪਤਾ ਹੈ, ਮੇਰੀ ਇਸ ਭਰੀ ਹੋਈ ਝੋਲੀ ਵਿਚਲਾ ਸਭ ਤੋਂ ਕੀਮਤੀ ਲਾਲ 'ਤੂੰ' ਹੈਂ।

# ਭਾਈ ਜੇ ਤੇਰਾ ਗਵਾਹ ਈ ਮੁੱਕਰ ਗਿਆ ਤਾਂ ਮੈਂ ਕੀ ਕਰ ਸਕਦਾ ਆਂ - ਕਾਂਸ਼ੀ ਰਾਮ



ਲਾਲ ਸਿੰਘ ਸੁਲਹਾਣੀ
91-98721-55120

ਨਵੰਬਰ 1989 ਵਿਚ ਹੋਈਆਂ ਸੰਸਦੀ ਚੋਣਾਂ ਵਿਚ ਬੋਫੋਰਜ ਤੋਪਾਂ ਵਿਚੋਂ ਦਲਾਲੀ ਖਾਣ ਦੇ ਇਲਜ਼ਾਮ ਅਤੇ ਰੌਲੇ ਰੱਪੇ ਕਾਰਨ ਰਾਜੀਵ ਗਾਂਧੀ ਨੂੰ ਸਤਾ ਤੋਂ ਲਾਂਭੇ ਕਰਕੇ ਠਾਕੁਰ ਵਿਸ਼ਵ ਨਾਥ ਪਰਤਾਪ ਸਿੰਘ ਵਿਰੋਧੀ ਪਾਰਟੀਆਂ ਦੇ ਗਠਜੋੜ ਸਦਕਾ ਪਰਧਾਨ ਮੰਤਰੀ ਬਣ ਗਿਆ ਤੇ ਬਹੁਜਨ ਸਮਾਜ ਪਾਰਟੀ ਦੇ ਤਿੰਨ ਸਾਂਸਦ ਪਹਿਲੀ ਵਾਰ ਸੰਸਦ ਭਵਨ ਦੀਆਂ ਪੌੜੀਆਂ ਚੜ੍ਹਨ ਵਿਚ ਕਾਮਯਾਬ ਹੋ ਗਏ । ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਸਤਿਕਾਰਯੋਗ ਪਿਤਾ ਜਥੇਦਾਰ ਜੋਗਿੰਦਰ ਸਿੰਘ ਦੀ ਅਗਵਾਈ ਵਾਲੇ ਯੁਨਾਇਟਿਡ ਅਕਾਲੀ ਦਲ ਦੇ ਤਰਨਤਾਰਨ ਹਲਕੇ ਤੋਂ ਭਾਗਲਪੁਰ ਜੇਲ੍ਹ 'ਚ ਬੰਦ ਸਾਬਕਾ ਆਈ ਪੀ ਐਸ ਅਧਿਕਾਰੀ ਸਿਮਰਨਜੀਤ ਸਿੰਘ ਮਾਨ ਉਮੀਦਵਾਰ ਸਨ। ਸਾਹਿਬ ਕਾਂਸ਼ੀ ਰਾਮ ਵਲੋਂ ਉਹਨਾਂ ਨੂੰ ਜਿਤਾਉਣ ਲਈ ਇਕ ਤਰਫਾ ਫੈਸਲਾ ਲੈਂਦਿਆਂ ਬਸਪਾ ਦੇ ਮਜਬੂਤ ਉਮੀਦਵਾਰ ਸ੍ਰੀ ਸਰਦੂਲ ਸਿੰਘ ਨੋਨਾ ਨੂੰ ਮੈਦਾਨ ਚੋਂ ਹਟ ਜਾਣ ਦਾ ਲਿਖਤੀ ਆਦੇਸ਼ ਮੇਰੇ ਰਾਂਹੀ ਭਿਜਵਾ ਦਿੱਤਾ ਗਿਆ । ਕਿਉਂਕਿ ਸਿਮਰਨਜੀਤ ਸਿੰਘ ਮਾਨ ਦੇ ਵਕੀਲ ਡਾਕਟਰ ਬੀ ਐਲ ਵਡੇਰਾ ਰਾਹੀਂ ਉਹਨਾਂ ਦੀ ਭੈਣ ਬੀਬੀ ਦਲਜੀਤ ਕੌਰ ਸਾਹਿਬ ਕਾਂਸ਼ੀ ਰਾਮ ਜੀ ਨੂੰ ਮਿਲ ਕੇ ਮਾਨ ਨੂੰ ਰਿਹਾ ਕਰਵਾਉਣ ਲਈ ਅਕਸਰ ਬੇਨਤੀ ਕਰਦੀ ਰਹਿੰਦੀ ਸੀ । ਉਹ ਇਹ ਵੀ ਖਦਸ਼ਾ ਜਾਹਰ ਕਰਿਆ ਕਰਦੀ ਸੀ ਕਿ ਭਾਰਤ ਦੀ ਬਰਾਹਮਣ ਵਾਦੀ ਸਰਕਾਰ ਉਹਨਾਂ ਦੇ ਭਾਈ ਨੂੰ ਖਤਮ ਕਰਨ ਤੇ ਤੁੱਲੀ ਹੈ। ਸਾਹਿਬ ਕਾਂਸ਼ੀ ਰਾਮ ਨੇ ਮਾਨ ਦੀ ਰਿਹਾਈ ਲਈ ਚੋਣ ਦਾ ਰਾਹ ਅਪਨਾਉਣ ਦਾ ਸੁਝਾਅ ਦਿੰਦਿਆਂ ਉਹਨਾਂ ਦੀ ਜਿੱਤ ਲਈ ਆਪਣਾ ਹਰ ਸੰਭਵ ਯੋਗਦਾਨ ਪਾਉਣ ਦਾ ਵਾਅਦਾ ਨਿਭਾਇਆ। ਸ. ਮਾਨ ਪੰਜ ਲੱਖ ਤੋਂ ਵੱਧ ਵੋਟਾਂ ਨਾਲ ਜਿੱਤ ਕੇ ਰਿਹਾ ਹੋ ਗਿਆ। 1988 ਵਿਚ ਸਾਹਿਬ ਕਾਂਸ਼ੀ ਰਾਮ ਨੇ "ਸਿੱਖਾਂ ਦੇ ਹਿੱਤ ਬਹੁਜਨ ਸਮਾਜ ਪਾਰਟੀ ਨਾਲ ਸੁਰੱਖਿਤ" ਬੈਨਰ ਹੇਠ ਲੁਧਿਆਣੇ ਦੀ ਅਨਾਜ ਮੰਡੀ ਵਿੱਚ ਇਕ ਵਿਸ਼ਾਲ ਕਾਨਫਰੰਸ ਕੀਤੀ ਸੀ ਤੇ ਇਸ ਕਾਨਫਰੰਸ ਵਿਚ ਸਾਕਾ ਨੀਲਾ ਤਾਰਾ ਦੇ ਨਾਂ ਹੇਠ ਫੌਜੀ ਹਮਲਾ ਕਰਕੇ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਵਾਲੀ ਇੰਦਰਾ ਗਾਂਧੀ ਨੂੰ ਗੱਡੀ ਚੜ੍ਹਾਉਣ ਵਾਲੇ ਸ. ਬੇਅੰਤ ਸਿੰਘ ਦੀ ਵਿਧਵਾ ਬੀਬੀ ਬਿਮਲ ਕੌਰ ਖਾਲਸਾ ਨੂੰ ਉਚੇਚੇ ਤੌਰ ਤੇ ਬੁਲਾਕੇ ਸਨਮਾਨਿਤ ਕੀਤਾ ਗਿਆ । ਪੰਜਾਬੀਆਂ ਨੂੰ ਉਦੋਂ ਪਤਾ ਲਗਾ ਕਿ ਸ. ਬੇਅੰਤ ਸਿੰਘ ਰਵਿਦਾਸੀਆ ਸਿੱਖ ਸੀ। ਗੁੰਮਨਾਮੀ ਦੀ ਜਿੰਦਗੀ ਜਿਉਂਦੀ ਸ਼ਹੀਦ ਬੇਅੰਤ ਸਿੰਘ ਦੀ ਵਿਧਵਾ ਨੂੰ ਜੱਗ ਜਾਹਰ ਕਰਕੇ ਸਾਹਿਬ ਕਾਂਸ਼ੀ ਰਾਮ ਨੇ ਯੂਨਾਈਟਿਡ ਅਕਾਲੀ ਦਲ ਵਲੋਂ ਰਿਜਰਵ ਰੋਪੜ ਤੋਂ ਸੰਸਦੀ ਚੋਣ ਲੜਾਉਣ ਦਾ ਰਾਹ ਖੋਲ੍ਹਿਆ। ਬਸਪਾ ਨੇ ਬੀਬੀ ਖਾਲਸਾ ਦੀ ਜਿੱਤ ਲਈ ਵੀ ਆਪਣਾ ਪੂਰਾ ਤਾਣ ਲਗਾ ਦਿੱਤਾ। ਉਧਰ ਬਠਿੰਡਾ ਰਿਜਰਵ ਹਲਕੇ ਤੋਂ ਸ਼ਹੀਦ ਬੇਅੰਤ ਸਿੰਘ ਦੇ ਸਤਿਕਾਰਯੋਗ ਪਿਤਾ ਬਾਬਾ ਸੁੱਚਾ ਸਿੰਘ ਮਲੋਆ ਵੀ ਜਿੱਤ ਗਏ। ਇਸ ਚੋਣ ਵਿਚ ਪਟਿਆਲਾ ਸੀਟ ਤੋਂ ਸ. ਅਤਿੰਦਰਪਾਲ ਸਿੰਘ, ਸੰਗਰੂਰ ਤੋਂ ਸ. ਰਾਜਦੇਵ ਸਿੰਘ ਖਾਲਸਾ, ਲੁਧਿਆਣਾ ਤੋ ਬੀਬੀ ਰਜਿੰਦਰ ਕੌਰ ਬੁਲਾਰਾ, ਫਿਰੋਜ਼ਪੁਰ ਤੋਂ ਜਥੇਦਾਰ ਧਿਆਨ ਸਿੰਘ ਮੰਡ, ਫਰੀਦਕੋਟ ਤੋਂ ਦਰਵੇਸ਼ ਸਿਆਸਤਦਾਨ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਸਮੇਤ ਯੂਨਾਈਟਿਡ ਅਕਾਲੀ ਦਲ ਦੇ ਸਾਂਸਦ ਜਿੱਤ ਗਏ। ਫਿਲੌਰ ਹਲਕੇ ਦੇ ਬਸਪਾ ਉਮੀਦਵਾਰ ਸ੍ਰੀ ਹਰਭਜਨ ਲਾਖਾ ਯੂਨਾਈਟਿਡ ਅਕਾਲੀ ਦਲ ਦੀ ਹਮਾਇਤ ਸਦਕਾ ਪੰਜਾਬ ਚੋਂ ਬਸਪਾ ਦੇ ਪਹਿਲੇ ਸਾਂਸਦ ਹੋਣ ਦਾ ਮਾਣ ਹਾਸਲ ਕਰ ਗਏ। ਚੁੱਪ ਚੁਪੀਤੇ ਹੋਏ ਇਸ ਗਠਜੋੜ ਦੀ ਬਦੌਲਤ ਜਲੰਧਰ ਤੋਂ ਜਨਤਾ ਪਾਰਟੀ ਦੇ ਕੱਦਾਵਾਰ ਆਗੂ ਸ੍ਰੀ ਇੰਦਰ ਕੁਮਾਰ ਗੁਜਰਾਲ ਤੇ ਅੰਮ੍ਰਿਤਸਰ ਤੋਂ ਸ. ਕਿਰਪਾਲ ਸਿੰਘ ਅਜ਼ਾਦ ਉਮੀਦਵਾਰ ਵਜੋਂ ਚੋਣ ਜਿੱਤ ਗਏ। ਕੌਮੀ ਪੱਧਰ ਤੇ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਗੁਰਦਾਸਪੁਰ (ਬੀਬੀ ਸੁਖਬੰਸ ਕੌਰ ਭਿੰਡਰ ) ਤੇ ਹੁਸ਼ਿਆਰਪੁਰ ( ਸ੍ਰੀ ਕਮਲ ਚੌਧਰੀ) ਸਾਂਸਦ ਜਿੱਤ ਕੇ ਮਹਿਜ਼ ਦੋ ਸੀਟਾਂ ਤੱਕ ਸਿਮਟ ਕੇ ਰਹਿ ਗਈ। ਇਸ ਚੋਣ ਵਿਚ ਬਾਦਲਕਿਆਂ ਦਾ ਖਾਤਾ ਵੀ ਨਾ ਖੁੱਲ੍ਹਿਆ ਤੇ ਸੱਭ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ । ਫਿਰੋਜ਼ਪੁਰ ਸੀਟ ਤੋਂ ਬਸਪਾ ਉਮੀਦਵਾਰ ਸ੍ਰੀ ਮੋਹਨ ਸਿੰਘ ਫਲੀਆਂ ਵਾਲਾ ਬਸਪਾ ਵਰਕਰਾਂ ਵਲੋਂ ਲੜੀ ਗਈ ਲੜਾਈ ਸਦਕਾ ਤਕਰੀਬਨ ਇਕ ਲੱਖ ਤੇਰਾਂ ਹਜਾਰ ਦੇ ਕਰੀਬ ਵੋਟ ਹਾਸਲ ਕਰ ਗਿਆ। ਇਸ ਚੋਣ ਵਿਚ ਮੇਰੇ ਘਰ ਬੈਠ ਕੇ ਕੁਝ ਚੋਣਵੇਂ ਮੁਲਾਜ਼ਮਾਂ ਵਲੋਂ ਇਕ ਲੱਖ ਦਸ ਹਜਾਰ ਰੁਪਏ ਚੋਣ ਫੰਡ ਵਜੋਂ ਇਕੱਠੇ ਕਰ ਲਏ ਗਏ। ਜਲੰਧਰ ਜਨਰਲ ਸਾਂਸਦੀ ਸੀਟ ਤੋਂ ਸ੍ਰੀ ਦੇਵੀ ਦਾਸ ਨਾਹਰ



ਬਸਪਾ ਉਮੀਦਵਾਰ ਸਨ ਜੋ 72000 ਕੁ ਵੋਟ ਹਾਸਲ ਕਰ ਸਕਿਆ।

ਚੋਣਾਂ ਤੋ ਤੁਰੰਤ ਬਾਅਦ ਬਸਪਾ ਦੇ ਸਾਰੇ ਵਿੰਗਾਂ ਦੇ ਆਗੂਆਂ ਤੇ ਮਿਸ਼ਨਰੀ ਕਾਰਜਕਰਤਾਵਾਂ ਦੀ ਇਕ ਭਰਵੀਂ ਮੀਟਿੰਗ ਸਾਹਿਬ ਦੇ ਇਕ ਸ਼ਰਧਾਲੂ ਆਂਧਰਾ ਪਰਦੇਸ ਤੋਂ ਸਾਂਸਦ ਸ੍ਰੀ ਚੰਦਰ ਮੋਹਣ ਵਾਲੇ ਫਲੈਟ ਸਾਊਥ ਐਵੇਨਿਊ ਵਿਖੇ ਰੱਖ ਲਈ ਗਈ । ਜਿਥੋਂ ਸਾਹਿਬ ਆਪਣਾ ਦਫਤਰ ਚਲਾ ਰਹੇ ਸਨ। ਮੀਟਿੰਗ ਦੌਰਾਨ ਸ੍ਰੀ ਦੇਵੀ ਦਾਸ ਨਾਹਰ ਨੇ ਇਕ ਬਹੁਤ ਹੀ ਗੰਭੀਰ ਇਲਜ਼ਾਮ ਲਗਾਇਆ ਕਿ " ਸਾਹਿਬ ਮੈਨੂੰ ਚਮਾਰਾਂ ਨੇ ਵੋਟਾਂ ਨਹੀਂ ਪਾਈਆਂ । ਬਸਪਾ ਜਲੰਧਰ ਜਿਲ੍ਹੇ ਦਾ ਪਰਧਾਨ ਸ੍ਰੀ ਰਾਮ ਲਾਲ ਜੱਸੀ ਕਹਿੰਦਾ ਰਿਹਾ ਹੈ ਕਿ ਚੂਹੜੇ ਨੂੰ ਵੋਟ ਨਾ ਪਾਓ ਫੰਡ ਫੂੰਡ ਦੇ ਦਿਓ ਬੱਸ। ਦੋਸ਼ ਦੀ ਗੰਭੀਰਤਾ ਨੂੰ ਭਾਂਪਦਿਆਂ ਸਾਰੇ ਇਕ ਤਰ੍ਹਾਂ ਸੁੰਨ ਈ ਹੋ ਗਏ। ਇਹ ਸੁਣ ਕੇ ਸਾਹਿਬ ਵੀ ਦੰਗ ਰਹਿ ਗਏ। ਉਹ ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਕਹਿਣ ਲੱਗੇ ਕਿ "ਇਸ ਦਾ ਕੀ ਸਬੂਤ ਐ।" ਨਾਹਰ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ ਕਿ- " ਸਾਹਿਬ ਮੇਰੇ ਪਾਸ ਬਹੁਤ ਪੁੱਖਤਾ ਤੇ ਠੋਸ ਸਬੂਤ ਐ। ਹੋਰ ਗੱਲਾਂ ਤੋਂ ਇਲਾਵਾ ਬਾਮਸੇਫ ਦੇ ਉਘੇ ਆਗੂ ਸ੍ਰੀ ਪੀ: ਡੀ: ਸ਼ਾਂਤ ਮੌਕੇ ਦਾ ਗਵਾਹ ਹੈ ਜਿਸਨੇ ਦਿਆਨਤਦਾਰੀ ਤੇ ਮਿਸ਼ਨਰੀ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਹੈ। "

ਸਾਹਿਬ ਕਹਿਣ ਲੱਗੇ ਠੀਕ ਐ ਕੱਲ ਦੀ ਮੀਟਿੰਗ ਵਿਚ ਸ਼ਾਂਤ ਨੂੰ ਬੁਲਾਇਆ ਜਾਵੇ। ਜੇ ਦੋਸ਼ ਸਾਬਤ ਹੋ ਗਿਆ ਤਾਂ ਨਾ ਸਿਰਫ ਦੋਸ਼ੀ ਨੂੰ ਜ਼ਿਲ੍ਹਾ ਪਰਧਾਨ ਦੇ ਅਹੁਦੇ ਤੋਂ ਈ ਬਰਖਾਸਤ ਕੀਤਾ ਜਾਵੇਗਾ ਬਲਕਿ ਉਹਨੂੰ ਤੁਰੰਤ ਪਾਰਟੀ ਚੋਂ ਬਾਹਰ ਵੀ ਕੱਢਿਆ ਜਾਵੇਗਾ। ਗੁਰਨਾਮ ਸਿੰਘ ਮੁਕਤਸਰ , ਚੌਧਰੀ ਦਰਸ਼ਨ ਲਾਲ ਜੇਠੂਮਜਾਰਾ, ਮੋਹਨ ਸਿੰਘ ਫਲੀਆਂ ਵਾਲਾ, ਯੂਥ ਵਿੰਗ ਦਾ ਪਰਧਾਨ ਸਤਨਾਮ ਕੈਂਥ, ਜੋਗਿੰਦਰਪਾਲ ਜੌਹਰੀ ਸਮੇਤ ਅਸੀਂ ਸਾਰੇ ਰਾਤ ਨੂੰ ਲਾਖਾ ਜੀ ਨਾਲ ਪੰਜਾਬ ਭਵਨ ਆ ਟਿਕੇ। ਅਗਲੇ ਦਿਨ ਮੀਟਿੰਗ ਤੋਂ ਪਹਿਲਾਂ ਪੀ: ਡੀ: ਸ਼ਾਂਤ ਕਹਿਣ ਲੱਗਾ ਕਿ--- "ਨਾਹਰ ਦਾ ਇਲਜ਼ਾਮ ਸਹੀ ਐ।ਮੈਂ ਹੀ ਉਹਨੂੰ ਸਾਡੇ ਗੈਰ ਮਿਸ਼ਨਰੀ ਆਗੂ ਦੀ ਕਰਤੂਤ ਬਾਰੇ ਦੱਸਿਆ ਹੈ। ਮੈਨੂੰ ਸਾਹਿਬ ਸਾਹਿਬ ਸਾਹਮਣੇ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ।"

ਅਗਲੇ ਦਿਨ ਮੀਟਿੰਗ ਵਿਚ ਸ਼ਾਮਲ ਸੱਭ ਕਾਰਜ ਕਰਤਾਵਾਂ ਤੇ ਆਗੂਆਂ ਦੀਆਂ ਨਜ਼ਰਾਂ ਇਸ ਬੇਹਦ ਸੰਵੇਦਨਸ਼ੀਲ ਮੁੱਦੇ ਤੇ ਟਿਕੀਆਂ ਹੋਈਆਂ ਸਨ।

"ਹਾਂ ਬਈ ਸ਼ਾਂਤ ਨਾਹਰ ਜੋ ਕਹਿੰਦਾ ਐ ਕੀ ਉਹ ਗੱਲ ਠੀਕ ਹੈ- ਸਾਹਿਬ ਨੇ ਪੀ: ਡੀ: ਸ਼ਾਂਤ ਨੂੰ ਖੜ੍ਹਾ ਕਰ ਕੇ ਪੁੱਛਿਆ? ਉਹਨੇ ਏਧਰ ਓਧਰ ਦੇਖਿਆ। ਕੁੱਝ ਦੇਰ ਚੁੱਪ ਗੜੁੱਪ ਖੜ੍ਹੇ ਰਹਿਣ ਬਾਅਦ ਝਿਜਕਦਿਆਂ ਤੇ ਲੜਖੜਾਉਂਦੀ ਜ਼ਬਾਨ 'ਚ ਉਹ ਕਹਿਣ ਲੱਗਾ -

"ਨਹੀਂ ਸਾਹਿਬ ਮੇਰੇ ਨੋਟਿਸ ਵਿਚ ਤਾਂ ਅਜੇਹੀ ਕੋਈ ਗੱਲ ਨਹੀਂ।"

ਸਾਹਿਬ ਕਾਂਸ਼ੀ ਰਾਮ ਮੱਥੇ ਹੱਥ ਮਾਰਦਿਆਂ ਕਹਿਣ ਲੱਗੇ-- "ਠੀਕ ਐ ਭਾਈ ਜਦੋਂ ਤੇਰਾ ਗਵਾਹ ਈ ਮੁੱਕਰ ਗਿਆ ਹੈ ਤਾਂ ਮੈਂ ਕੀ ਕਰ ਸਕਦਾ ਹਾਂ।"

ਇਸ ਘਟਨਾ ਤੋਂ ਬਾਅਦ ਪੰਜਾਬ ਬਸਪਾ ਅੰਦਰ ਨਵੀਂ ਸਫਬੰਦੀ ਸ਼ੁਰੂ ਹੋ ਗਈ। ਸਤਨਾਮ ਕੈਂਥ, ਰਾਮ ਲਾਲ ਜੱਸੀ, ਯੂਥ ਵਿੰਗ ਦੇ ਪਰਧਾਨ ਹਰਜਿੰਦਰ ਜੱਖੂ, ਬਲਜੀਤ ਮਚਾਕੀ, ਰਾਮ ਚੰਦ ਸੈਂਹਸੀ ਆਦਿ ਆਗੂਆਂ ਨੇ ਬਸਪਾ ਪੰਜਾਬ ਦੇ ਪਰਧਾਨ ਮੋਹਨ ਸਿੰਘ ਫਲੀਆਂ ਵਾਲਾ ਨੂੰ ਆਪਣੀ ਉਂਗਲ ਤੇ ਚੜ੍ਹਾ ਲਿਆ। ਬਾਮਸੇਫ ਆਗੂ ਗੁਰਨਾਮ ਸਿੰਘ ਮੁਕਤਸਰ, ਇਸਤਰੀ ਵਿੰਗ ਦੀ ਪਰਧਾਨ ਬੀਬੀ ਸੁਰਿੰਦਰ ਕੌਰ ਸਰਹਿੰਦ, ਕਿਸਾਨ ਵਿੰਗ ਦੇ ਪਰਧਾਨ ਮੇਜਰ ਪਿਰਤਪਾਲ ਸਿੰਘ ਬਰਾੜ, ਚੌਧਰੀ ਦਰਸ਼ਨ ਲਾਲ ਤੇ ਮੇਰੇ ਸਮੇਤ ਹੋਰ ਆਗੂ ਦੂਜੇ ਪਾਸੇ ਦਿੱਸਣ ਲੱਗੇ। ਸ੍ਰੀ ਦੇਵੀ ਦਾਸ ਨਾਹਰ ਨੇ ਇਕ ਦੋ ਚੋਣਵੇਂ ਵਾਲਮੀਕ ਆਗੂਆਂ ਸਮੇਤ ਬਸਪਾ ਛੱਡ ਦਿਤੀ ਤੇ ਆਪਣੇ ਨਾਲ ਬਾਰਾਂ ਚੋਂ ਗਿਆਰਾਂ ਜਿਲ੍ਹਾ ਪ੍ਰਧਾਨ ਤੇ ਹੋਰ ਆਗੂ ਹੋਣ ਦਾ ਦਾਅਵਾ ਕਰਨ ਲੱਗਾ।

ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਕਪੂਰਥਲਾ ਦੇ ਜਿਲ੍ਹਾ ਪ੍ਰਧਾਨ ਓਮ ਪ੍ਰਕਾਸ਼ ਸਿਧੀ ਦੀ ਪ੍ਰਧਾਨਗੀ ਹੇਠ ਸ਼ਾਲੀਮਾਰ ਬਾਗ ਕਪੂਰਥਲਾ ਵਿਚ ਇਕ ਵਾਲਮੀਕ ਸੰਮੇਲਨ ਰੱਖ ਦਿੱਤਾ। ਜਿੱਥੇ ਭਰਵਾਂ ਇਕੱਠ ਕਰਕੇ ਪਾਰਟੀ ਦੀ ਯੱਕ-ਜਿਹਤੀ ਅਤੇ ਇਕਮੁੱਠਤਾ ਦਾ ਇਜ਼ਹਾਰ ਕਰਦਿਆਂ ਸਾਹਿਬ ਨੇ ਦੱਸਿਆ ਕਿ ਪਾਰਟੀ ਕੋਈ ਦੋਫਾੜ ਨਹੀਂ ਹੋਈ। ਸਾਰੇ ਜਿਲ੍ਹਾ ਪ੍ਰਧਾਨ ਤੇ ਹੋਰ ਆਗੂ ਮੁਖਧਾਰਾ ਵਿਚ ਹਨ। ਹਾਂ ਸੰਤਰੇ ਚੋਂ ਇਕ ਫਾੜੀ ਜਰੂਰ ਅਲੱਗ ਹੋਈ ਐ।

ਇਸੇ ਸੰਮੇਲਨ ਵਿਚ ਸਾਹਿਬ ਕਾਂਸ਼ੀ ਰਾਮ ਨੇ ਪਹਿਲੀ ਵਾਰ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ- ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਜਿਸ ਮਹਾਰ ਜਾਤੀ ਵਿਚ ਪੈਦਾ ਹੋਏ ਕਿੱਤੇ ਦੇ ਹਿਸਾਬ ਨਾ਼ਲ ਉਹ ਵਾਲਮੀਕ ਸਮਾਜ ਦੇ ਨੇੜੇ ਹੈ। ਚਮਾਰਾਂ ਦੇ ਨਹੀਂ। ਪੰਜਾਬ ਵਿਚ ਜਿਹੜੇ ਲੋਕ ਆਪਣੇ ਆਪ ਨੂੰ ਵਾਲਮੀਕ ਕਹਾਉਂਦੇ ਹਨ ਵੱਖ ਵੱਖ ਸੂਬਿਆਂ ਵਿਚ ਬੋਲੀ ਦੇ ਹਿਸਾਬ ਨਾਲ ਉਹਨਾਂ ਨੂੰ ਵੱਖ ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਜਿਵੇਂ ਯੂਪੀ ਚ ਭੰਗੀ, ਮਧ ਪਰਦੇਸ਼ ਵਿਚ ਮੇਹਤਰ, ਤਾਮਿਲਨਾਡੂ ਵਿਚ ਪਰੀਆ, ਮਹਾਂਰਾਸ਼ਟਰ ਮਹਾਰ ਆਦਿ। ਮਹਾਂਰਾਸ਼ਟਰ ਦੇ ਚੁਮਾਰ ਨੇ ਬਾਬਾ ਸਾਹਿਬ ਨੂੰ ਨਹੀਂ ਅਪਣਾਇਆ ਤਾਂ ਉਹ ਪਛੜ ਗਏ ਹਨ।

ਪੰਜਾਬ ਦੇ ਵਾਲਮੀਕ/ਮਜ਼ਬੀ ਸਿੱਖ ਸਮਾਜ ਨੇ ਬਾਬਾ ਸਾਹਿਬ ਨੂੰ ਆਪਣਾ ਰਹਿਨੁਮਾ ਬਣਾਉਣ ਦੀ ਬਜਾਏ ਗਾਂਧੀ ਨੂੰ ਆਪਣਾ ਆਗੂ ਮੰਨਿਆਂ ਹੈ ਤੇ ਗਾਂਧੀ ਦੇ "ਹਰੀਜਨ" ਬਣਕੇ ਰਹਿ ਗਏ ਹਨ ਤੇ ਉਹ ਜ਼ਿੰਦਗੀ ਹਰ ਖੇਤਰ ਵਿਚ ਪਛੜ ਗਏ ਹਨ। ਓਹਨਾਂ ਨੇ ਪੂਰੀ ਬੇਬਾਕੀ ਨਾਲ ਇਹ ਇੰਕਸ਼ਾਫ ਵੀ ਕੀਤਾ ਕਿ ਪੰਜਾਬ ਦੇ ਚੁਮਾਰ ਉਹਨਾਂ ਨੂੰ ਇਹ ਗੱਲ ਦੱਸਣ ਤੋਂ ਮਨ੍ਹਾਂ ਕਰਦੇ ਹਨ। ਪਰ ਸੱਚਾਈ ਇਹ ਐ ਕਿ ਬਾਬਾ ਸਾਹਿਬ ਚੁਮਾਰ ਨਹੀਂ ਸਨ। ਮਹਾਰਾਂ ਦੀ ਤਰ੍ਹਾਂ ਪੰਜਾਬ ਦਾ ਵਾਲਮੀਕ ਸਮਾਜ ਵੀ ਬਾਬਾ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਚੱਲਕੇ ਜ਼ਿੰਦਗੀ ਦੇ ਹਰ ਖੇਤਰ ਵਿਚ ਅੱਗੇ ਵਧ ਸਕਦਾ ਹੈ। ਉਹਨਾਂ ਨੇ ਦੱਸਿਆ ਕਿ ਮੈਂ ਪੂਰੇ ਦੇਸ਼ ਦੇ ਵੱਖ ਵੱਖ ਟੁਕੜਿਆਂ 'ਚ ਵੰਡੇ ਹੋਏ ਸਮਾਜ ਨੂੰ ਭਾਈ ਚਾਰੇ ਦਾ ਸੀਮੈਂਟ ਲਾਕੇ ਜੋੜਨ ਲਈ ਯਤਨਸ਼ੀਲ ਹਾਂ ਤਾਂ ਕਿ ਬਹੁਜਨ ਸਮਾਜ ਆਪਣੇ ਬਲ ਬੂਤੇ ਨਾਲ ਇਸ ਦੇਸ਼ ਤੇ ਆਪਣੇ ਪੁਰਖਿਆਂ ਦਾ ਖੁੱਸਿਆ ਰਾਜ ਮੁੜ ਸਥਾਪਿਤ ਕਰ ਸਕੇ। ਜਿਨਾਂ ਚਿਰ ਬਹੁਜਨ ਸਮਾਜ ਨਹੀ ਬਣਦਾ ਬਹੁਜਨ ਸਾਡੀ ਆਬਾਦੀ 85 ਫੀਸਦੀ ਹੋਣ ਦੇ ਬਾਵਜੂਦ ਦਿੱਲੀ ਦੂਰ ਹੈ।

2014 ਦੀ ਚੋਣ ਵਿਚ ਨਾਮਵਰ ਗਾਇਕ ਹੰਸ ਰਾਜ ਹੰਸ ਲੋਕ ਸਭਾ ਜਲੰਧਰ ਰਿਜ਼ਰਵ ਤੋਂ ਸ਼ਰੋਮਣੀ ਅਕਾਲੀ ਦਾ ਉਮੀਦਵਾਰ ਸੀ । ਉਹ ਵੀ ਸ਼ਰੇਆਮ ਇਹ ਇਲਜ਼ਾਮ ਲਾਉਂਦਾ ਰਿਹਾ ਕਿ ਪਵਨ ਟੀਨੂੰ ਵਿਧਾਇਕ ਸ਼ਰੋਮਣੀ ਅਕਾਲੀ ਦਲ ਸਮੇਤ ਹੋਰਨਾਂ ਆਗੂਆਂ ਨੇ ਮੇਰਾ ਵਿਰੋਧ ਕੀਤਾ ਐ। ਬਾਦਲਕਿਆਂ ਵੱਲੋਂ ਉਹਦੀ ਸੰਤੁਸ਼ਟੀ ਨਾ ਕਰਵਾਏ ਜਾਣ ਕਾਰਨ ਉਹ ਸ਼ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਗਿਆ । ਕਾਂਗਰਸ ਪਾਰਟੀ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਹੰਸ ਰਾਜ ਹੰਸ ਨੂੰ ਰਾਜ ਸਭਾ ਚ ਲਿਜਾਣ ਦਾ ਝਾਂਸਾ ਦੇਕੇ ਕਾਂਗਰਸ ਪਾਰਟੀ ਵਿਚ ਲੈ ਗਏ। ਪਰ ਉੱਥੇ ਸਮਸ਼ੇਰ ਸਿੰਘ ਦੂਲੋ ਵਲੋਂ ਨੰਗਾ ਚਿੱਟਾ ਵਿਰੋਧ ਕਰਕੇ ਹੰਸ ਦੀ ਦਾਲ ਨਾ ਗਲਣ ਦਿੱਤੀ। ਇਹ ਵਾਕਿਆਤ ਮੀਡੀਆ ਦੀਆਂ ਸੁਰਖੀਆਂ ਬਣਦੇ ਰਹੇ।

ਦੂਜੀਆਂ ਮਨੂਵਾਦੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਲਈ ਅਜਿਹਾ ਵਰਤਾਰਾ ਸਹੀ ਹੋ ਸਕਦਾ ਹੈ। ਪਰ ਬਸਪਾ ਜਿਹੜੀ ਬਹੁਜਨ ਸਮਾਜ ਬਨਾਉਣ ਲਈ ਸਿਧਾਂਤਕ ਤੌਰ ਐਲਾਨੀਆਂ ਜਦੋ- ਜਹਿਦ ਕਰ ਰਹੀ ਐ ਉਸ ਦੇ ਕਿਸੇ ਆਗੂ ਜਾਂ ਕਾਰਕੁਨਾਂ ਵੱਲੋ ਪਾਈ ਜਾ ਰਹੀ ਅਜਿਹੀ ਪਿਰਤ ਨਿੰਦਣਯੋਗ ਹੈ। ਚਾਹੇ ਉਹ ਕਿਸੇ ਵੀ ਵਰਗ ਚੋਂ ਹੋਵੇ । ਇਹ ਰੁਝਾਨ ਜਿੱਥੇ ਮਾਨਵਤਾ ਵਿਰੋਧੀ ਹੈ ਉੱਥੇ ਗੈਰ ਸਿਧਾਂਤਕ ਵੀ ਹੈ। ਜੋ ਬਹੁਜਨਾਂ ਦੀ ਗੁਲਾਮੀ ਲਮਿਆਉਣ ਦਾ ਸਬੱਬ ਬਣਦੀ ਹੈ । ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ ਅਤੇ ਧਾਰਮਿਕ ਘਟ ਗਿਣਤੀਆਂ ਦਾ ਸੰਜੀਦਗੀ ਤੇ ਸੁਹਿਰਦਤਾ ਨਾਲ ਉਸਾਰਿਆ ਏਕਾ ਹੀ ਬੇੜਾ ਬੰਨੇ ਲਾ ਸਕਦਾ ਹੈ।

### 21 ਜੂਨ 2020 ਨੂੰ "ਪਿਤਾ ਦਿਵਸ" ਤੇ ਵਿਸ਼ੇਸ਼

# ਦੁਨੀਆਂ ਦੇ ਸਾਰੇ ਪਿਤਾ ਨੂੰ ਸਮਰਪਿਤ



ਪ੍ਰਮੋਦ ਧੀਰ ਜੈਤੋ

ਜਿਸ ਤਰਾਂ ਮਾਂ ਦਾ ਦਰਜਾ ਸਾਡੇ ਲਈ ਸਭ ਤੋਂ ਉੱਚਾ ਸਮਝਿਆ ਜਾਂਦਾ ਹੈ ਉਸੇ ਤਰਾਂ ਪਿਤਾ ਦਾ ਦਰਜ਼ਾ ਵੀ ਮਾਂ ਦੇ ਬਰਾਬਰ ਹੀ ਮੰਨਿਆ ਜਾਂਦਾ ਹੈ। ਹਰੇਕ ਪਿਤਾ ਆਪਣੇ ਬੱਚਿਆਂ ਲਈ ਦਿਨ ਰਾਤ ਮਿਹਨਤ ਕਰਕੇ ਕਿਰਤ ਕਮਾਈ ਕਰਦਾ ਹੈ । ਬੇਸ਼ਕ ਆਪ ਰੁੱਖੀ ਮਿੱਸੀ ਖਾ ਲਵੇ ਪਰ ਬੱਚਿਆਂ ਨੂੰ ਹਮੇਸ਼ਾ ਵਧੀਆ ਖਾਣਾ, ਚੰਗੀ ਸਿੱਖਿਆ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਂਦਾ ਹੈ ਅਤੇ ਜੀਵਨ ਜਿਉਣ ਦੀ ਜੁਗਤੀ ਵੀ ਸਿਖਾਉਂਦਾ ਹੈ। ਅੱਜ ਸਮੁੱਚੇ ਵਿਸ਼ਵ ਵਿੱਚ "ਪਿਤਾ ਦਿਵਸ" ਮਨਾਇਆ ਜਾ ਰਿਹਾ ਹੈ। ਆਓ ਇਸ ਵਿਸ਼ੇਸ਼ ਦਿਨ ਤੇ ਪਿਤਾ ਨੂੰ ਸਮਰਪਿਤ ਹੁੰਦੇ ਹੋਏ ਚੰਗੇ ਵਿਦਵਾਨਾਂ, ਗੁਰੂਆਂ, ਪੀਰਾਂ ਵੱਲੋਂ ਆਖੇ ਕੁਝ ਵਾਅਦੇ ਕਰੀਏ ਤੇ ਆਪਣੇ ਜੀਵਣ ਨੂੰ ਸਵਰਗਮਈ ਬਣਾਈਏ।

ਪਿਤਾ ਦੀ ਸਖਤੀ ਬਰਦਾਸ਼ਤ ਕਰੋ, ਤਾਂ ਕਿ ਕਾਬਿਲ ਇਨਸਾਨ ਬਣ ਸਕੋਂ।

ਪਿਤਾ ਦੀਆਂ ਗੱਲਾਂ ਗੌਰ ਨਾਲ ਸੁਣੋ, ਤਾਂ ਕਿ ਦੂਸਰਿਆਂ ਦੀ ਨਾਂ ਸੁਣਨੀ ਪਵੇ।

ਪਿਤਾ ਦੇ ਸਾਹਮਣੇ ਉੱਚਾਂ ਨਾਂ ਬੋਲੋ ਵਰਨਾ ਭਗਵਾਨ ਤੁਹਾਨੂੰ ਨੀਵਾਂ ਕਰ ਦੇਵੇਗਾ।

ਪਿਤਾ ਦਾ ਸਨਮਾਨ ਕਰੋ , ਤਾਂ ਕਿ ਤੁਹਾਡੀ ਸੰਤਾਨ ਤੁਹਾਡਾ ਸਨਮਾਨ ਕਰਕੇ।

ਪਿਤਾ ਦੀ ਇੱਜ਼ਤ ਕਰੋ, ਤਾਂ ਕਿ ਇਸਤੋਂ ਫਾਇਦਾ ਉਠਾ ਸਕੋਂ।

ਪਿਤਾ ਦਾ ਹੁਕਮ ਮੰਨੋ, ਤਾਂ ਕਿ ਖੁਸ਼ਹਾਲ ਰਹਿ ਸਕੋਂ।

ਪਿਤਾ ਦੇ ਸਾਹਮਣੇ ਨਜ਼ਰਾਂ ਝੁਕਾ ਕੇ ਰੱਖੋ, ਤਾਂ ਕੇ ਪ੍ਰਮਾਤਮਾ ਤੁਹਾਨੂੰ ਦੁਨੀਆਂ ਵਿੱਚ ਤਰੱਕੀਆਂ ਦੇਵੇ।

ਪਿਤਾ ਇੱਕ ਕਿਤਾਬ ਹੈ, ਜਿਸਤੇ ਅਨੁਭਵ ਲਿਖਿਆ ਜਾਂਦਾ ਹੈ।

ਪਿਤਾ ਦੇ ਹੰਝੂ ਤੁਹਾਡੇ ਸਾਹਮਣੇ ਨਾਂ ਡਿੱਗਣ, ਵਰਨਾ ਪ੍ਰਮਾਤਮਾ ਤੁਹਾਨੂੰ ਦੁਨੀਆਂ ਤੋਂ ਗਿਰਾ ਦੇਵੇਗਾ।

ਪਿਤਾ ਇੱਕ ਐਸੀ ਹਸਤੀ ਹੈ ..........

ਮਾਂ ਦਾ ਮੁਕਾਮ ਤਾਂ ਬੇਸ਼ਕ ਆਪਣੀ ਜਗ੍ਹਾ ਹੈ । ਪਰ ਪਿਤਾ ਦਾ ਵੀ ਕੋਈ ਘੱਟ ਨਹੀਂ, ਮਾਂ ਦੇ ਕਦਮਾਂ ਵਿੱਚ ਸਵਰਗ ਹੈ ਪਰ ਪਿਤਾ ਸਵਰਗ ਦਾ ਦਰਵਾਜਾ ਹੈ, ਅਗਰ ਦਰਵਾਜਾ ਨਾਂ ਖੁਲ੍ਹਿਆ ਤਾਂ ਸਵਰਗ ਦੇ ਅੰਦਰ ਕਿਵੇਂ ਜਾਓਗੇ?

ਭਾਵੇਂ ਗਰਮੀ ਹੋਵੇ ਜਾਂ ਸਰਦੀ ਜੋ ਆਪਣੇ ਬੱਚਿਆਂ ਦੀ ਰੋਜ਼ੀ ਰੋਟੀ ਦੀ ਫਿਕਰ 'ਚ ਪਰੇਸ਼ਾਨ ਰਹਿੰਦਾ ਹੈ, ਨਾਂ ਕੋਈ ਪਿਤਾ ਦੇ ਵਾਂਗ ਆਪਣੇ ਬੱਚਿਆਂ ਨੂੰ ਪਿਆਰ ਦੇ ਸਕਦਾ ਹੈ ਨਾਂ ਕਰ ਸਕਦਾ ਹੈ।

ਯਾਦ ਰੱਖੋ ਸੂਰਜ ਗਰਮ ਜਰੂਰ ਹੁੰਦਾ ਹੈ ਪਰ ਡੁੱਬ ਜਾਵੇ ਤਾਂ ਅੰਧੇਰਾ ਛਾ ਜਾਂਦਾ ਹੈ।



# ਬਹੁਜਨ ਸਮਾਜ ਬਣਾਕੇ ਅਸੀ ਹੁਕਮਰਾਨ ਬਣ ਸਕਦੇ ਹਾਂ- ਕਾਂਸ਼ੀ ਰਾਮ



ਲਾਲ ਸਿੰਘ ਸੁਲਹਾਣੀ
91-98721-55120

ਮਹਾਂਰਾਸ਼ਟਰ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਸਨ ਤੇ ਮੈਨੂੰ ਨਾਗਪੁਰ ਜਾਕੇ ਮੋਰਚਾ ਮੱਲ ਲੈਣ ਦੇ ਆਦੇਸ਼ ਆ ਗਏ ਸਨ। ਮੈਂ ਆਪਣੇ ਇਕ ਸਾਥੀ ਸਜੌਲ ਸਿੰਘ ਨੂੰ ਨਾਲ ਲੈਕੇ ਪੰਜਾਬ ਮੇਲ ਰਾਹੀਂ ਜਨਵਰੀ 1995 ਵਿਚ ਤਿਆਰੀ ਖਿੱਚ ਲਈ। ਹਰਭਜਨ ਲਾਖਾ ਮੈਂਬਰ ਪਾਰਲੀਮੈਂਟ ਉਥੇ ਪਹਿਲਾਂ ਹੀ ਪੁੱਜ ਗਏ ਸਨ। ਅਸੀਂ ਦੱਖਣੀ ਨਾਗਪੁਰ ’ਚ ਨਾਰੀ ਰੋਡ ’ਤੇ ਸਥਿਤ ਬਸਪਾ ਦਫਤਰ ਜਾ ਝੰਡੇ ਗੱਡੇ। ਕੁਝ ਦਿਨਾਂ ਬਾਅਦ ਅਵਤਾਰ ਸਿੰਘ ਕਰੀਮਪੁਰੀ ਵੀ ਆਪਣੇ ਦੋ ਗੰਨਮੈਨ ਲੈਕੇ ਆ ਧਮਕਿਆ। ਮੇਰੇ ਪਿੰਡ ਦੇ ਕੁੱਝ ਮਿਸਤਰੀ ਪ੍ਰਵਾਰ ਉਸ ਖੇਤਰ ਵਿੱਚ ਚੰਗੇ ਕਾਰੋਬਾਰ ਦੇ ਮਾਲਕ ਹਨ। ਮੈਂ ਉਹਨਾਂ ਨਾਲ ਜਾ ਸਾਂਝ ਪਾਈ। ਮੱਧ ਪ੍ਰਦੇਸ਼ ਇਕਾਈ ਦੀ ਬਸਪਾ ਦੀ ਮਹਿਲਾ ਪ੍ਰਧਾਨ ਬੀਬੀ ਕੁੰਤੀ ਕੁਰਰੇ ਵੀ ਪੁੱਜ ਗਏ। ਜੋ ਬੜੀ ਉੱਚੀ ਲੰਮੀ ਖੂਬਸੂਰਤ ਤੇ ਸਲੀਕੇ ਵਾਲੀ ਆਗੂ ਸੀ ਆਪਣੀਆਂ ਦੋ ਕੁ ਸਾਥਣਾਂ ਨਾਲ ਸਾਡੇ ਜਥੇ ਵਿਚ ਸ਼ਾਮਲ ਹੋ ਗਈ। ਉਹ ਬੀਬੀ ਲਾਖਾ ਜੀ ਦੀ ਚੰਗੀ ਸ਼ਰਧਾਲੂ ਸੀ। ਲੋਕਲ ਸਾਥੀਆਂ ਨੂੰ ਨਾਲ ਲੈਕੇ ਅਸੀਂ ਨੁੱਕੜ ਮੀਟਿੰਗਾਂ ਰਾਹੀਂ ਬਹੁਜਨ ਸਮਾਜ ਦੀ ਉੱਭਰ ਰਹੀ ਸ਼ਕਤੀ ਦੀ ਜਾਣਕਾਰੀ ਦਿੰਦੇ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਮੰਨਣ ਵਾਲਿਆਂ ਦੀ ਉਧਰ ਕਮੀ ਨਹੀਂ। ਬਾਬਾ ਸਾਹਿਬ ਦੇ ਆਦਮ ਕੱਦ ਬੁੱਤ ਹਰ ਪਾਸੇ ਵੇਖਣ ਨੂੰ ਮਿਲਦੇ, ਉਨ੍ਹਾਂ ਦੇ ਗੁਣ ਗਾਇਨ ਕਰਨ ਵਾਲੇ ਟੋਲੇ ਮਿਲਦੇ, ਘਰਾਂ ਵਿੱਚ ਲੱਗੀਆਂ ਬਾਬਾ ਸਾਹਿਬ ਦੀਆਂ ਤਸਵੀਰਾਂ ਦੇ ਦਰਸ਼ਨ ਹੋ ਜਾਂਦੇ। ਪਰ ਕਮੀ ਸੀ ਤਾਂ ਸੰਗਠਨ ਦੀ। ਕਮੀ ਸੀ ਮਨੋਬਲ ਦੀ। ਬਾਬਾ ਸਾਹਿਬ ਦੇ ਨਾਮ ਲੇਵਾ ਛੋਟੇ ਮੋਟੇ ਗਰੁੱਪਾਂ ’ਚ ਵੰਡੇ ਹੋਏ ਸਨ ।ਆਰ. ਪੀ. ਆਈ. ਅਤੇ ਦਲਿਤ ਪੈਂਥਰ ਦੇ ਨਿੱਕੇ ਨਿੱਕੇ ਕਈ ਗਰੁੱਪ ਸਨ ਜਿਨ੍ਹਾਂ ਦੀ ਆਪਸੀ ਖਹਿਬਾਜ਼ੀ ਸਿਖਰ ਤੇ ਸੀ। ਪੰਜਾਬੀ ’ਚ "ਅਸਲੀ ਤੇ ਵੱਡੀ ਹੀਰ" ਦੇ ਕਿੱਸੇ ਵਾਂਗੂੰ ਸਾਰੇ ਆਪਣੇ ਆਪ ਨੂੰ ਅਸਲੀ ਤੇ ਵੱਡੀ ਧਿਰ ਸਮਝਦੇ ਸਨ। ਪਰ ਸਨ ਸਾਰੇ ਗੁੱਟ ਕਿਸੇ ਨਾ ਕਿਸੇ ਬ੍ਰਾਹਮਣਵਾਦੀ ਪਾਰਟੀ ਦੇ ਪਿਛਲੱਗੂ। ਇਉਂ ਬਾਬਾ ਸਾਹਿਬ ਨੂੰ ਮੰਨਣ ਵਾਲਿਆਂ ਦਾ ਬਾਬਾ ਸਾਹਿਬ ਦੀ ਜਨਮ ਭੂਮੀ ਤੇ ਕੋਈ ਮਹੱਤਵ ਪੂਰਨ ਪ੍ਰਭਾਵ ਨਹੀਂ ਸੀ। ਬ੍ਰਾਹਮਣਵਾਦੀ ਪਾਰਟੀਆਂ ਉਹਨਾਂ ਨੂੰ ਟੁੱਕ ਤੇ ਡੇਲੇ ਤੋਂ ਵੱਧ ਅਹਿਮੀਅਤ ਨਹੀਂ ਦਿੰਦੀਆਂ ।ਨਾਗਪੁਰ ਨੂੰ ਬਾਬਾ ਸਾਹਿਬ ਦੀ ਕਰਮਭੂਮੀ ਵਜੋਂ ਜਾਣਿਆ ਜਾਂਦਾ ਹੈ ਦੱਖਣੀ ਨਾਗਪੁਰ ਵਿੱਚ ਬਸਪਾ ਦਾ ਸੂਬਾਈ ਦਫਤਰ ਹੈ ਜਿਥੋਂ ਸਾਹਿਬ ਕਾਂਸ਼ੀ ਰਾਮ ਦੀ ਸੰਪਾਦਨਾਂ ਵਾਲਾ ਮਰਾਠੀ ਵਿਚ ਆਫੀਸ਼ਲ ਹਫਤਾਵਾਰੀ ਅਖਬਾਰ ਬਹੁਜਨ ਨਾਇਕ ਇਕ ਬੈਂਕ ਅਧਿਕਾਰੀ ਸ੍ਰੀ 'ਅਨੰਦ ਰਾਹਟੇ' ਦੀ ਦੇਖ ਰੇਖ ਪ੍ਰਕਾਸ਼ਿਤ ਕੀਤਾ ਜਾ ਰਿਹਾ ਸੀ । ਫਿਰ ਵੀ ਬਸਪਾ ਦਾ ਕੋਈ ਸ਼ਕਤੀ ਸ਼ਾਲੀ ਸੰਗਠਨ ਦੇਖਣ ਨੂੰ ਨਹੀਂ ਮਿਲਿਆ। ਸੂਬਾਈ ਇਕਾਈ ਦੇ ਪ੍ਰਧਾਨ ਸ੍ਰੀ ਕਿਸ਼ਨ ਓਬਾਲੇ ਸਨ ਤੇ ਉਹ ਮੀਆਂ ਬੀਵੀ ਪੂਰੀ ਤਰ੍ਹਾਂ ਮਿਸ਼ਨ ਨੂੰ ਸਮਰਪਿਤ ਸਨ।

ਇਕ ਤੇ ਦੋ ਫਰਵਰੀ 1995 ਨੂੰ ਦੱਖਣੀ ਨਾਗਪੁਰ ਦੀਆਂ ਚੋਣ ਸਭਾਵਾਂ ਨੂੰ ਸਾਹਿਬ ਕਾਂਸ਼ੀ ਰਾਮ ਨੇ ਸੰਬੋਧਨ ਕਰਨਾ ਸੀ ਤੇ ਅਸੀਂ ਉਸਦੀ ਤਿਆਰੀ ’ਚ ਲੱਗੇ ਹੋਏ ਸਾਂ। "ਹਾਂ ਬਈ ਪੰਜਾਬ ਵਾਲਿਓ ਆਪ ਦੇ ਰਹਿਣ ਬਹਿਣ ਦਾ, ਖਾਣ ਪੀਣ ਦਾ ਬੰਦੋਬਸਤ ਠੀਕ ਹੈ।" - ਸਾਨੂੰ ਦੇਖਕੇ ਖੁਸ਼ ਹੁੰਦਿਆਂ ਸਾਹਿਬ ਨੇ ਆਉਂਦਿਆਂ ਈ ਪੁੱਛਿਆ।

ਹਾਂ ਸਰ ਸੱਭ ਠੀਕ ਠਾਕ ਐ ਇਧਰ ਲਾਖਾ ਜੀ ਸਾਡੇ ਨਾਲ ਹਨ - ਮੈਂ ਦੱਸਿਆ।

"ਅੱਛਾ! ਫੇਰ ਠੀਕ ਐ ਲਾਖਾ ਤਾਂ ਜਾਣਕਾਰ ਹੈ ਇਧਰ ਦਾ। ਉਹ ਸੱਭ ਬੰਦੋਬਸਤ ਕਰ ਸਕਦਾ ਹੈ।" ਸਾਹਿਬ ਨੇ ਲਾਖਾ ਜੀ ਤੇ ਭਰੋਸਾ ਜਿਤਾਉਂਦਿਆਂ ਆਖਿਆ। ਦਿਨ ਵੇਲੇ ਉਹ ਦਿਹਾਤੀ ਖੇਤਰ ਵਿੱਚ ਚਲੇ ਜਾਂਦੇ ਤੇ ਸ਼ਾਮ ਸੱਤ ਵਜੇ ਸ਼ਹਿਰ ਵਿੱਚ ਰੱਖੀਆਂ ਚੋਣ ਸਭਾਵਾਂ ਨੂੰ ਸੰਬੋਧਨ ਕਰਦੇ। ਕਮਲ ਚੌਕ ਵਿੱਚ ਰੱਖੀ ਵਿਸ਼ਾਲ ਚੋਣ ਸਭਾ ਨੂੰ ( ਹਿੰਦੀ ’ਚ) ਸੰਬੋਧਨ ਕਰਦਿਆਂ ਉਹਨਾਂ ਨੇਕਿਹਾ ਕਿ-

ਸਾਥੀਓ ! ਮੈਂ ਲੰਮੇ ਸਮੇਂ ਤੋਂ ਮੀਟਿੰਗਾਂ ਤੇ ਕੇਡਰ ਕੈਂਪਾਂ ਰਾਹੀਂ ਆਪ ਨੂੰ ਤਿਆਰ ਕਰਦਾ ਆ ਰਿਹਾ ਹਾਂ। ਤੁਸੀਂ ਮੇਰੇ ਖਿਆਲਾਂ ਤੋਂ ਭਲੀ ਭਾਂਤ ਜਾਣੂ ਹੋ। ਹੁਣ ਮਹਾਂਰਾਸ਼ਟਰ ਵਿੱਚ ਜਦੋਂ ਆਪ ਨੂੰ ਆਪਣੀ ਮਨਮਰਜ਼ੀ ਦੀ ਸਰਕਾਰ ਚੁਣਨ ਦਾ ਮੌਕਾ ਮਿਲ ਰਿਹਾ ਹੈ ਤਾਂ ਮੈਂ ਇਸ ਮੌਕੇ ’ਤੇ ਚੋਣ ਸੰਬੰਧੀ ਹੀ ਗੱਲ ਕਰਨਾ ਚਾਹਾਂਗਾ। ਆਪ ਆਰ. ਪੀ. ਆਈ. ਦੇ ਮਾਧਿਅਮ ਤੋਂ ਲੰਮੇ ਸਮੇਂ ਤੋ ਵੋਟ ਦਾ ਇਸਤੇਮਾਲ ਕਰਦੇ ਆ ਰਹੇ ਹੋ। ਚੋਣ ਲੜਨ ਦਾ ਮਕਸਦ ਬਾਬਾ ਸਾਹਿਬ ਦੀ ਮੂਵਮੈਂਟ ਨੂੰ ਚਲਾਉਣਾ ਹੈ। ਨਾਗਪੁਰ ਬਾਬਾ ਸਾਹਿਬ ਦੀ ਕਰਮਭੂਮੀ ਵਜੋਂ ਜਾਣਿਆ ਜਾਂਦਾ ਹੈ ਇਸਮੌਕੇ ਤੇ ਮੈਂ ਆਪ ਨੂੰ ਆਪਣੇ ਆਪ ਤੇ ਭਰੋਸਾ ਕਾਇਮ ਕਰਾਉਣ ਲਈ ਆਇਆ ਹਾਂ। ਆਪ ਸੱਭ ਜਾਣਕਾਰ ਲੋਕ ਹੋ ਪਰ ਉਸ ਜਾਣਕਾਰੀ ਦੇ ਅਧਾਰ ’ਤੇ ਆਪਣੀ ਜ਼ਿੰਮੇਵਾਰੀ ਉਸ ਪੱਧਰ ਤੇ ਨਹੀਂ ਨਿਭਾ ਸਕੇ ਜਿਸ ਪੱਧਰ ਤੇ ਨਿਭਾਉਣੀ ਚਾਹੀਦੀ ਸੀ। ਮੈਂ ਅਮਰਾਵਤੀ ਤੋਂ ਵਾਪਿਸ ਆਉਂਦਿਆਂ ਆਪਣੇ ਸਾਥੀ "ਬਾਲੇ ਨੂੰ ਪੁੱਛ ਰਿਹਾ ਸੀ ਕਿ ਇਧਰ ਕੁਝ ਲੋਕਾਂ ਨੇ ਅਧਿਐਨ ਅਭਿਆਨ ਚਲਾਇਆ ਸੀ ਉਹਨਾਂ ਦਾ ਅਧਿਐਨ ਪੂਰਾ ਹੋ ਗਿਆ ਹੈ ਕਿ ਨਹੀਂ? ਅਧਿਐਨ ਕਿਸੇ ਮਕਸਦ ਲਈ ਕੀਤਾ ਜਾਂਦਾ ਹੈ ਪਰ ਜੇ ਅਧਿਐਨ ਹੀ ਮਕਸਦ ਬਣ ਕੇ ਰਹਿ ਜਾਵੇ ਤਾਂ ਉਸਦਾ ਕੀ ਫਾਇਦਾ? ਜਦੋਂ ਕੁਝ ਪੈਸਾ ਇਕੱਠਾ ਹੋ ਜਾਂਦਾ ਹੈ ਤਾਂ ਇਹ ਲੋਕ ਇਕ ਖੋਲੀ ਹੋਰ ਬਣਾ ਦਿੰਦੇ ਹਨ ਆਪਣੇ ਇਕ ਹੋਰ ਬੱਚੇ ਨੂੰ ਅੱਗੇ ਵਧਾਉਣ ਲਈ। ਬਈ ਖੋਲੀ ਬਣਾਉਣ ਲਈ ਅਧਿਐਨ ਦੀ ਕਿਆ ਜਰੂਰਤ ਹੈ? ਅਧਿਐਨ ਇਸ ਲਈ ਜਰੂਰੀ ਹੈ ਕਿ ਗਿਆਨ ਹਾਸਲ ਕਰਕੇ ਕਿਸੇ ਮਕਸਦ ਨੂੰ ਪੂਰਾ ਕੀਤਾ ਜਾਵੇ ਪਰ ਮਕਸਦ ਅਧੂਰਾ ਹੈ, ਮਕਸਦ ਅਜੇ ਪੂਰਾ ਨਹੀਂ ਹੋਇਆ।

ਨਾਗਪੁਰ ਮੈਂ ਬਾਅਦ ’ਚ ਆਇਆ। 1960 ਤੋਂ ਪਹਿਲਾਂ ਮੈਂ ਪੂਨਾ ’ਚ ਸੀ। ਉਸ ਸਮੇਂ ਮੈਨੂੰ ਕੋਈ ਜ਼ਿਆਦਾ ਜਾਣਕਾਰੀ ਨਹੀਂ ਸੀ ਤੇ ਦਿਲਚਸਪੀ ਵੀ ਨਹੀਂ ਸੀ। 1964-65 ’ਚ ਜਦੋਂ ਮੈਂ ਮੀਟਿੰਗਾਂ ’ਚ ਜਾਣ ਲੱਗਾ ਦਿਲਚਸਪੀ ਹੋਣ ਲੱਗੀ। ਉਸ ਸਮੇਂ ਦੇ ਨੇਤਾ ਮੀਟਿੰਗਾਂ ’ਚ ਦੱਸਿਆ ਕਰਦੇ ਸਨ ਕਿ ਬਾਬਾ ਸਾਹਿਬ ਨੇ ਕਿਹਾ ਸੀ ਕਿ- "ਦਲਿਤੋ ਆਪਣੀਆਂ ਦੀਵਾਰਾਂ ’ਤੇ ਲਿਖ ਲਵੋ ਕਿ ਅਸੀਂ ਇਸ ਦੇਸ ਦੇ ਹੁਕਮਰਾਨ ਸੀ ਅਸੀਂ ਦੇਸ ਦੇ ਹੁਕਮਰਾਨ ਬਣਨਾ ਹੈ।" ਜਦੋਂ ਉਹ ਇਹ ਗੱਲ ਦੱਸਦੇ ਸਨ ਤਾਂ ਮੈਨੂੰ ਚੰਗਾ ਲੱਗਦਾ ਸੀ ਤੇ ਮੈਂ ਸੋਚਦਾ ਸੀ ਕਿ ਇਸ ਮਕਸਦ ਨੂੰ ਪੂਰਾ ਕਰਨਾ ਚਾਹੀਦਾ ਹੈ ਪਰ ਉਹ ਲੋਕ ਇਸ ਮਕਸਦ ਨੂੰ ਭੁੱਲ ਭੁਲਾ ਗਏ ਹਨ। ਜਦੋਂ ਮੈਂ ਉਹਨਾਂ ਨੂੰ ਇਹ ਗੱਲ ਯਾਦ ਕਰਾਉਂਦਾ ਹਾਂ ਤਾਂ ਗਾਂਧੀ ਦੇ ਖੱਦਰ ਦੇ ਕੱਪੜੇ ਉਹਨਾਂ ਨੂੰ ਪ੍ਰੇਸ਼ਾਨ ਕਰਦੇ ਹਨ।

ਖਾਸ ਕਰਕੇ ਦਾਦਾ ਸਾਹਿਬ ਰੂਪਵਤੇ ਇਕ ਨੇਤਾ ਸੀ ਉਹ ਬਹੁਤ ਕਿਹਾ ਕਰਦਾ ਸੀ। ਖੱਦਰ ਪਾਕੇ ਉਹ ਐਮ. ਐਲ. ਸੀ. ਬਣ ਗਏ, ਬਾਅਦ ਵਿੱਚ ਮੰਤਰੀ ਵੀ ਬਣੇ। ਮੈਂ ਉਹਨਾਂ ਨੂੰ ਕਿਹਾ ਕਿ ਆਪ ਮਿਸ਼ਨ ਛੱਡ ਕੇ ਕਾਂਗਰਸ ਦੇ ਪਿੱਛਲਗੂ ਬਣ ਗਏ ਹੋ ਮੇਰੇ ਤੋਂ ਜ਼ਿਆਦਾ ਤੁਸੀਂ ਸਮਝਦੇ ਹੋ



ਕਿ ਕਾਂਗਰਸ ਬ੍ਰਾਹਮਣਾਂ ਦੀ ਏ ਟੀਮ ਹੈ। ਬ੍ਰਾਹਮਣਵਾਦ ਨੂੰ ਟਿਕਾ ਕੇ ਰੱਖਣ ਲਈ ਜਿੰਨਾ ਕੰਮ ਕਾਂਗਰਸ ਨੇ ਕੀਤਾ ਹੈ ਭਾਰਤੀ ਜਨਤਾ ਪਾਰਟੀ ਲਈ ਉਤਨਾ ਕੰਮ ਕਰਨਾ ਅਜੇ ਬਾਕੀ ਹੈ ਇਸ ਗੱਲ ਦੀ ਜਾਣਕਾਰੀ ਮੈਨੂੰ ਬਾਬਾ ਸਾਹਿਬ ਦੀਆਂ ਲਿਖਤਾਂ "Anhilation of Caste" (ਜਾਤ ਪਾਤ ਦਾ ਬੀਜ਼ ਨਾਸ਼) ਤੇ "What Congress and Gandhi has done for scheduled castes" (ਗਾਂਧੀ ਅਤੇ ਕਾਂਗਰਸ ਨੇ ਅਨੁਸੂਚਿਤ ਜਾਤੀਆਂ ਲਈ ਕੀ ਕੀਤਾ?) ਪੜ੍ਹ ਕੇ ਹੋਈ ਹੈ ਕਿ ਕਾਂਗਰਸ ਏ ਟੀਮ ਹੈ। ਬੀ. ਜੇ. ਪੀ. ਬੀ ਟੀਮ ਹੈ। ਆਪ ਆਰ. ਪੀ. ਆਈ. ਛੱਡ ਕੇ ਕਾਂਗਰਸ ਦੇ ਪਿੱਛੇ ਖੜੇ ਹੋ ਗਏ ਓ। ਕਾਂਗਰਸ ਮਜਬੂਤ ਹੋ ਰਹੀ ਹੈ। ਜੇ ਕਾਂਗਰਸ ਤੋਂ ਪਾਸੇ ਹੱਟ ਜਾਓ ਤਾਂ ਉਹ ਕਮਜ਼ੋਰ ਹੁੰਦੀ ਹੈ। ਜੇ ਬਹੁਜਨ ਸਮਾਜ ਆਪਣੇ ਪੈਰਾਂ ਤੇ ਖੜ੍ਹਾ ਹੋ ਜਾਵੇ ਤਾਂ ਉਸਦੀ ਸ਼ਕਤੀ ਬਣਦੀ ਹੈ। ਅੰਬੇਡਕਰਵਾਦ ਚਲਾਉਣ ਦੀ ਜਿਹਨਾਂ ਲੋਕਾਂ ਦੀ ਜ਼ਿੰਮੇਵਾਰੀ ਹੈ ਉਹ ਆਪਣੇ ਸੁਆਰਥਾਂ ਕਾਰਨ, ਆਪਣੇ ਲਾਲਚਾਂ ਕਾਰਨ ਕਾਂਗਰਸ ਦੇ ਪਿੱਛੇ ਖੜ੍ਹੇ ਹੋ ਗਏ ਹਨ। ਉਹ ਕਹਿਣ ਲੱਗੇ ਕਿ ਮਿਸ਼ਨ ਤਾਂ ਚੰਗਾ ਹੈ, ਮਕਸਦ ਵੀ ਵਧੀਆ ਹੈ ਪਰ ਬਾਬਾ ਸਾਹਿਬ ਦਾ ਨਾਂ ਲੈ ਕੇ ਉਹ ਐਮ. ਐਲ. ਏ.K ਐਮ. ਪੀ. ਨਹੀਂ ਬਣ ਸਕਦੇ ਤੇ ਇਸ ਤਰ੍ਹਾਂ ਸਮਾਜ ਵੀ ਉਨ੍ਹਾਂ ਦੀ ਕਦਰ ਨਹੀਂ ਕਰਦਾ।ਮੈਂ ਆਖਦਾ ਹਾਂ ਕਿ ਜੇ ਸਮਾਜ ਕਦਰ ਨਹੀਂ ਕਰਦਾ ਤਾਂ ਸਮਾਜ ਨੂੰ ਬਦਲਣਾ ਹੈ, ਸਮਾਜ ਦੀ ਸੋਚ ਨੂੰ ਬਦਲਣਾ ਹੈ। ਇਸ ਲਈ ਮੈਂ ਜਾਣਕਾਰ ਲੋਕਾਂ ਤੋਂ ਕਿਨਾਰਾ ਕਰਕੇ ਉੱਤਰੀ ਭਾਰਤ ’ਚ ਖਾਸ ਕਰਕੇ ਉੱਤਰ ਪ੍ਰਦੇਸ਼ ਚ ਮਿਸ਼ਨ ਦਾ ਕੰਮ ਸ਼ੁਰੂ ਕੀਤਾ। ਉਹ ਲੋਕ ਬਾਬਾ ਸਾਹਿਬ ਅੰਬੇਦਕਰ ਨੂੰ ਨਹੀਂ ਜਾਣਦੇ ਸਨ, ਮਹਾਤਮਾ ਜੋਤੀ ਬਾ ਫੂਲੇ ਅਰ ਸ਼ਾਹੂ ਜੀ ਮਹਾਰਾਜ ਨੂੰ ਜਾਣਨ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਮੈਂ ਉਹਨਾਂ ਨੂੰ ਦੱਸਦਾ ਸੀ ਕਿ ਇਕ ਬਾਬਾ ਸਾਹਿਬ ਹੋਏ ਹਨ ਉਹਨਾਂ ਨੇ ਇਹ ਕੀਤਾ ਔਹ ਕੀਤਾ। ਫੂਲੇ, ਸ਼ਾਹੂ ਨੇ ਇਹ ਕੀਤਾ ਔਹ ਕੀਤਾ। ਉਹ ਕਹਿੰਦੇ ਸਨ ਬਈ ਕਹਾਣੀ ਤਾਂ ਅੱਛੀ ਹੈ। ਮੈਂ ਕਿਹਾ ਕਹਾਣੀ ਤਾਂ ਅੱਛੀ ਹੈ ਪਰ ਅਧੂਰੀ ਹੈ। ਅਸੀਂ ਦੁਸ਼ਮਣ ਤੋਂ ਪਿੱਛੇ ਹਟ ਜਾਈਏ ਤੇ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਈਏ ਤਾਂ ਪੂਰੀ ਹੋ ਸਕਦੀ ਹੈ। ਇਹ ਕੰਮ ਮੁਸ਼ਕਲ ਜਰੂਰ ਹੈ ਪਰ ਅਸੰਭਵ ਨਹੀਂ। ਜਦੋਂ ਤੱਕ ਇਹ ਕੰਮ ਪੂਰਾ ਨਹੀਂ ਹੋ ਜਾਂਦਾ ਸਬਰ ਰੱਖਣਾ ਹੋਵੇਗਾ।

ਅਸੀਂ ਉੱਤਰ ਪ੍ਰਦੇਸ਼ ’ਚ ਦਸ ਸਾਲ ਪਹਿਲਾਂ ਕੰਮ ਸ਼ੁਰੂ ਕੀਤਾ। ਅਸੰਬਲੀ ਦੀਆਂ 425 ਸੀਟਾਂ ਵਿੱਚੋਂ 233 ਸੀਟਾਂ ’ਤੇ ਉਮੀਦਵਾਰ ਖੜ੍ਹੇ ਕਰਕੇ ਉਨ੍ਹਾਂ ਨੂੰ ਇਕ ਜਗ੍ਹਾ ਇਕੱਠੇ ਕਰਕੇ ਕਿਹਾ ਕਿ ਆਪ ਨੂੰ ਇਹ ਟਿਕਟ ਤਾਂ ਲਖਨਊ ਦਾ ਦਿੱਤਾ ਗਿਆ ਹੈ ਪਰ ਤੁਹਾਡੇ ਵਿਚੋਂ ਕੋਈ ਵੀ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਨਹੀਂ ਜਾ ਸਕੇਗਾ। ਇਹ ਸਿਰਫ਼ ਪਲੇਟਫਾਰਮ ਟਿਕਟ ਹੈ ਸਾਡਾ ਇਕ ਲਾਈਨ ਦਾ ਚੋਣ ਮੈਨੀਫੈਸਟੋ ਹੈ-
"ਹਮ ਟਿਕਟ ਬਨਾਨਾ ਸੀਖੇਂਗੇ"

ਇਸ ਲਈ ਤੁਹਾਨੂੰ ਸਬਰ ਰੱਖਣਾ ਪਵੇਗਾ। ਦਸ ਸਾਲ ਪਹਿਲਾਂ ਕੰਮ ਸ਼ੁਰੂ ਕੀਤਾ ਸਬਰ ਰੱਖ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਸ਼ੁਰੂ ਕੀਤਾ 90 ਫੀਸਦੀ ਲੋਕ ਸਾਡੇ ਨਾਲ ਕਾਂਗਰਸ ਛੱਡ ਕੇ ਆਏ ਹਨ। ਜਿਉਂ ਜਿਉਂ ਲੋਕ ਮੇਰੀ ਗੱਲ ਮੰਨਦੇ ਗਏ ਕਾਂਗਰਸ ਕਮਜ਼ੋਰ ਹੁੰਦੀ ਗਈ ਤੇ ਬਸਪਾ ਮਜ਼ਬੂਤ ਹੁੰਦੀ ਗਈ। ਉੱਤਰ ਪ੍ਰਦੇਸ਼ ਵਿੱਚ ਦਸ ਸਾਲ ਪਹਿਲਾਂ ਕਾਂਗਰਸ ਸਰਕਾਰ ਸੀ । ਐਨ. ਡੀ. ਤਿਵਾੜੀ ਮੁੱਖ ਮੰਤਰੀ ਸੀ। ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਸੀ। ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ। ਸਾਡੀ ਤਾਕਤ ਵਧਦੀ ਗਈ ਕਾਂਗਰਸ ਕਮਜ਼ੋਰ ਹੁੰਦੀ ਗਈ। ਤੁਸੀਂ ਲੋਕ ਕਾਂਗਰਸ ਨੂੰ ਮਜਬੂਤ ਮੰਨਕੇ ਉਸਦੇ ਪਿੱਛੇ ਖੜ੍ਹਦੇ ਹੋ। ਅਸੀਂ ਗੰਗਾ ਜਮਨਾ ਦੀ ਧਰਤੀ ਤੋਂ ਕਾਂਗਰਸ ਨੂੰ ਟਿਕਾਣੇ ਲਗਾ ਦਿਤਾ ਹੈ। ਜਿਹੜੀ ਕਾਂਗਰਸ ਕੋਲ ਦਸ ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੀਆਂ 425 ਵਿਚੋਂ 328 ਸੀਟਾਂ ਸਨ ਤੇ 85 ਵਿਚੋਂ 83 ਮੈਂਬਰ ਪਾਰਲੀਮੈਂਟ ਸਨ ਉਸ ਸ਼ਕਤੀਸ਼ਾਲੀ ਪਾਰਟੀ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਅੱਜ ਉਸ ਕੋਲ ਸਿਰਫ 28 ਐਮ. ਐਲ. ਏ. ਹਨ। 300 ਕਿੱਥੇ ਗਏ?. ਬਹੁਜਨ ਸਮਾਜ ਕੋਲ। ਦਸ ਸਾਲ ਪਹਿਲਾਂ ਸਾਡਾ ਕੋਈ ਐਮ. ਐਲ. ਏ. ਨਹੀਂ ਸੀ। ਸਾਡੇ ਲੋਕਾਂ ਨੇ ਮੇਰੇ ਤੇ ਭਰੋਸਾ ਰੱਖ ਕੇ, ਸਬਰ ਕੀਤਾ ਕਾਂਗਰਸ ਤੋਂ ਪਿੱਛੇ ਹਟਦੇ ਗਏ। ਚੁਣਾਓ ਹੋਇਆ ਕਾਂਗਰਸ ਦੇ 96 ਰਹਿ ਗਏ, ਫਿਰ ਚੁਣਾਓ ਹੋਇਆ 46 ਰਹਿ ਗਏ, ਪਿਛਲੇ ਚੁਣਾਓ ’ਚ ਸਿਰਫ 28 ਰਹਿ ਗਏ। ਜੇ ਅੱਜ ਚੁਣਾਓ ਹੋ ਜਾਏ ਤਾਂ ਮੁਸ਼ਕਲ ਨਾਲ 8 ਰਹਿ ਜਾਣਗੇ। ਇਤਨੀ ਸ਼ਕਤੀਸ਼ਾਲੀ ਕਾਂਗਰਸ ਪਾਰਟੀ ਬਹੁਜਨ ਸਮਾਜ ਦੇ ਲੋਕਾਂ ਨੇ ਸੱਭ ਤੋਂ ਕਮਜ਼ੋਰ ਪਾਰਟੀ ਬਣਾ ਦਿੱਤੀ। ਅਜਿਹਾ ਕਿਉਂ ਹੋਇਆ? ਕਿਉਂਕਿ ਬਹੁਜਨ ਸਮਾਜ ਆਪਣੇ ਪੈਰਾਂ ਤੇ ਖੜਾ ਹੋ ਗਿਆ। ਬਸਪਾ ਸ਼ਕਤੀਸ਼ਾਲੀ ਪਾਰਟੀ ਬਣ ਗਈ। ਉਸਦੀ ਸ਼ਕਤੀ ਦਾ ਸਹਾਰਾ ਲੈਕੇ ਅਸੀਂ ਆਪਣਾ ਮਕਸਦ ਪੂਰਾ ਕਰਨਾ ਹੈ। ਸਾਡਾ ਮਕਸਦ "ਸਮਾਜਕ ਪ੍ਰਵਰਤਨ ਤੇ ਆਰਥਕ ਮੁਕਤੀ" ਦਾ ਹੈ। ਇਹ ਵੱਡਾ ਕੰਮ ਹੈ। ਇਸ ਲਈ ਲੰਮੇ ਅਰਸੇ ਤੱਕ ਸੰਘਰਸ਼ ਕਰਨਾ ਹੈ। ਪਰ ਰਾਜਨੀਤਕ ਪ੍ਰਵਰਤਨ ਬਹੁਤ ਜਲਦੀ ਹੋ ਜਾਂਦਾ ਹੈ। ਦਸ ਸਾਲ ਪਹਿਲਾਂ ਪਾਰਟੀ ਬਣਾਉਣੀ ਸ਼ੁਰੂ ਕੀਤੀ ਸੀ ਜੋ ਅੰਦੋਲਨ ਚਲਾਉਂਦੀ ਸੀ, ਧਰਨੇ ਲਾਉਂਦੀ ਸੀ। ਬਹੁਜਨ ਸਮਾਜ ਦੇ ਹਰ ਅੰਗ ਦੇ ਲੋਕ ਧਰਨੇ ਲਗਾਉਂਦੇ ਸਨ। ਪਰ ਅੱਜ ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਦੀ ਸਰਕਾਰ ਹੈ। ਅੱਜ ਕਾਂਗਰਸ ਪਾਰਟੀ ਐਨ. ਡੀ. ਤਿਵਾੜੀ ਦੀ ਦੇਖ ਰੇਖ ’ਚ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਸਰਕਾਰ ਦੇ ਦਰਵਾਜ਼ੇ ਤੇ ਧਰਨਾ ਲਗਾ ਕੇ ਬੈਠੀ ਹੈ।

ਇਧਰ ਮਹਾਂਰਾਸ਼ਟਰ ਦੇ ਲੋਕ, ਬਾਬਾ ਸਾਹਿਬ ਦੇ ਨਾਮ ਲੇਵਾ ਲੋਕ ਮਰਾਠਵਾੜਾ ਯੂਨੀਵਰਸਿਟੀ ਦਾ ਸਿਰਫ ਨਾਮ ਬਦਲ ਕੇ "ਅੰਬੇਡਕਰ ਯੂਨੀਵਰਸਿਟੀ" ਰੱਖਣ ਲਈ ਲਿਲਕੜੀਆਂ ਕੱਢਦੇ ਰਹੇ। 16 ਸਾਲ ਪਹਿਲਾਂ ਅਸੰਬਲੀ ਵਿਚ ਪ੍ਰਸਤਾਵ ਪਾਸ ਹੋ ਜਾਣ ਦੇ ਬਾਵਜੂਦ ਨਾਮ ਨਹੀਂ ਬਦਲਿਆ ਗਿਆ। 16 ਸਾਲ ਬਾਬਾ ਸਾਹਿਬ ਨੂੰ ਅਪਮਾਨਿਤ ਹੋਣਾ ਪਿਆ । ਆਪ ਲੋਕ ਚਿਲਾਤੇ ਰਹੇ, ਰੋਤੇ ਰਹੇ, ਕੁਛ ਨਹੀਂ ਹੋ ਸਕਿਆ। ਕਾਂਗਰਸ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ ਕਿ ਬਾਬਾ ਸਾਹਿਬ ਦਾ ਨਾਂ ਲੈਣ ਵਾਲੇ ਲੋਕ, ਬਾਬਾ ਸਾਹਿਬ ਨੂੰ ਹਾਰ ਪਾਉਣ ਵਾਲੇ ਲੋਕ, ਬਾਬਾ ਸਾਹਿਬ ਨੂੰ ਮੋਮਬੱਤੀ ਦਿਖਾਉਣ ਵਾਲੇ ਲੋਕ ਬਾਬਾ ਸਾਹਿਬ ਦਾ ਮਿਸ਼ਨ ਛੱਡਕੇ, ਉਸਦਾ ਮਕਸਦ ਭੁਲਾ ਕੇ ਕਾਂਗਰਸ ਦੇ ਪਿੱਛੇ ਖੜੇ ਹਨ ਇਹਨਾਂ ਦੀ ਆਪਣੀ ਕੋਈ ਸ਼ਕਤੀ ਨਹੀਂ ,ਇਹ ਪਿਛਲੱਗੂ ਲੋਕ ਹਨ। ਦੂਜੇ ਪਾਸੇ ਉੱਤਰ ਪ੍ਰਦੇਸ਼ ਵਿੱਚ ਜਿੱਥੇ ਯੂਨੀਵਰਸਿਟੀ ਦੀ ਕੋਈ ਮੰਗ ਨਹੀਂ ਕੀਤੀ ਗਈ ਸੀ ਕਾਂਗਰਸ ਦੀ ਸਰਕਾਰ ਨੇ ਲਖਨਊ ਵਿਚ 542 ਏਕੜ ਜ਼ਮੀਨ ਖਰੀਦ ਕੇ ਬਾਬਾ ਸਾਹਿਬ ਅੰਬੇਡਕਰ ਯੂਨੀਵਰਸਿਟੀ ਬਣਾ ਦਿੱਤੀ। ਇਹ ਕਿਉਂ ਹੋਇਆ? ਕਿਉਂਕਿ ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਦੇ ਲੋਕਾਂ ਨੇ ਕਾਂਗਰਸ ਦੇ ਪਿੱਛੇ ਲੱਗਣਾ ਛੱਡ ਕੇ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸ਼ੁਰੂ ਕਰ ਦਿੱਤਾ ਲਾਲਚ ਛੱਡ ਕੇ ਅੱਜ ਆਪਣੀ ਸਰਕਾਰ ਚਲਾ ਰਹੇ ਹਨ।

ਜਦੋਂ ਮੈਂ ਮਹਾਂਰਾਸ਼ਟਰ ਛੱਡਕੇ ਗਿਆ ਤਾਂ ਸਾਡੇ ਲੋਕ ਕਾਂਗਰਸ ’ਚ ਜਾ ਰਹੇ ਸਨ ਦੂਜੀਆਂ ਪਾਰਟੀਆਂ ’ਚ ਜਾ ਰਹੇ ਸਨ। ਆਖ ਰਹੇ ਸਨ ਕਿ ਬਾਬਾ ਸਾਹਿਬ ਦਾ ਮਿਸ਼ਨ ਤਾਂ ਚੰਗਾ ਹੈ ਮਕਸਦ ਵੀ ਵਧੀਆ ਹੈ ਪਰ ਅਸੀਂ ਬਾਬਾ ਸਾਹਿਬ ਦਾ ਨਾਂ ਲੈਕੇ ਐਮ. ਐਲ. ਏ.K ਐਮ .ਪੀ .ਨਹੀਂ ਬਣ ਸਕਦੇ। ਸਟੇਜ ਤੇ ਬੈਠੇ ਲਾਖਾ ਜੀ ਵੱਲ ਇਸ਼ਾਰਾ ਕਰਦਿਆਂ ਕਹਿਣ ਲੱਗੇ- ਇਧਰ "ਲਾਖਾ" ਬੈਠਾ ਹੈ ਮੈਂਬਰ ਪਾਰਲੀਮੈਂਟ ਚੁਣ ਕੇ ਆਇਆ ਹੈ। ਇਹ ਸ਼ਿਵਾਲਿਕ ਦੀਆਂ ਪਹਾੜੀਆਂ ਲਾਗਿਓਂ ਹਾਥੀ ਚੋਣ ਨਿਸ਼ਾਨ ਤੇ ਚੁਣਕੇ ਆਇਆ ਹੈ। ਜਿਹੜਾ ਹਾਥੀ ਮਹਾਂਰਾਸ਼ਟਰ ਵਾਲਿਆਂ ਨੇ ਭਜਾ ਦਿੱਤਾ ਸੀ। ਉਹ ਹਾਥੀ ਪਕੜ ਕੇ ਦਿੱਲੀ ਲੈ ਆਇਆ ਰਸਤੇ ਵਿੱਚ ਹਰਿਆਣਾ ਹੈ ਉਧਰ ਵੀ ਹਾਥੀ ਹੈ, ਮੱਧ ਪ੍ਰਦੇਸ਼ ਵਿੱਚ ਵੀ ਹਾਥੀ ਹੈ, ਇਧਰ ਵੀ ਹਾਥੀ ਆ ਸਕਦਾ ਹੈ। ਜੇ ਸਾਡਾ ਸਮਾਜ ਪਿਛਲੱਗੂ ਬਣਨਾ ਛੱਡਕੇ ਬਹੁਜਨ ਸਮਾਜ ਬਣਾ ਲਵੇ। ਬਹੁਜਨ ਸਮਾਜ ਇਕ ਦੋ ਜਾਤੀਆਂ ਨਹੀਂ ਸਗੋਂ 6000 ਜਾਤੀਆਂ ਦੇ ਇੱਕਠ ਦਾ ਨਾਂ ਹੈ ਜਿੰਨ੍ਹਾਂ ਨੂੰ ਦਬਾ ਕੇ ਰੱਖਿਆ ਗਿਆ ਹੈ, ਅਪਮਾਨਿਤ ਕੀਤਾ ਗਿਆ ਹੈ। ਜਿੰਨ੍ਹਾਂ ਨੂੰ ਮਹਾਤਮਾਂ ਫੂਲੇ ਸ਼ੂਦਰ ਅਤਿ ਸ਼ੂਦਰ ਆਖਦੇ ਸਨ। ਇਧਰ ਸਾਡਾ ਉਮੀਦਵਾਰ ਓ. ਬੀ. ਸੀ. ਹੈ। ਇਹਨਾਂ ਨੂੰ ਘੱਟ ਅਪਮਾਨਿਤ ਕੀਤਾ ਗਿਆ ਹੈ। ਕਿਸੇ ਨੂੰ ਵੱਧ ਅਪਮਾਨਿਤ ਕੀਤਾ ਗਿਆ ਹੈ। ਪਰ ਬ੍ਰਾਹਮਣਵਾਦ ਵਲੋਂ ਜਿਹਨਾਂ ਨੂੰ ਅਪਮਾਨਿਤ ਕੀਤਾ ਗਿਆ ਹੈ ਉਹਨਾਂ ਨੂੰ ਇਕੱਠਾ ਕਰਕੇ ਬਹੁਜਨ ਸਮਾਜ ਬਣਦਾ ਹੈ । ਜਿਹਨਾਂ ਦੀ ਜਰੂਰਤ ਹੈ ਉਹਨਾਂ ਵਿੱਚ ਚਾਹਤ ਪੈਦਾ ਕਰਨੀ ਹੈ। ਇਹ ਕੰਮ ਅਜੇ ਅਧੂਰਾ ਹੈ। ਸਾਰੇ ਅਪਮਾਨਿਤ ਹੋ ਰਹੇ ਲੋਕਾਂ ਨੇ ਮਿਲ ਕੇ ਪੂਰਾ ਕਰਨਾ ਹੈ।

ਅੱਜ ਉੱਤਰ ਪ੍ਰਦੇਸ਼ ਵਿੱਚ ਸਾਡਾ ਪ੍ਰਧਾਨ ਜੰਗ ਬਹਾਦਰ ਪਟੇਲ ਹੈ ਜੋ ਕੁਰਮੀ ਸਮਾਜ ਤੋਂ ਹੈ ਹੈ। ਅਸੰਬਲੀ ਵਿਚ ਨੇਤਾ ਵਰਮਾ ਹੈ। ਉਹ ਵੀ ਕੁਰਮੀ ਹੈ। ਕੁਰਮੀ ਸਮਾਜ ਦੀ ਬਹੁਤ ਛੋਟੀ ਗਿਣਤੀ ਹੈ ਪਰ ਹਰ ਸੀਟ ਤੇ ਚਮਾਰ ਦਾ 95 ਫੀਸਦੀ ਵੋਟ ਬਹੁਜਨ ਸਮਾਜ ਪਾਰਟੀ ਦੇ ਥੋੜੀ ਗਿਣਤੀ ਵਾਲੇ ਉਮੀਦਵਾਰਾਂ ਨੂੰ ਪੈਂਦਾ ਹੈ। ਚਮਾਰਾਂ ਨੂੰ ਕੋਈ ਇਤਰਾਜ਼ ਨਹੀਂ। ਚਮਾਰਾਂ ਦੇ ਆਪਣੇ ਵੀ 23 ਐਮ. ਐਲ. ਏ. ਜਿੱਤ ਕੇ ਆਏ ਹਨ।

ਕਾਂਗਰਸ ਨੇ ਬਸਪਾ ਨੂੰ ਰੋਕਣ ਲਈ ਲਖਨਊ ਵਿੱਚ ਯੂਨੀਵਰਸਿਟੀ ਬਣਾਈ। ਕਾਂਗਰਸ ਦਾ ਪ੍ਰਧਾਨ ਬੀਬੀ ਰਾਜਿੰਦਰ ਬਾਜਪਾਈ ਬ੍ਰਾਹਮਣ ਨੂੰ ਹਟਾ ਕੇ ਚਮਾਰ ਨੂੰ ਬਣਾਇਆ ਗਿਆ। 11 ਸਾਲ ਬਣਾਈ ਰੱਖਿਆ ਕਿ ਚਮਾਰ ਕਾਂਗਰਸ ਤੋਂ ਪਿੱਛੇ ਨਾ ਹਟਣ। ਪਰ ਚਮਾਰਾਂ ਨੇ ਉਹਦੀ ਗੱਲ ਨਹੀਂ ਮੰਨੀ। 1993 ਵਿਚ ਸਾਡੇ ਚਮਾਰ ਉਮੀਦਵਾਰ ਨੇ ਉਹਨੂੰ 45000 ਵੋਟਾਂ ਨਾਲ ਹਰਾਇਆ। ਬਾਬਾ ਸਾਹਿਬ ਅਰ ਫੂਲੇ ਸ਼ਾਹੂ ਦੀ ਵਿਚਾਰਧਾਰਾ ਦੇ ਆਧਾਰ ’ਤੇ ਜਿਸ ਕਾਂਗਰਸ ਨੂੰ ਤੁਸੀਂ ਹਊਆ ਸਮਝਦੇ ਹੋ ਉਸ ਕਾਂਗਰਸ ਨੂੰ ਰਿਸ਼ੀਆਂ ਮੁਨੀਆਂ ਤੇ ਗੰਗਾ ਜਮਨਾ ਦੀ ਧਰਤੀ ‘ਤੇ ਮਿੱਟੀ ‘ਚ ਮਿਲਾ ਦਿੱਤਾ। ਉੱਤਰ ਪ੍ਰਦੇਸ਼ ਵਿੱਚ ਤਾਂ ਅੰਧ ਵਿਸ਼ਵਾਸ ਬਹੁਤ ਸੀ ਜਿਥੇ ਲੱਖਾਂ ਲੋਕ ਲੁਟਾਈ ਕਰਵਾਉਣ ਲਈ ਜਾਂਦੇ ਹਨ। ਮਹਾਂਰਾਸ਼ਟਰ ਵਿੱਚ ਨਾ ਰਿਸ਼ੀ -ਮੁਨੀ ਹੋਏ ਹਨ ਤੇ ਨਾ ਗੰਗਾ ਜਮਨਾ ਹੈ। ਇਥੇ ਸੰਤ -ਮਹਾਤਮਾ ਹੋਏ ਹਨ। ਜਿਹਨਾਂ ਨੇ ਮਾਨਵਤਾ ਦੇ ਭਲੇ ਲਈ ਕੰਮ ਕੀਤਾ। ਏਥੇ ਗੋਦਾਵਰੀ ਅਤੇ ਕ੍ਰਿਸ਼ਨਾ ਨਦੀਆਂ ਹਨ ਜਿਥੇ ਬਹੁਤ ਘੱਟ ਲੁਟਾਈ ਹੁੰਦੀ ਹੈ। ਇਸ ਲਈ ਮਹਾਂਰਾਸ਼ਟਰ ਦੀ ਧਰਤੀ ਤੇ ਇਹ ਕੰਮ ਆਸਾਨ ਹੈ। ਇਹ ਕੰਮ ਕਰਨ ਲਈ ਗੰਗਾ ਜਮਨਾ ਦੀ ਧਰਤੀ ’ਤੇ ਕਿਸੇ ਨੇ ਤਿਆਰ ਨਹੀਂ ਕੀਤਾ ਪਰ ਮਹਾਂਰਾਸ਼ਟਰ ਵਿੱਚ ਫੂਲੇ, ਸ਼ਾਹੂ ਅਰ ਬਾਬਾ ਸਾਹਿਬ ਵਰਗੇ ਤਿੰਨ ਮਹਾਂਪੁਰਸ਼ਾਂ ਨੇ ਸੰਘਰਸ਼ ਕੀਤਾ। ਮਹਾਂਰਾਸ਼ਟਰ ਦੀ ਅਸੰਬਲੀ ਵਿਚ ਪ੍ਰਸਤਾਵ ਪਾਸ ਹੋਣ ਦੇ ਬਾਵਜੂਦ ਬਾਬਾ ਸਾਹਿਬ ਨੂੰ 16 ਸਾਲ ਅਪਮਾਨਿਤ ਹੋਣਾ ਪਿਆ । ਕਿਉਂਕਿ ਕਾਂਗਰਸ ਦਾ ਕਾਰੋਬਾਰ ਬ੍ਰਾਹਮਣਵਾਦ ਦੇ ਅਧਾਰ ’ਤੇ ਚੱਲਦਾ ਹੈ। ਸ਼ਾਹੂ ਜੀ ਮਹਾਰਾਜ ਨੇ ਖੁਦ ਬਾਬਾ ਸਾਹਿਬ ਨੂੰ ਸਨਮਾਨਿਤ ਕੀਤਾ ਸੀ ਪਰ ਜਿਹਨਾਂ ਨੇ ਫੂਲੇ ,ਸ਼ਾਹੂ ਤੇ ਅੰਬੇਡਕਰ ਦੇ ਮਿਸ਼ਨ ਨੂੰ ਚਲਾਉਣਾ ਸੀ ਉਹ ਕਾਂਗਰਸ ਦੇ, ਗਾਂਧੀ ਦੇ ਚੱਕਰ ਵਿੱਚ ਫਸ ਗਏ। ਕਾਂਗਰਸ ਤੇ ਦੂਜੀਆਂ ਪਾਰਟੀਆਂ ਦੇ ਪਿਛਲੱਗੂ ਬਣਨ ਦੀ ਬਜਾਏ ਆਪਣੀ ਤਾਕਤ ਬਣਾ ਕੇ ਇਹ ਮਕਸਦ ਅਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਆਪਣੇ ਵੋਟਾਂ ਦਾ ਸਹੀ ਇਸਤੇਮਾਲ ਕਰਕੇ। ਕਿਉਂਕਿ "ਇਕ ਆਦਮੀ ਦੀ ਇਕ ਵੋਟ ਹੈ ਤੇ ਇਕ ਵੋਟ ਦੀ ਇਕ ਕੀਮਤ ਹੈ।" ਹੁਣ ਤੱਕ ਅਸੀਂ ਆਪਣੇ ਵੋਟ ਦਾ ਸਹੀ ਇਸਤੇਮਾਲ ਨਹੀਂ ਕੀਤਾ। ਜਾਂ ਤੁਸੀਂ ਸਿਰਫ ਆਪਣੀ ਜਾਤ ਨੂੰ ਵੋਟ ਪਾਉਂਦੇ ਹੋ ਪਰ ਜਿੱਤਦੇ ਨਹੀਂ। ਉੱਤਰ ਪ੍ਰਦੇਸ਼ ਵਿੱਚ ਕਿਉਂ ਜਿੱਤ ਜਾਂਦੇ ਹਨ ਕਿਉਂਕਿ ਉਥੇ ਬਹੁਜਨ ਸਮਾਜ ਬਣਾ ਕੇ ਜਿੱਤ ਜਾਂਦੇ ਹਨ। ਅਜੇ ਉਥੇ ਅਸੀਂ 85 ਫੀਸਦੀ ਨਹੀਂ ਕੇਵਲ 15 ਫੀਸਦੀ ਸਮਾਜ ਹੀ ਇਕੱਠਾ ਕਰ ਸਕੇ ਹਾਂ। ਰਾਜ ਪਾਟ ਲਈ 85 ਦੀ ਵੀ ਜਰੂਰਤ ਨਹੀਂ 51ਫੀਸਦੀ ਦੀ ਹੀ ਜਰੂਰਤ ਹੈ।ਚੰਦ ਸਾਲ ਬਾਅਦ ਤੁਸੀਂ ਦੇਖੋਗੇ ਕਿ ਸੱਭ ਕੌਮੀ ਬ੍ਰਾਹਮਣਵਾਦੀ ਪਾਰਟੀਆਂ ( ਕਾਂਗਰਸ, ਭਾਜਪਾ, ਜਨਤਾ ਦਲ, ਸੀ.ਪੀ.ਆਈ. ਤੇ ਸੀ.ਪੀ.ਐਮ.) ਇਕ ਹੋ ਜਾਣਗੀਆਂ ਫਿਰ ਵੀ ਉਹ ਸਾਡਾ ਮੁਕਾਬਲਾ ਨਹੀਂ ਕਰ ਸਕਣਗੀਆਂ। 15 ਫੀਸਦੀ ਵਾਲੇ ਪੰਜ ਪਾਰਟੀਆਂ ਵਿੱਚ ਹਨ। ਉਹ ਸਾਡੇ ਮੁਕਾਬਲੇ 85 ਫੀਸਦੀ ਨਹੀਂ ਹਨ।

ਆਪ ਬੋਧ ਬਣ ਗਏ ਹੋ ਤੇ ਆਖਦੇ ਹੋ ਸਾਡੇ ਨਾਲ ਧੋਖਾ ਹੁੰਦਾ ਹੈ ਪਰ ਤੁਹਾਡੇ ਬਜੁਰਗ ਤਾਂ ਐਸ. ਸੀ./ ਐਸ. ਟੀ. ਸਨ। ਮੁਸਲਮਾਨਾਂ ਨਾਲ ਕੀ ਘੱਟ ਧੋਖਾ ਹੁੰਦਾ ਹੈ? ਆਪ ਮੁੱਠੀ ਭਰ ਲੋਕ ਬੋਧ ਬਣ ਗਏ ਹੋ ਤਾਂ ਕੁਝ ਨਹੀਂ ਹੋਵੇਗਾ ਅਗਰ ਬੋਧ ਵੀ ਬਣਨਾ ਹੈ ਤਾਂ ਘੱਟੋ-ਘੱਟ 15-20 ਕਰੋੜ ਤਾਂ ਬਣੋ। ਬਾਬਾ ਸਾਹਿਬ ਇਧਰ ਬੋਧ ਬਣੇ ਸਨ। ਇਹ ਜ਼ਿੰਮੇਵਾਰੀ ਨਾਗਪੁਰ ਦੀ ਬਣਦੀ ਹੈ। ਆਪਣੀ ਜ਼ਿੰਮੇਵਾਰੀ ਸਮਝ ਕੇ, ਆਪਣੀ ਕਮਜ਼ੋਰੀ ਨੂੰ ਸਮਝਣਾ ਹੋਵੇਗਾ ਕਿ ਅਸੀਂ ਸ਼ਕਤੀਸ਼ਾਲੀ ਬਣਨਾ ਹੈ। ਸਾਡਾ ਉਮੀਦਵਾਰ ਬੋਧ ਵੀ ਹੈ, ਕੁਨਬੀ ਵੀ ਹੈ, ਸੈਂਟਰਲ ਨਾਗਪੁਰ ਤੋਂ ਕੋਸ਼ਟੀ ਹੈ। ਸੱਭ ਨੇ ਰਲ

**(ਬਾਕੀ ਅਗਲੇ ਸਫੇ ‘ਤੇ)**

# ਬੇਗ਼ਮਪੁਰੇ ਦਾ ਸੁਪਨਸਾਜ- ਗੁਰੂ ਰਵਿਦਾਸ



ਸੰਸਾਰ ਵਿੱਚ ਹੁਣ ਤੱਕ ਪ੍ਰਗਟ ਹੋਈਆਂ ਸਖਸ਼ੀਅਤਾਂ ਵਿਚੋਂ ਗੁਰੂ ਰਵਿਦਾਸ ਕਾਦਰ ਦੀ ਕੁਦਰਤ ਦਾ ਉੱਤਮ ਨਮੂਨਾ ਹੈ। ਜਾਂ ਇਉਂ ਕਹੋ ਕਿ ਉਹ ਇਕ ਐਸਾ ਗਿਆਨ ਦੀਪ ਸੀ ਜਿਸ ਨੇ ਜਿੰਦਗੀ ਦੀ ਸੱਜਰੀ ਪ੍ਰਭਾਤ ਇਸ ਧਰਤੀ 'ਤੇ ਲਿਆਂਦੀ। ਜਿਸ ਸਦਕਾ ਸਦੀਆਂ ਤੋਂ ਪਸਰੀ ਅਗਿਆਨਤਾ ਤੇ ਹਨੇਰੇ ਦੇ ਧੁੰਦ ਗੁਬਾਰ ਵਿਚੋਂ ਨਿਕਲਣ ਲਈ ਮਾਨਵਤਾ ਨੂੰ ਪ੍ਰਕਾਸ਼ ਪ੍ਰਾਪਤ ਹੋਇਆ। ਉਹ ਅਖੌਤੀ ਸ਼ੂਦਰਾਂ ਅਥਵਾ ਅਛੂਤਾਂ ਦੇ ਵਿਹੜਿਆਂ ਵਿਚ ਪ੍ਰਜਵਲਤ ਹੋਈ ਉਹ ਜੋਤ ਸੀ ਜਿਸ ਦੀ ਚਮਕ ਦਮਕ ਬ੍ਰਾਮਣੀ ਵਿਦਵਤਾ ਦੀਆਂ ਸਾਜਿਸ਼ਾਂ ਰਾਂਹੀ ਧੁੰਦਲਾ ਗਏ ਭੂਤਕਾਲ ਦੇ ਬਾਵਜੂਦ ਵੀ ਰੋਕੀ ਨਹੀਂ ਜਾ ਸਕੀ। ਹਨੇਰਗਰਦੀ ਦੇ ਯੁੱਗ ਵਿੱਚ ਅਛੂਤਾਂ ਦੀਆਂ ਕੁੱਲੀਆਂ ਵਿਚੋਂ ਮਾਂ ਕਲਸਾਂ ਦੀ ਕੁੱਖੋਂ ਪਿਤਾ ਸੰਤੋਖ ਦੇ ਘਰ ਮਾਘ ਦੀ ਪੂਰਨਮਾਸ਼ੀ ਸੰਮਤ 1470 ਬਿਕਰਮੀ ਅਰਥਾਤ 1413 ਈਸਵੀ ਨੂੰ ਬਨਾਰਸ ਦੇ ਨਜ਼ਦੀਕ ਸੀਰ- ਗੋਵਰਦਨਪੁਰਾ ਵਿਖੇ ਹੋਇਆ ਮੰਨਿਆ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਆਪ ਨੇ ਬਚਪਨ ਵਿੱਚ ਹੀ ਮਨੂਸਿਮਰਤੀ ਦੇ ਕਾਲੇ ਕਾਨੂੰਨਾਂ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਆਪ ਨੇ ਮਾਨਵਵਾਦੀ ਵਿਚਾਰਾਂ ਦੇ ਮੁਦੱਈ ਸੰਤ ਰਾਮਾਨੰਦ ਦੀ ਮਦਦ ਤੇ ਅਗਵਾਈ ਨਾਲ ਚੋਖੀ ਵਿਦਿਆ ਗ੍ਰਹਿਣ ਕਰ ਲਈ। ਉਹਨਾਂ ਨੇ ਅਛੂਤ ਗੱਭਰੂਆਂ ਨੂੰ ਇਕੱਠਾ ਕਰਕੇ ਸਮਾਜਿਕ ਨਾ ਬਰਾਬਰੀ, ਜਬਰ ਜ਼ੁਲਮ, ਜਾਤ-ਪਾਤ, ਛੂਤ- ਛਾਤ ਤੇ ਵਰਣ- ਵਿਵਸਥਾ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ ਅਤੇ ਬ੍ਰਾਹਮਣਵਾਦ ਤੇ ਬ੍ਰਾਹਮਣ ਦੇ ਭਰਮ ਜਾਲ ਦਾ ਭਾਂਡਾ ਭੰਨਣਾ ਸ਼ੁਰੂ ਕਰ ਦਿੱਤਾ। ਸ਼ੂਦਰਾਂ ਤੇ ਅਤਿ- ਸ਼ੂਦਰਾਂ ਵਿਰੁੱਧ ਮਨੂਸਿਮਰਤੀ ਤੇ ਹੋਰ ਧਾਰਮਿਕ ਗ੍ਰੰਥਾਂ ਦੁਆਰਾ ਲਾਈਆਂ ਗਈਆਂ ਪਾਬੰਦੀਆਂ ਵਿਰੁੱਧ ਜੋਰਦਾਰ ਬਗਾਵਤ ਦਾ ਬਿਗਲ ਵਜਾ ਦਿੱਤਾ। ਆਪ ਨੇ ਸ਼ੂਦਰਾਂ ਲਈ ਮਨਾਹੀ ਵਾਲੇ ਕੰਮ ਸ਼ੁਰੂ ਕਰਕੇ ਬ੍ਰਾਹਮਣ ਅਤੇ ਉਸਦੇ ਧਾਰਮਿਕ ਗ੍ਰੰਥਾਂ ਦੀ ਅਥਾਰਟੀ ਨੂੰ ਚੁਣੌਤੀ ਦਿੱਤੀ, ਜਿਵੇਂ ਸੰਖ ਵਜਾਉਣਾ, ਪਾਠ ਪੂਜਾ ਕਰਨਾ, ਜਨੇਊ ਪਹਿਨਣਾ, ਵਿਦਿਆ ਗ੍ਰਹਿਣ ਕਰਨਾ, ਧਾਰਮਿਕ ਉਪਦੇਸ਼ ਦੇਣਾ ਆਦਿ। ਬ੍ਰਾਹਮਣ ਨੇ ਸੋਚਿਆ ਕਿ ਜੇ ਇਸ ਤਰ੍ਹਾਂ ਇਕ ਇਕ ਕਰਕੇ ਸ਼ੂਦਰ ਹੱਥੋਂ ਨਿਕਲ ਗਏ ਤਾਂ ਉਸਦੀ ਸਰਦਾਰੀ ਕਿਵੇਂ ਕਾਇਮ ਰਹੇਗੀ। ਇਸ ਲਈ ਉਹ ਗੁਰੂ ਰਵਿਦਾਸ ਦੀਆਂ ਇਹ ਵਿਦਰੋਹੀ ਹਰਕਤਾਂ ਦੇਖ ਕੇ ਅੱਗ ਬਬੂਲਾ ਹੋ ਉੱਠੇ। ਜਾਤ ਅਭਿਮਾਨੀ ਬ੍ਰਾਹਮਣਾਂ ਦਾ ਹੰਕਾਰ ਤੋੜਨ ਲਈ ਉਹਨਾਂ ਨੇ ਅਛੂਤ ਨੌਜਵਾਨਾਂ ਨੂੰ ਇਕੱਠੇ ਕਰਕੇ ਬਨਾਰਸ ਦੇ ਬਾਜ਼ਾਰਾਂ ਵਿਚ ਜਲੂਸ ਕੱਢ ਦਿੱਤਾ। ਜਦੋਂ ਕਿ ਆਮ ਰਸਤੇ 'ਤੇ ਚੱਲਣ ਦੀ ਵੀ ਅਛੂਤਾਂ ਲਈ ਮਨਾਹੀ ਸੀ। ਆਪ ਵੱਲੋਂ ਕੀਤਾ ਗਿਆ ਇਹ ਬਾਗੀਆਨਾਂ ਤੇ ਮੁਜ਼ਰਮਾਨਾਂ ਕੰਮ ਬ੍ਰਾਹਮਣਾਂ ਦੇ ਬਰਦਾਸ਼ਤ ਤੋਂ ਬਾਹਰ ਦੀ ਗੱਲ ਸੀ। ਉਹਨਾਂ ਨੇ ਹਰ ਹਰਬਾ ਵਰਤ ਕੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਪਰ ਆਪ ਦੀ ਤਰਕਸ਼ੀਲ ਵਿਚਾਰਧਾਰਾ ਸਾਹਮਣੇ ਉਹ ਅੜ ਨਾ ਸਕੇ। ਕੋਈ ਧਮਕੀ, ਕੋਈ ਡਰਾਵਾ ਉਹਨਾਂ ਤੇ ਅਸਰ ਨਾ ਪਾ ਸਕਿਆ। ਸੱਚ ਦੇ ਪੰਧਾਊ ਸੰਤ ਰਵਿਦਾਸ ਜੀ ਨੂੰ ਕੋਈ ਲਾਲਚ ਪੋਹ ਨਾ ਸਕਿਆ। ਜਦੋਂ ਹੈਂਕੜ ਬਾਜ਼ ਤੇ ਜਾਤ ਅਭਿਮਾਨੀ ਬ੍ਰਾਹਮਣਾਂ ਦੀ ਕੋਈ ਪੇਸ਼ ਨਾ ਗਈ ਤਾਂ ਉਨ੍ਹਾਂ ਨੇ ਸਮੇਂ ਦੇ ਹਾਕਮ ਨਾਗਰ ਮੱਲ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਪੇਸ਼ੀ ਸਮੇਂ ਰਾਜਾ ਗੁਰੂ ਜੀ ਦੀਆਂ ਅਕੱਟ ਦਲੀਲਾਂ ਤੇ ਮਾਨਵੀ ਵਿਚਾਰਾਂ ਨੂੰ ਸੁਣਕੇ ਸਗੋਂ ਉਨ੍ਹਾਂ ਦਾ ਮੁਰੀਦ ਬਣ ਗਿਆ। ਹਰ ਥਾਂ ਬ੍ਰਾਹਮਣਾਂ ਨੂੰ ਮੂੰਹ ਦੀ ਖਾਣੀ ਪਈ। ਸਦੀਆਂ ਪਹਿਲਾਂ ਜਦੋਂ ਬ੍ਰਾਹਮਣ ਦਾ ਮਾਮੂਲੀ ਸ਼ਬਦ ਵੀ ਇਲਾਹੀ ਹੁਕਮ ਦੀ ਹੈਸੀਅਤ ਰੱਖਦਾ ਹੋਵੇ, ਉਸ ਸਮੇਂ ਉਨ੍ਹਾਂ ਵੱਲੋਂ ਬ੍ਰਾਹਮਣਵਾਦ ਵਿਰੁੱਧ ਬਗਾਵਤ ਦਾ ਝੰਡਾ ਚੁਕਣਾ ਕੋਈ ਸਧਾਰਨ ਕਾਰਜ ਨਹੀਂ ਸੀ ਸਗੋਂ ਇਕ ਕ੍ਰਾਂਤੀਕਾਰੀ ਕਦਮ ਸੀ।



ਲਾਲ ਸਿੰਘ ਸੁਲਹਾਣੀ
91-98721-55120

ਆਪ ਨੇ ਆਪਣੇ ਲੰਮੇ ਸੰਘਰਸ਼ਮਈ ਜੀਵਨ ਦੌਰਾਨ ਕਿੱਧਰੇ ਅਖੌਤੀ ਨੀਚ ਜਾਤ ਵਿਚ ਪੈਦਾ ਹੋਣ ਦਾ ਗਿਲਾ ਸ਼ਿਕਵਾ ਨਹੀਂ ਕੀਤਾ, ਆਪਣੇ ਆਪ ਨੂੰ ਕਦੇ ਘਟੀਆ ਜਾ ਨੀਚ ਨਹੀਂ ਸਮਝਿਆ ਸਗੋਂ ਦ੍ਰਿੜ ਵਿਸ਼ਵਾਸ ਨਾਲ "ਚਮਾਰ" ਹੋਣ 'ਤੇ ਮਾਣ ਮਹਿਸੂਸ ਕੀਤਾ। ਆਪ ਨੇ ਸੰਘਰਸ਼ ਰਾਂਹੀ ਸਵੈਮਾਨ, ਇਜ਼ਤ ਤੇ ਏਨੀ ਸ਼ੋਹਰਤ ਪ੍ਰਾਪਤ ਕਰ ਲਈ ਕਿ ਮੁਖੀ ਬ੍ਰਾਹਮਣਾਂ ਨੂੰ ਵੀ ਡੰਡੌਤ ਕਰਕੇ ਉਨ੍ਹਾਂ ਦੇ ਚਰਨ ਪਰਸਨ ਲਈ ਮਜਬੂਰ ਹੋਣਾ ਪਿਆ। ਆਪ ਦੀਆਂ ਠੋਸ ਦਲੀਲਾਂ ਤੇ ਇਨਸਾਨੀਅਤ ਪੱਖੀ ਵਿਚਾਰਧਾਰਾ ਸਾਹਮਣੇ ਨਾ ਸਿਰਫ ਵਿਦਵਾਨ ਤੇ ਪ੍ਰਮੁੱਖ ਬ੍ਰਾਹਮਣਾਂ ਨੂੰ ਹੀ ਝੁਕਣਾ ਪਿਆ ਬਲਕਿ ਸਮੇਂ ਦੇ ਹਾਕਮ ਨਾਗਰ ਮੱਲ, ਕਵਿਤਰੀ ਸ਼ਾਹਜਾਦੀ ਮੀਰਾਂ, ਚਿਤੌੜ ਦੀ ਰਾਣੀ ਝਾਲੀ ਤੇ ਹੋਰ ਮੁੱਖੀ ਲੋਕਾਂ ਨੂੰ ਵੀ ਉਹਨਾਂ ਦੇ ਵਡਮੁੱਲੇ ਵਿਚਾਰਾਂ ਦਾ ਸਿੱਕਾ ਮੰਨਣਾ ਪਿਆ। ਸਗੋਂ ਉਹ ਉਹਨਾਂ ਦੀ ਵਿਚਾਰਧਾਰਾ ਦੇ ਮੁਦੱਈ ਤੇ ਪ੍ਰਚਾਰਕ ਹੋਣ ਵਿੱਚ ਮਾਣ ਮਹਿਸੂਸ ਕਰਨ ਲੱਗੇ। ਏਨੀ ਇੱਜ਼ਤ, ਮਾਣ, ਵਡਿਆਈ, ਪਦਵੀ ਤੇ ਸ਼ੋਹਰਤ ਹਾਸਲ ਕਰਨ ਦੇ ਬਾਵਜੂਦ ਵੀ ਆਪ ਨੇ ਕਦੀ ਆਪਣੀ ਜਾਤ ਨਹੀਂ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਜਾਤ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਹੋਏ। ਸਗੋਂ ਉਨ੍ਹਾਂ ਨੇ ਡੰਕੇ ਦੀ ਚੋਟ ਤੇ " ਮੇਰੀ ਜਾਤ ਕੁਟਬਾਂਡਲਾ ਢੋਰ ਢੋਵੰਤਾ" , "ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰ" ਅਤੇ "ਕਹਿ ਰਵਿਦਾਸ ਚਮਾਰਾ" ਕਿਹਾ। ਆਪ ਨੇ ਬ੍ਰਾਹਮਣਵਾਦ ਦੇ ਆਧਾਰ 'ਤੇ ਜਨਮ ਤੋਂ ਹੀ ਜਾਤ- ਪਾਤ ਤੇ ਊਚ- ਨੀਚ ਨੂੰ ਪ੍ਰਵਾਨ ਨਹੀਂ ਕੀਤਾ। ਆਪ ਦੀ ਮਾਨਵਵਾਦੀ ਸੋਚ ਅਨੁਸਾਰ ਕੋਈ ਮਨੁੱਖ ਭਾਵੇਂ ਅਖੌਤੀ ਸ੍ਰੇਸ਼ਟ ਕੁਲ ਵਿਚ ਪੈਦਾ ਹੋਇਆ ਹੋਵੇ ਤੇ ਸ਼ਾਸਤਰਾਂ ਦੇ ਦਰਸਾਏ ਅਨੁਸਾਰ ਕਰਮ ਧਰਮ ਵੀ ਕਰਦਾ ਹੋਵੇ ਪਰ ਜੇ ਉਹ ਪ੍ਰਭੂ ਦੀ ਪ੍ਰੇਮਾ ਭਗਤੀ ਤੇ ਮਾਨਵ ਪਿਆਰ ਦੀ ਦੀ ਕਥਾ ਦਾ ਹਾਮੀ ਨਹੀਂ ਤਾਂ ਅਜਿਹਾ ਵਿਅਕਤੀ ਸੁਪਚ ਭਾਵ ਸੱਭ ਤੋਂ ਨੀਚ ਲੋਕਾਂ ਦੇ ਬਰਾਬਰ ਹੈ --

ਖਟ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੇ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ॥੧॥

ਆਪ ਨੇ ਸਮਾਜ ਅਤੇ ਮਨੁੱਖਤਾ ਦੇ ਭਲੇ ਲਈ ਜੋ ਆਵਾਜ਼ ਬੁਲੰਦ ਕੀਤੀ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ 16 ਰਾਗਾਂ ਵਿਚਲੇ 40 ਸ਼ਬਦਾਂ ਵਿੱਚ ਸਾਡੇ ਪਾਸ ਸੁਰੱਖਿਅਤ ਹੈ। ਜਿਸ ਵਿੱਚ ਆਪ ਨੇ ਕਰਮਕਾਂਡਾਂ ਨੂੰ ਨੰਗਿਆਂ ਕੀਤਾ, ਬ੍ਰਾਹਮਣ ਦੀ ਉੱਚਤਾ ਨੂੰ ਵੰਗਾਰਿਆ, ਜਾਤ- ਪਾਤ, ਛੂਤ- ਛਾਤ ਦੀ ਨਿਖੇਧੀ ਕੀਤੀ। ਅਵਤਾਰਵਾਦ, ਬੁੱਤਪ੍ਰਸਤੀ, ਮੂਰਤੀ ਪੂਜਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਖੰਡਨ ਕਰਕੇ ਇਕ ਪ੍ਰਮਾਤਮਾ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ ਹੈ। ਆਪ ਦੀ ਮਨੋਹਰ ਅਨੂਪਮ ਤੇ ਕਲਿਆਣਕਾਰੀ ਬਾਣੀ ਸਦੀਆਂ ਤੋਂ ਛੇਕੇ ਤੇ ਤ੍ਰਿਸਕਾਰੇ, ਧਾਰਮਕ ਨੁਕਤਾ-ਨਜ਼ਰ ਤੋਂ ਅਛੂਤ ਤੇ ਅਪਵਿੱਤਰ ਗਰਦਾਨੇ, ਸਮਾਜਿਕ ਦ੍ਰਿਸ਼ਟੀ ਤੋਂ ਅਣਗੌਲੇ ਤੇ ਅਪ੍ਰਵਾਨੇ, ਆਰਥਕ ਦ੍ਰਿਸ਼ਟੀਕੋਣ ਤੋਂ ਲੁੱਟ ਖਸੁੱਟ ਦਾ ਸ਼ਿਕਾਰ, ਸਾਧਨਹੀਣ ਤੇ ਲਾਚਾਰ ਅਤੇ ਰਾਜਸੀ ਨਜ਼ਰੀਏ ਤੋਂ ਲਤਾੜੇ ਤੇ ਧ੍ਰਿਕਾਰੇ ਹੋਏ ਕਰੋੜਾਂ ਲੋਕਾਂ ਨੂੰ ਸਵੈਮਾਨ , ਅਣਖ ਤੇ ਇੱਜ਼ਤ ਨਾਲ ਸਿਰ ਚੁੱਕ ਕੇ ਤੁਰਨ ਲਈ ਉਤਸ਼ਾਹ ਤੇ ਉੱਦਮ ਪੈਦਾ ਕਰਦੀ ਹੈ। ਮਨੁੱਖੀ ਜੀਵਨ ਦੇ ਮੂਲ ਮਨੋਰਥ ਆਤਮਿਕ ਸ਼ਾਂਤੀ, ਆਜ਼ਾਦੀ, ਭਾਈਚਾਰਾ, ਸਮਤਾ, ਸਮਾਨਤਾ ਤੇ ਸਵੈਮਾਣ ਦੀ ਪ੍ਰਾਪਤੀ ਲਈ ਉਮਾਹ ਪੈਦਾ ਕਰਦੀ ਹੈ।

ਆਪ ਨੇ ਗੁਲਾਮ ਹੋ ਚੁੱਕੇ ਸ਼ੂਦਰ ਸਮਾਜ ਦੇ ਪਿਛੋਕੜ ਬਾਰੇ ਸੰਕੇਤਕ ਭਾਸ਼ਾ ਰਾਹੀਂ " ਅਛਤ ਰਾਜ ਬਿਸਤਰ ਦੁਖ ਪਾਇਆ " ਕਹਿ ਕੇ ਸੁਚੇਤ ਤੇ ਜਾਗਰਤ ਕੀਤਾ ਹੈ ਤੇ ਸਾਰੇ ਦੁੱਖਾਂ ਦਾ ਕਾਰਨ ਰਾਜਸੀ ਸ਼ਕਤੀ ਦੀ ਅਣਹੋਂਦ ਦੱਸਿਆ ਹੈ। ਆਪ ਨੇ ਸਦੀਆਂ ਤੋਂ ਗੁਲਾਮ ਭਾਰਤੀਆਂ ਦੇ ਮਨਾਂ ਵਿੱਚ ਅਜਿਹੇ ਰਾਜ ਦੀ ਚਾਹਤ ਪੈਦਾ ਕੀਤੀ ਜਿੱਥੇ ਸੱਭ ਸ਼ਹਿਰੀਆਂ (ਨਾਗਰਿਕਾਂ) ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਬਰਾਬਰੀ ਹੋਵੇ। ਆਪ ਨੇ ਅਜਿਹੇ ਰਾਜ ਦਾ ਸੁਪਨਾ ਉਲੀਕਿਆ ਜਿੱਥੇ ਬੁਨਿਆਦੀ ਹੱਕ ਬਤੌਰ ਮਨੁੱਖ ਸੱਭ ਦੇ ਬਰਾਬਰ ਹੋਣ। ਜਿੱਥੇ ਆਦਿ ਵਾਸੀ ਗੁਲਾਮੀ ਦੀ ਜਕੜ ਵਿੱਚੋਂ ਨਿਕਲ ਕੇ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਸ਼ਾਂਤੀ ਨਾਲ ਜਿੰਦਗੀ ਗੁਜਾਰ ਸਕਣ। ਆਪ ਅਜਿਹੇ ਸੁਤੰਤਰ ਤੇ ਆਦਰਸ਼ਕ ਲੋਕ ਰਾਜ ਦੇ ਮੁਦੱਈ ਸਨ ਜਿਸ ਵਿੱਚ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਹਾਸਲ ਹੋਣ। ਕੋਈ ਦੂਜੇ ਤੇ ਤੀਜੇ ਦਰਜੇ ਦਾ ਨਾਗਰਿਕ ਨਾ ਹੋਵੇ। ਜਿਥੇ ਕਿਸੇ ਵੀ ਵਿਅਕਤੀ ਨੂੰ ਕੋਈ ਗ਼ਮ ਤੇ ਡਰ ਨਾ ਹੋਵੇ, ਨਾ ਕਿਸੇ ਤੇ ਚਿੰਤਾ ਤੇ ਫਿਕਰ , ਨਾ ਤੌਖਲਾ, ਨਾ ਕਿਸੇ ਨੂੰ ਬੰਦਸ਼ਾਂ ਤੇ ਪਾਬੰਦੀਆਂ ਨੇ ਘੇਰਿਆ ਹੋਵੇ। ਅਜਿਹੇ ਦੇਸ ਦੇ ਬਾਸ਼ਿੰਦੇ ਖੁਸ਼ਹਾਲ ਧਨੀ ਤੇ ਰੱਜੇ ਪੁੱਜੇ ਹੋਏ ਹੋਣ ਅਤੇ ਹਰ ਇਕ ਨੂੰ ਮਨਮਰਜ਼ੀ ਨਾਲ ਬਿਨਾਂ ਰੋਕ ਟੋਕ ਘੁੰਮਣ ਫਿਰਨ ਦੀ ਪੂਰੀ ਆਜ਼ਾਦੀ ਹੋਵੇ। ਜਿਥੇ ਹਰ ਮਨੁੱਖ ਦੀ ਪਹੁੰਚ ਰਾਜ ਮਹਿਲਾਂ ਤੱਕ ਬੇਰੋਕ ਹੋਵੇ। ਆਪ ਨੇ ਊਚ ਨੀਚ ਦੇ ਨਿਜ਼ਾਮ ਨੂੰ ਰੱਦ ਕਰਦਿਆਂ ਸਰਬ ਸਾਂਝੀਵਾਲਤਾ ਦੇ ਪ੍ਰਤੀਕ, ਇਨਸਾਨੀਅਤ ਦੇ ਹਿਤੈਸ਼ੀ, ਸਰਬੱਤ ਦੇ ਭਲੇ ਵਾਲੇ ਅਤੇ ਸਮਾਜਵਾਦੀ ਰਾਜ ਦਾ ਖਾਕਾ ਉਲੀਕਿਆ ਹੈ ਜੋ ਉਨ੍ਹਾਂ ਦੀ ਸੂਝ ਬੂਝ ਦਾ ਕਮਾਲ ਮੰਨਿਆਂ ਜਾਂਦਾ ਹੈ। ਆਪ ਨੇ ਅਜਿਹਾ ਆਦਰਸ਼ਕ ਤੇ ਆਜ਼ਾਦ ਲੋਕ ਰਾਜ ਸਿਰਜਣ ਦੀ ਕਾਮਨਾ ਕਰਕੇ ਸ਼ੂਦਰ ਸਮਾਜ ਦੀਆਂ ਅੱਖਾਂ ਵਿੱਚ ਨਵੀਆਂ ਹੋਣੀਆਂ ਲਿਸ਼ਕਾ ਦਿੱਤੀਆਂ

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਰਾਜ ਨਾ ਮਾਲਿ॥
ਖਉਫੁ ਨਾ ਖਤਮ ਨਾ ਤਰਸੁ ਜਵਾਲੁ॥ ੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾ ਖੈਰਾ ਸਦਾ ਮੇਰੇ ਭਾਈ॥ ੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਸਾਹੀ॥
ਦੋਮ ਨਾ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤ ਹਮਾਰਾ॥ ੩॥੨॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੩੪੫)

ਸਮਾਜ ਦੇ ਕਲਿਆਣ ਲਈ ਗੁਰੂ ਜੀ ਨੇ ਸਾਰੇ ਦੇਸ਼ ਦਾ ਭਰਮਣ ਕੀਤਾ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਮਹਾਂਰਾਸ਼ਟਰ , ਪੰਜਾਬ ਵਿੱਚ ਥਾਂ ਥਾਂ ਘੁੰਮਕੇ ਗਿਆਨ ਗੋਸ਼ਟੀਆਂ ਕੀਤੀਆਂ। ਗੁਰੂ ਜੀ ਨੇ ਪੁਸ਼ਕਰ, ਪ੍ਰਯਾਗ, ਮੁਲਤਾਨ, ਮਥਰਾ, ਪੁਰੀ,ਪਨਘਾਟ ਆਦਿ ਤੀਰਥਾਂ ਦੀ ਯਾਤਰਾ ਕੀਤੀ ਤੇ ਸ਼੍ਰੋਮਣੀ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਕੇ ਸੱਚ ਦਾ ਮਾਰਗ ਦਰਸਾਇਆ।

ਆਪ ਨੇ ਅਯੁੱਧਿਆ, ਭਰਤਪੁਰ, ਮਥਰਾ, ਦਿੱਲੀ ਗੁੜਗਾਉਂ, ਬਿੰਦਰਾਬਨ, ਤ੍ਰਿਬੇਣੀ ਸੰਗਮ, ਗੋਦਾਵਰੀ, ਕੋਠਾ ਸਾਹਿਬ ( ਜ਼ਿਲ੍ਹਾ ਅੰਮ੍ਰਿਤਸਰ), ਖੁਰਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਲੁਧਿਆਣਾ, ਫਗਵਾੜਾ ਆਦਿ ਸਥਾਨਾਂ ਤੇ ਜਾਕੇ ਸਮਾਜ ਦੇ ਕਲਿਆਣ ਹਿੱਤ ਗੁਰਮਤਿ ਦਾ ਉਪਦੇਸ਼ ਦਿੱਤਾ। ਭਾਈ ਬਾਲਾ ਜੀ ਦੀ ਸਾਖੀ ਅਨੁਸਾਰ ਆਪ ਦੇ ਹਿਮਾਲਾ ਦੀ ਚੋਟੀ ਸਿਰਧਾਰ ਤੱਕ ਪਹੁੰਚਣ ਦੀ ਪੁਸ਼ਟੀ ਹੋ ਚੁੱਕੀ ਹੈ। 1482 ਈਸਵੀ ਵਿੱਚ ਚੂਹੜਕਾਣੇ ਵਿਚ ਸੱਚੇ ਸੌਦੇ ਵਾਲੀ ਸਾਖੀ ਵੀ ਗੁਰੂ ਰਵਿਦਾਸ ਤੇ ਉਨ੍ਹਾਂ ਦੇ ਸਹਿਯੋਗੀ ਸੰਤ ਮਹਾਂਪੁਰਸ਼ ਬਾਬਾ ਕਬੀਰ ਜੀ, ਸੰਤ ਰੇਣ ਜੀ, ਭਗਤ ਧੰਨਾ ਜੀ ਨਾਲ ਸਬੰਧਤ ਹੈ। ਉਹ ਕੋਈ ਭੁੱਖੇ ਤੇ ਨਿਖੱਟੂ ਸਾਧੂ ਨਹੀਂ ਸਨ।

ਸਗੋਂ ਵਿਦਵਾਨ ਤੇ ਸਮਾਜ ਦੇ ਹਿਤੈਸ਼ੀ ਮਾਨਵਵਾਦੀ ਰਹਿਬਰ ਸਨ। ਏਸੇ ਤਰ੍ਹਾਂ 1496 ਵਿਚ ਗੁਰੂ ਨਾਨਕ ਦੇਵ ਜੀ ਦੇ ਵੇਈਂ ਪ੍ਰਵੇਸ਼ ਉਪਰੰਤ ਗੁਰਦੁਆਰਾ ਸੰਤਘਾਟ ਸੁਲਤਾਨਪੁਰ ਲੋਧੀ ਵਿਖੇ ਏਸੇ ਸੰਤ ਮੰਡਲੀ ਨਾਲ ਦੀਰਘ ਵਿਚਾਰ ਚਰਚਾਵਾਂ ਤੇ ਗਿਆਨ ਗੋਸ਼ਟੀਆਂ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ।

ਇਹ ਵੀ ਇਤਿਹਾਸਕ ਸੱਚ ਹੈ ਕਿ ਗੁਰੂ ਨਾਨਕ ਜੀ ਪਹਿਲੀ ਉਦਾਸੀ ਵੇਲੇ 15 ਦਿਨ ਗੁਰੂ ਕੇ ਬਾਗ ਬਨਾਰਸ ਵਿਖੇ ਸੰਤ ਕਬੀਰ ਸਾਹਿਬ ਤੇ ਗੁਰੂ ਰਵਿਦਾਸ ਨਾਲ ਗਿਆਨ ਗੋਸ਼ਟੀਆਂ ਕਰਦੇ ਰਹੇ ਤੇ ਉਹਨਾਂ ਦੀ ਰਚੀ ਬਾਣੀ ਲੈਕੇ ਬੰਗਾਲ ਵੱਲ ਗਏ। ਗੁਰੂ ਰਵਿਦਾਸ ਜੀ ਦੇ ਚਿਤੌੜਗੜ੍ਹ ਵਿਚ ਜਾਕੇ ਬ੍ਰਹਮਭੋਜ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਵੀ ਹੋ ਚੁੱਕੀ ਹੈ। ਜਿਥੇ ਆਪ ਆਪਣੀ ਪਰਮ ਸ਼ਿਸ਼ ਰਾਣਾ ਸਾਂਗਾ ਦੀ ਪਤਨੀ ਝਾਲਾਬਾਈ ਦੇ ਵਿਸ਼ੇਸ਼ ਸੱਦੇ 'ਤੇ ਪਧਾਰੇ ਸਨ। ਰਾਓ ਦੂਦਾ ਜੀ ਦੀ ਪੋਤਰੀ ਮੀਰਾ ਬਾਈ ਦੇ ਰਾਜ ਕੁਮਾਰ ਭੋਜਰਾਜ ਨਾਲ ਹੋਏ ਵਿਆਹ ਦੇ ਮਹਾਂਉਤਸਵ ਤੇ ਗੁਰੂ ਜੀ ਨੇ ਸਿਸੋਦੀਆ ਬੰਸ ਦੇ ਕੁਲ ਗੁਰੂ ਵਜੋਂ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਵੀ ਦਿੱਤਾ ਸੀ। ਗੁਰੂ ਰਵਿਦਾਸ ਜੀ ਦਾ ਦੇਹਾਂਤ 1540 ਈਸਵੀ ਨੂੰ ਚਿਤੌੜ ਗੜ੍ਹ ਵਿੱਚ ਹੋਇਆ। ਆਪ ਦੀ ਉਮਰ 125 ਸਾਲ ਸੀ।

ਸੋ ਆਓ ! ਸੰਤ ਸਤਿਗੁਰੂ ਦੇ ਸੁਪਨੇ ਤੇ ਭਵਿੱਖ ਵਾਚੀ ਬੋਲਾਂ ਨੂੰ ਸਾਕਾਰ ਕਰਨ ਲਈ ਵਰਣ ਵੰਡ, ਜਾਤ- ਪਾਤ ਤੇ ਊਚ -ਨੀਚ ਤੋਂ ਉੱਪਰ ਉੱਠ ਕੇ ਅਜਿਹੇ ਸਮਾਜ ਦੀ ਸਿ- ਰਜਣਾ ਕਰਨ ਹਿੱਤ ਸੰਘਰਸ਼ ਕਰੀਏ ਜਿਥੇ ਸੱਭ ਨਾਗਰਿਕ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਸਮਤਾ, ਸਮਾਨਤਾ ਤੇ ਭਾਈਚਾਰੇ ਵਾਲਾ ਜੀਵਨ ਜਿਉਂ ਸਕਣ।

## ਕਾਨੂੰਨ ਮਜ਼ਾਕ ਬਣਾ ਕੇ ਰੱਖਤਾ

ਇਨਸਾਫ਼ ਕਿਨਾਰੇ ਲਾ ਕੇ ਰੱਖਤਾ।
ਨਿਆਂ ਦੀ ਦੇਵੀ ਅੰਨ੍ਹੀ ਬੋਲ਼ੀ
ਫਾਂਸੀ ਸੱਚ ਚੜ੍ਹਾ ਕੇ ਰੱਖਤਾ।
ਬੇਟੀ ਬਚਾਓ, ਬੇਟੀ ਪੜ੍ਹਾਓ
ਨਾਅਰਾ ਰਹਿ ਗਿਆ ਨਾਅਰਾ ਬਣਕੇ
।
ਲੱਗਦੈ ਗੁੰਡਾ ਰਾਜ ਰਹਿ ਗਿਆ
ਮੁਲਕ ਸਾਰੇ ਦਾ ਸਾਰਾ ਬਣਕੇ।
ਚੌਕੀਦਾਰਾਂ ਲੁੱਟ ਕੇ ਭਾਰਤ
ਦੇਸ਼ ਕੰਗਾਲ ਬਣਾਕੇ ਰੱਖਤਾ।
ਨਿਆਂ ਦੀ ਦੇਵੀ ਅੰਨ੍ਹੀ ਬੋਲ਼ੀ --

ਮਾਨਵਤਾ ਹੋਈ ਸ਼ਰਮਿੰਦੀ
ਕਾਤਲ ਦਨਦਨਾਉਂਦੇ ਫਿਰਦੇ ਗ।
ਬੰਦੇ ਵੱਢਦੇ ਡੰਗਰਾਂ ਪਿੱਛੇ,
'ਡੰਗਰ' ਲੁੱਡੀਆਂ ਪਾਉਂਦੇ ਫਿਰਦੇ।
ਫਿਰਕੂ ਭੀੜਾਂ ਨੇ ਬੰਦੇ ਨੂੰ
ਫਿਰਕਿਆਂ ਵਿੱਚ ਉਲਝਾ ਕੇ ਰੱਖਤਾ।
ਨਿਆਂ ਦੀ ਦੇਵੀ ਅੰਨ੍ਹੀ ਬੋਲ਼ੀ---

ਪਾਪ ਦੀਆਂ ਜੋ ਜੰਞਾਂ ਚੜ੍ਹੀਆਂ
ਜਬਰੀ ਡੋਲ਼ੇ ਮੰਗਣ ਤੁਰੀਆਂ।
ਹੱਥੀ ਲੈ ਨੰਗੀਆਂ ਤਲਵਾਰਾਂ
ਨਿਆਂ ਛਿੱਕੇ ਤੇ ਟੰਗਣ ਤੁਰੀਆਂ।
ਬਾਬਰ ਦੇ ਜਾਬਰ ਪੁੱਤਾਂ ਨੇ
ਵੱਖਰਾ ਚੰਦ ਚੜ੍ਹਾ ਕੇ ਰੱਖਤਾ।
ਨਿਆਂ ਦੀ ਦੇਵੀ ਅੰਨ੍ਹੀ ਬੋਲ਼ੀ---
"ਰਾਜੇ ਸ਼ੀਂਹ ਮੁਕੱਦਮ ਕੁੱਤੇ",
ਕਹਿਣ ਵਾਲਾ ਕੋਈ ਨਾਨਕ ਹੈ ਨਹੀਂ।
"ਜਾਇ ਜਾਗਾਇਣ ਬੈਠੇ ਸੁੱਤੇ "
ਕਹਿਣ ਵਾਲਾ ਕੋਈ ਨਾਨਕ ਹੈ ਨਹੀਂ।
ਗਿਆਨ ਵਿਹੂਣੀ ਪਰਜਾ ਤਾਈਂ
ਉਲਟਾ ਪਾਠ ਪੜ੍ਹਾ ਕੇ ਰੱਖਤਾ।
ਨਿਆਂ ਦੀ ਦੇਵੀ ਅੰਨ੍ਹੀ ਬੋਲ਼ੀ---

ਕੋਈ ਨਾ ਕੋਈ ਤਾਂ ਯੋਧਾ
ਐਨਿਆਂ ਵਿਚੋਂ ਉਠ ਖੜ੍ਹੇਗਾ।
"ਬੰਦਾ" ਬਣ ਜੋ ਮਾਂ ਗੁਜਰੀ ਦੇ
'ਲਾਲ' ਵਾਲੀ ਸਮਸ਼ੀਰ ਫੜੇਗਾ।
ਸੋਨ ਚਿੜੀ ਸੀ ਪਿੰਡ ਸੁਲਹਾਣੀ
ਮਿੱਟੀ ਵਿੱਚ ਮਿਲਾ ਕੇ ਰੱਖਤਾ।
ਨਿਆਂ ਦੀ ਦੇਵੀ ਅੰਨ੍ਹੀ ਬੋਲ਼ੀ--

## ਧੂੜ ਖੱਬੀਖਾਨਾਂ ਨੂੰ ਚਟਾਈ ਕਾਂਸ਼ੀ ਰਾਮ ਨੇ

ਧੂੜ ਖੱਬੀਖਾਨਾਂ ਨੂੰ ਚਟਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਸਦੀਆਂ ਤੋਂ ਪਛੜੇ ਪਛਾੜੇ ਲੋਕ ਦੇਸ਼ ਦੇ।
ਜਾਤਾਂ ਤੇ ਕੁਜਾਤਾਂ ਵਿਚ ਪਾੜੇ ਲੋਕ ਦੇਸ਼ ਦੇ।
ਸਾਂਝ ਭਾਈਚਾਰੇ ਦੀ ਸਿਖਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਮਨੂਵਾਦੀਆਂ ਨੂੰ ਉਹਦੇ ਗੜ੍ਹਾਂ ਵਿਚ ਘੇਰਕੇ।
ਰੱਖਤੇ ਗਣਿਤ ਰਾਜਨੀਤਕਾਂ ਦੇ ਫੇਰਕੇ।
ਐਸੀ ਪੁੱਠੀ ਚਕਰੀ ਘੁੰਮਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਾਂਗਰਸੀ, ਭਾਜਪਾ ਸਮੇਤ ਰੱਖੇ ਠੋਕ ਕੇ।
ਬੈਠੇ ਸਨ ਸਾਰੇ ਮਨੂਵਾਦੀ ਸਾਹ ਰੋਕ ਕੇ।
ਨੀਂਦ ਕੱਲੇ ਕੱਲੇ ਦੀ ਉਡਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਹਿੰਦਾ ਛਡੂੰ ਮਨੂਵਾਦ ਦੇਸ਼ ਵਿਚੋਂ ਕੱਢ ਕੇ।
ਝੁੱਗੀਆਂ ਤੇ ਢਾਰਿਆਂ 'ਤੇ ਨੀਲਾ ਝੰਡਾ ਗੱਡ ਕੇ।
ਹਾਥੀ ਉੱਤੇ ਬਸਪਾ ਚੜ੍ਹਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਰਨੀ ਤੇ ਕਹਿਣੀ ਇੱਕ, ਜੀਵਨ ਕਮਾਲ ਦਾ।
ਵੱਡਾ ਜਿਗਰਾ ਸੀ ਮਾਤਾ ਬਿਸ਼ਨੀ ਦੇ 'ਲਾਲ' ਦਾ।
ਸੁੱਤੀ ਕੌਮ ਟੁੰਬ ਕੇ ਜਗਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

## ਬਹੁਜਨ ਸਮਾਜ ਬਣਾਕੇ ਅਸੀ ਹੁਕਮਰਾਨ ਬਣ ਸਕਦੇ ਹਾਂ- ਕਾਂਸ਼ੀ ਰਾਮ

ਮਿਲ ਕੇ ਚੱਲਣਾ ਹੈ। ਆਪਣੇ ਆਪ ਨੂੰ ਸੰਗਠਤ ਕਰਕੇ ਸ਼ਕਤੀਸ਼ਾਲੀ ਬਣਾਉਣਾ ਹੈ। ਉੱਤਰ ਪ੍ਰਦੇਸ਼ ਵਿੱਚ ਬ੍ਰਾਹਮਣਵਾਦੀ ਲੋਕ ਯਾਦਵ ਨੂੰ ਅੱਗੇ ਰੱਖਕੇ ਚਮਾਰ ਨੂੰ ਦੁਖੀ ਕਰਦੇ ਸਨ। ਹੁਣ ਚਮਾਰ ਤੇ ਯਾਦਵ ਰਲਕੇ ਸਰਕਾਰ ਚਲਾ ਰਹੇ ਹਨ। ਘੜੀ ਵੱਲ ਦੇਖਦਿਆਂ ਕਹਿਣ ਲੱਗੇ ਹੁਣ ਦਸ ਵੱਜਣ ਵਾਲੇ ਹਨ ਹਾਥੀ ਤੇ ਵੋਟ ਪਾਉਣ ਦੀ ਅਪੀਲ ਕਰਦਾ ਹੋਇਆ ਮੈਂ ਵਿਦਾ ਲੈਂਦਾ ਹਾਂ।

ਉਸ ਉਪਰੰਤ ਦਫਤਰ ਆਕੇ ਹਲਕੀਆਂ ਫੁਲਕੀਆਂ ਗੱਲਾਂ ਕਰਦਿਆਂ ਸਾਹਿਬ ਫਿਰ ਦਸਣ ਲਗ ਪਏ ਕਿ ਮਹਾਂਰਾਸ਼ਟਰ ਵਿਚ ਮਾਹਰਾਂ ਦੀ ਗਿਣਤੀ 9% ਦੇ ਲਗਭਗ ਹੈ। ਯੂ ਪੀ ਵਿਚ ਚਮਾਰ 18% ਹੈ। ਬੰਗਾਲ ਦਾ ਚੰਡਾਲ (ਜੋ ਹੁਣ ਆਪਣੇ ਆਪ ਨੂੰ ਨਮੋ ਸ਼ੂਦਰ ਅਖਵਾ ਕਿ ਖੁਸ਼ ਹੋ ਰਿਹਾ ਹੈ) ਜੈਸੂਰ ਅਤੇ ਖੁਲਣਾ ਖੇਤਰਾਂ ਵਿਚ 52% ਦੇ ਕਰੀਬ ਹੈ ਬੰਗਲਾਦੇਸ਼ ਦੇ ਨਾਲ ਲਗਦੀਆਂ 14 ਸੀਟਾਂ ਤੇ 50% ਦੇ ਕਰੀਬ ਐ। ਤਾਮਿਲਨਾਡੂ ਦੇ ਪਰੀਆ ਨਾਰਥ ਤਾਮਿਲਨਾਡੂ ਵਿਚ ਈ 20% ਹਨ ਦੇਸ਼ ਦੇ ਚਾਰ ਕੋਨਿਆਂ ਵਿਚ ਵਸਦੀਆਂ ਚਾਰੇ ਜਾਤੀਆਂ ਅੰਬੇਡਕਰ ਦੀ ਮੂਵਮੈਂਟ ਨਹੀਂ ਚਲਾ ਸਕੀਆਂ। ਇਹ ਸਾਰੀਆਂ ਜਾਤੀਆਂ ਆਪਣੇ ਆਪ ਤਕ ਸੀਮਤ ਹਨ। ਪਰ ਜੇ ਅਸੀਂ ਛੋਟੇ ਵੱਡੇ ਟੁਕੜਿਆਂ ਨੂੰ ਜੋੜਨ ਦਾ ਕੰਮ ਕਰਕੇ ਬਹੁਜਨ ਸਮਾਜ ਬਣਾ ਲੈਂਦੇ ਹਾਂ ਅਲਪ ਜਨ ਤੋਂ ਬਹੁਜਨ ਸਮਾਜ ਬਣਾਕੇ ਅਸੀਂ ਹੁਕਮਰਾਨ ਸਮਾਜ ਬਣ ਸਕਦੇ ਹਾਂ ਜਿਸ ਦਾ ਸਫਲ ਤਜਰਬਾ ਅਸੀਂ ਯੂ ਪੀ ਵਿਚ ਕਰ ਕੇ ਦਿਖਾ ਚੁੱਕੇ ਹਾਂ। ਇਉਂ ਸਾਹਿਬ ਕਾਂਸ਼ੀ ਰਾਮ ਜੀ ਨੇ ਨਵੀਂ ਊਰਜਾ ਪਰਦਾਨ ਕਰ ਦਿਤੀ ਸੀ।

ਕੁਝ ਦਿਨ ਰੁਕ ਕੇ ਮੈਂ ਤੇ ਮੇਰੇ ਸਾਥੀ ਸਜੌਲ ਸਿੰਘ ਨੇ ਵੀ ਦੂਜੇ ਸਾਥੀਆਂ ਵਾਂਗ ਵਾਪਸੀ ਕਰ ਲਈ। ਲੋਕਲ ਕਾਰਜ ਕਰਤਾਵਾਂ ਤੇ ਆਗੂਆਂ ਨੇ ਸਾਨੂੰ ਨਿੱਘੀ ਵਿਦਾਇਗੀ ਦਿੱਤੀ। ਅਸੀਂ ਹਜੂਰ ਸਾਹਿਬ ਦੇ ਦਰਸ਼ਨ ਲਈ ਚਾਲੇ ਪਾ ਦਿੱਤੇ। ਕਿਉਂਕਿ ਉੱਥੇ ਮੇਰਾ ਪਰਮ ਮਿੱਤਰ ਸ. ਗੁਰਚਰਨ ਸਿੰਘ ਸੰਘਾ ਮੁੱਖ ਸੰਪਾਦਕ ਸੱਚ ਖੰਡ ਪੱਤਰ ਤੈਨਾਤ ਸੀ। ਉਹਨੂੰ ਮੈਂ ਫੋਨ ਰਾਹੀਂ ਆਪਣੀ ਆਮਦ ਬਾਰੇ ਅਗਾਊਂ ਦੱਸ ਦਿਤਾ ਸੀ ਉਹਨੇ ਮੇਰੇ ਲਈ ਸਚਖੰਡ ਦੇ ਕਿਸੇ ਰੈਸਟ ਹਾਊਸ ਵਿੱਚ ਮੇਰੇ ਰੈਣ ਬਸੇਰੇ ਦਾ ਉਚੇਚਾ ਪ੍ਰਬੰਧ ਕਰ ਰੱਖਿਆ ਸੀ ਪਰ ਮੈਂ ਉਹਦੇ ਘਰ ਪ੍ਰਵਾਰ ਮਹੌਲ ਵਿਚ ਰਹਿਣ ਨੂੰ ਤਰਜੀਹ ਦਿੱਤੀ। ਤਿੰਨ ਦਿਨ ਸੱਚ ਖੰਡ ਸ੍ਰੀ ਹਜੂਰ ਸਾਹਿਬ ਤੇ ਹੋਰ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਕੇ ਅਸੀਂ ਵਾਪਸ ਚਾਲੇ ਪਾ ਲਏ।

# ਹੁਣ ਪੰਜਾਬੀ ਜਜ਼ਬਾਤੀ ਰੌਅ 'ਚ ਠੱਗੇ ਨਹੀਂ ਜਾਣਗੇ



ਲਾਲ ਸਿੰਘ ਸੁਲਹਾਣੀ
91-98721-55120

ਜਦੋਂ ਬਸਪਾ ਪ੍ਰਮੁੱਖ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇਸ਼ ਵਿਆਪੀ "ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰ-ਦੋਲਨ" ਚਲਾ ਰਹੇ ਸਨ ਤਾਂ ਦੇਸ਼ ਦੀਆਂ ਜੰਮੀਆਂ ਜਮਾਈਆਂ ਪਾਰਟੀਆਂ ਧੜੰਮ ਧੜੰਮ ਕਰਕੇ ਮੂਧੇ ਮੂੰਹ ਡਿੱਗਣ ਤੇ ਮਿੱਟੀ 'ਚ ਮਿਲਣ ਲੱਗੀਆਂ ਤੇ ਬ੍ਰਾਹਮਣਾਂ ਹੱਥੋਂ ਸੱਤਾ ਖਿਸਕ ਗਈ ਤਾਂ ਮਨੂਵਾਦੀਆਂ ਵਲੋਂ ਆਪਣਾ ਮਸੀਹਾ ਬਣਾ ਕੇ ਠਾਕੁਰ ਵਿਸ਼ਵ ਨਾਥ ਪਰਤਾਪ ਸਿੰਘ (ਵੀ. ਪੀ. ਸਿੰਘ ) ਨੂੰ ਅੱਗੇ ਕਰ ਲਿਆ ਗਿਆ। ਸਾਬਕਾ ਰਾਜਾ ਤੇ 8000 ਏਕੜ ਦਾ ਮਾਲਕ ਦੇਸ਼ ਦੇ ਮਜ਼ਦੂਰਾਂ ਕਿਸਾਨਾਂ ਦੇ ਨਾਂ ਤੇ ਰਾਜਨੀਤੀ ਕਰਦੇ ਆ ਰਹੇ ਖੱਬੇ ਸੱਜੇ ਕਮਿਊਨਿਸਟਾਂ ਨੂੰ ਵੀ ਠਾਕੁਰ ਵੀ. ਪੀ. ਸਿੰਘ "ਰਾਜਾ ਨਹੀਂ ਫਕੀਰ ਐ,
ਦੇਸ਼ ਦੀ ਤਕਦੀਰ ਐ।

ਨਜ਼ਰ ਆਉਣ ਲੱਗਿਆ। ਉਹਨੇ ਬਹੁਜਨ ਸਮਾਜ ਨੂੰ ਆਪਣੇ ਭਰਮ ਜਾਲ ਵਿਚ ਫਸਾਉਣ ਲਈ ਸਾਹਿਬ ਕਾਂਸ਼ੀ ਰਾਮ ਜੀ ਦੀ ਨਕਲ ਕਰਦਿਆਂ ਸਮਾਜਕ ਇਨਸਾਫ ਦਾ ਨਾਅਰਾ ਦੇ ਦਿੱਤਾ ਤੇ ਪੂਰੇ ਦੇਸ਼ ਦੇ ਮਨੂਵਾਦੀ ਮੀਡੀਆ ਨੇ ਪੂਰੇ ਜੋਸ਼ ਖਰੋਸ਼ ਨਾਲ ਪਰਚਾਰਿਆ। ਪਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਮਨੋਬਲ ਏਨਾ ਪਰਬਲ ਸੀ ਕਿ ਉਹਨਾਂ ਨੇ ਆਪਣੇ ਕਾਰਕੁੰਨਾਂ ਨੂੰ ਭਰੋਸਾ ਦਿਵਾਇਆ ਕਿ ਨਕਲ ਕਰਨਾ ਵੀ. ਪੀ. ਸਿੰਘ ਨੂੰ ਬਹੁਤ ਮਹਿੰਗਾ ਪਵੇਗਾ। ਵੀ. ਪੀ ਸਿੰਘ. ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਵਿਛਾਏ ਜਾਲ ਵਿਚ ਅਜਿਹਾ ਫਸਿਆ ਕਿ ਰਾਜਨੀਤਕ ਰੰਗਮੰਚ ਤੋਂ ਮਿਟ ਗਿਆ।

ਹੁਣ ਕਾਂਗਰਸ ਜਦੋਂ (ਆਰ ਐੱਸ ਐੱਸ) ਬ੍ਰਾਹਮਣਾਂ ਨੂੰ ਸੱਤਾ ਸੀਨ ਕਰਨ ਦੇ ਕਾਬਲ ਨਜਰ ਨਹੀਂ ਆਉਂਦੀ ਤੇ ਗਾਂਧੀ ਪਰਵਾਰ ਦੇ ਪੈਰ ਲੜਖੜਾ ਰਹੇ ਹਨ ਤਾਂ ਆਪਣੇ ਨਵੇਂ ਜਮੂਰੇ ਕੇਜਰੀਵਾਲ ਨੂੰ ਮਸੀਹਾ ਦੇ ਰੂਪ ਵਿਚ ਭਾਜਪਾ ਦੇ ਬਦਲ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਜੋ ਬਸਪਾ ਦੀਆਂ ਉੱਤਰ ਪ੍ਰਦੇਸ਼ ਵਿੱਚਲੀਆਂ ਚਾਰ ਵਾਰ ਬਣੀਆਂ ਸਰਕਾਰਾਂ ਵਲੋਂ ਮਾਨਵ ਹਿੱਤ ਲਈ ਕੀਤੇ ਕੰਮਾਂ ਵਿਚੋਂ ਕੁੱਝ ਕੁ ਦੀ ਨਕਲ ਕਰਕੇ ਬਹੁਜਨ ਸਮਾਜ ਨੂੰ ਗੁਮਰਾਹ ਕਰ ਕੇ ਆਪਣੇ ਭਰਮ ਜਾਲ ਵਿਚ ਫਸਾਉਣ ਲਈ ਯਤਨਸ਼ੀਲ ਹੈ। ਮੋਹਨ ਦਾਸ ਕਰਮ ਚੰਦ ਗਾਂਧੀ ਦਾ ਸਕਾ ਪੁੱਤ ਬਣਿਆਂ ਕੇਜਰੀਵਾਲ ਬ੍ਰਾਹਮਣਵਾਦ/ ਮਨੂਵਾਦ/ ਗਾਂਧੀਵਾਦ ਨੂੰ ਬਚਾਉਣ ਲਈ ਪੇਸ਼ਗੀ ਤਿਆਰ ਕੀਤਾ ਜਾ ਰਿਹਾ ਹੈ ਅਤੇ ਪੂਰਾ ਪੂੰਜੀਪਤੀ ਮੀਡੀਆ ਉਹਦੀ ਪਿੱਠ ਥਾਪੜ ਕੇ ਉਹਨੂੰ ਸਾਰੀਆਂ ਬਿਮਾਰੀਆਂ ਦੇ ਇਕੋ ਇਕ ਇਲਾਜ ਵਜੋਂ ਪਰਚਾਰ ਰਿਹਾ ਹੈ। ਨਵ ਗਾਂਧੀਵਾਦੀ ਮੁੱਖ ਮੰਤਰੀ ਕੇਜਰੀਵਾਲ ਅੱਧੇ ਅਧੂਰੇ ਰਾਜ ਦਿੱਲੀ ਨੂੰ ਪ੍ਰਯੋਗਸ਼ਾਲਾ ਵਜੋਂ ਵਰਤਕੇ ਆਪਣਾ ਟੀਚਾ ਗੁਰੂਆਂ ਦੀ ਧਰਤੀ (ਜਿੱਥੇ ਮਨੂਵਾਦ ਦੀ ਬਜਾਏ ਮਾਨਵਤਾਵਾਦ ਵਧਿਆ ਫੁੱਲਿਆ ਤੇ ਸਦੀਆਂ ਤੋਂ ਕ੍ਰਾਂਤੀਕਾਰੀਆਂ ਦੇ ਖਿੱਤੇ ਵਜੋਂ ਜਾਣਿਆਂ ਜਾਂਦਾ ਹੈ ) ਨੂੰ ਮਿੱਥੀ ਬੈਠਾ ਹੈ ਤਾਂ ਕਿ ਗਾਂਧੀਵਾਦ ਦੀ ਪੁੱਠ ਦੇਕੇ ਇਸ ਖੇਤਰ ਦੀ

> **ਹੁਣ ਤਾਂ ਥੋੜ੍ਹੀ ਜਿਹੀ ਸਮਾਜਕ ਤੇ ਸਿਆਸੀ ਸੂਝਬੂਝ ਰੱਖਣ ਵਾਲਾ ਵਿਅਕਤੀ ਵੀ ਇਸ ਯੋਜਨਾਬੱਧ ਤਰੀਕੇ ਨਾਲ ਖੇਡੀ ਜਾ ਰਹੀ ਖੇਡ ਨੂੰ ਭਲੀਭਾਂਤ ਸਮਝਣ ਦੇ ਸਮਰੱਥ ਹੈ। ਸੰਨ 2014 'ਚ ਦਿੱਲੀ ਦੀਆਂ ਸੱਤ ਦੀਆਂ ਸੱਤ ਲੋਕ ਸਭਾ ਸੀਟਾਂ ਭਾਰਤੀ ਜਨਤਾ ਪਾਰਟੀ ਸ਼ਾਨੋ ਸ਼ੌਕਤ ਨਾਲ ਜਿੱਤਦੀ ਐ ਤੇ ਕੁੱਝ ਈ ਮਹੀਨਿਆਂ ਬਾਅਦ ਉਸਦਾ 2015 ਦੀਆਂ ਦਿੱਲੀ ਅਸੰਬਲੀ ਚੋਣਾਂ ਦੌਰਾਨ ਸਫਾਇਆ ਹੋ ਜਾਂਦਾ ਹੈ ਜਦੋਂ ਕਿ ਦਿੱਲੀ ਦੀਆਂ ਚੌਹਾਂ ਈ ਨਗਰ ਨਿਗਮਾਂ' ਤੇ ਬੀ ਜੇ ਪੀ ਦਾ ਕਬਜਾ ਐ।**

ਕਰਾਂਤੀਕਾਰ ਰੂਹ ਨੂੰ ਦਬਾਇਆ/ ਕੁਚਲਿਆ ਜਾਵੇ ਤੇ ਵਿਕਾਸ ਦੀ ਨਕਲੀ ਤਸਵੀਰ ਵਿਖਾ ਕੇ ਪੰਜਾਬ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਸਕੇ। ਆਰ ਐੱਸ ਐੱਸ ਦੇ ਚਿੰਤਕ ਤੇ ਸਰਕਾਰੀ ਏਜੰਸੀਆਂ ਮਨੂਵਾਦੀ ਮੀਡੀਆ ਪੂਰਾ ਤਾਣ ਲਾਕੇ ਉਹਨੂੰ ਇੱਕੋ ਇੱਕ ਮਸੀਹਾ ਬਣਾ ਕੇ ਉਭਾਰਨ ਲਈ ਪੱਬਾਂ ਭਾਰ ਹੈ ਤਾਂ ਕਿ ਲੋੜ ਪੈਣ ਤੇ ਆਰ ਐੱਸ ਐੱਸ ਦੇ ਇਸ ਸਜਰੇ ਜਮੂਰੇ ਨੂੰ ਭਵਿੱਖ ਦੇ ਕੌਮੀ ਆਗੂ ਵਜੋਂ ਵਰਤਿਆ ਜਾ ਸਕੇ। ਜਦੋਂ ਕਿ ਦੇਸ਼ ਦੇ ਕਈ ਹੋਰ ਸੂਬਿਆਂ ਵਿਚ ਰਾਜ ਕਰ ਚੁੱਕੇ ਜਾਂ ਕਰ ਰਹੇ ਸਫਲ ਮੁੱਖ ਮੰਤਰੀ ਮੌਜੂਦ ਹਨ। ਜਿਹਨਾਂ ਦੁਆਰਾ ਕੀਤੇ ਲੋਕ ਹਿਤੈਸ਼ੀ ਕਾਰਜ ਜੱਗ ਜਾਹਰ ਹਨ।

ਹੁਣ ਤਾਂ ਥੋੜ੍ਹੀ ਜਿਹੀ ਸਮਾਜਕ ਤੇ ਸਿਆਸੀ ਸੂਝਬੂਝ ਰੱਖਣ ਵਾਲਾ ਵਿਅਕਤੀ ਵੀ ਇਸ ਯੋਜਨਾਬੱਧ ਤਰੀਕੇ ਨਾਲ ਖੇਡੀ ਜਾ ਰਹੀ ਖੇਡ ਨੂੰ ਭਲੀਭਾਂਤ ਸਮਝਣ ਦੇ ਸਮਰੱਥ ਹੈ। ਸੰਨ 2014 'ਚ ਦਿੱਲੀ ਦੀਆਂ ਸੱਤ ਦੀਆਂ ਸੱਤ ਲੋਕ ਸਭਾ ਸੀਟਾਂ ਭਾਰਤੀ ਜਨਤਾ ਪਾਰਟੀ ਸ਼ਾਨੋ ਸ਼ੌਕਤ ਨਾਲ ਜਿੱਤਦੀ ਐ ਤੇ ਕੁੱਝ ਈ ਮਹੀਨਿਆਂ ਬਾਅਦ ਉਸਦਾ 2015 ਦੀਆਂ ਦਿੱਲੀ ਅਸੰਬਲੀ ਚੋਣਾਂ ਦੌਰਾਨ ਸਫਾਇਆ ਹੋ ਜਾਂਦਾ ਹੈ ਜਦੋਂ ਕਿ ਦਿੱਲੀ ਦੀਆਂ ਚੌਹਾਂ ਈ ਨਗਰ ਨਿਗਮਾਂ' ਤੇ ਬੀ ਜੇ ਪੀ ਦਾ ਕਬਜਾ ਐ।

ਇਹੀ ਅਮਲ 2019 ਚ ਲੋਕ ਸਭਾ ਚੋਣਾਂ ਵਿਚ ਦੁਹਰਾਇਆ ਜਾਂਦਾ ਹੈ ਅਤੇ 2020 ਦੀ ਦਿੱਲੀ ਅਸੰਬਲੀ ਚੋਣ ਵਿੱਚ ਵੀ ਦੇਖਿਆ ਗਿਆ। ਵਾਹ ਕਿਆ ਬਾਤ ਐ! ਛੇ ਮਹੀਨੇ ਪਹਿਲਾਂ ਲੋਕ ਸਭਾ ਚੋਣਾਂ ਸਮੇਂ ਦਿੱਲੀ ਦੇ "ਸੂਝਵਾਨ" ਵੋਟਰਾਂ ਦਾ ਮਹਾਂਨਾਇਕ ਮੋਦੀ ਅਸੰਬਲੀ ਚੋਣਾਂ ਸਮੇਂ ਇਕ ਦਮ ਖਲਨਾਇਕ ਬਣ ਗਿਆ। ਇਹ ਵਕਤ ਦੀ ਸਿਤਮ ਜਰੀਫੀ ਹੋ ਸਕਦੀ ਹੈ ਜਾਂ ਫਿਰ ਉਹੀ ਯੋਜਨਾਬੱਧ ਦੋਸਤਾਨਾ ਖੇਡ।

ਅਜਿਹਾ ਕਰਕੇ ਇਕ ਪਾਸੇ ਤਾਂ ਪਰਤੱਖ ਤੇ ਅਪਰਤੱਖ ਤੌਰ ਤੇ ਨਵ ਗਾਂਧੀਵਾਦੀ ਕੇਜਰੀਵਾਲ ਨੂੰ ਲੋਕਾਂ (ਖਾਸ ਕਰਕੇ ਪੰਜਾਬੀਆਂ) ਦੇ ਮੁਕਤੀ ਦਾਤਾ ਵਜੋਂ ਉਭਾਰਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਇਸ ਅਮਲ ਰਾਹੀਂ ਈ ਵੀ ਐਮ ਦੀ ਵਾਜਬੀਅਤ ਸਿਧ ਕਰਨ ਲਈ ਵੀ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਆਰ ਐੱਸ ਐੱਸ ਦਾ ਮੁੱਖੀ ਮੋਹਨ ਭਾਗਵਤ ਕੇਜਰੀਵਾਲ ਨੂੰ ਸ਼ਰੇਆਮ ਆਪਣੇ ਮਨੂਵਾਦੀ ਏਜੰਡੇ ਨੂੰ ਲਾਗੂ ਕਰਨ ਵਾਲੇ ਵਜੋਂ ਵੇਖਦਾ ਐ। ਉਧਰ ਕੇਜਰੀਵਾਲ ਵੀ ਚੋਣਾਂ ਦੌਰਾਨ ਅਤੇ ਜਿੱਤ ਤੋਂ ਬਾਅਦ ਆਪਣੀ ਹਿੰਦੂਤਵੀ ਸੋਚ ਜੱਗ ਜਾਹਰ ਕਰਨ ਵਿਚ ਭੋਰਾ ਵੀ ਝਿਜਕ ਮਹਿਸੂਸ ਨਹੀਂ ਕਰਦਾ।

'ਅਸੀਂ ਰਾਜਨੀਤੀ ਕਰਨ ਨਹੀਂ ਰਾਜਨੀਤੀ ਬਦਲਣ ਆਏ ਹਾਂ' ਨਾਅਰਾ ਕਿੱਥੇ ਗਿਆ ?
ਕੀ ਕੁੱਝ ਬਦਲਿਆ?
ਕਿੱਥੇ ਗਿਆ ਸਵਰਾਜ ? ਕਿਥੇ ਗਿਆ ਲੋਕ ਪਾਲ?
ਵੀ ਆਈ ਪੀ ਕਲਚਰ ਖਤਮ ਕਰਨ ਸਕਿਉਰਿਟੀ, ਕੋਠੀਆਂ, ਕਾਰਾਂ ਨਾ ਲੈਣ ਦੇ ਮਾਰੇ ਗਏ ਦਮਗਜੇ ਸਭ ਧਰੇ ਰਹਿ ਗਏ।

ਪੰਜਾਬ ਦੇ ਹੱਕਾਂ ਹਿਤਾਂ ਦੀਆਂ ਡੀਂਗਾ ਮਾਰਨ ਵਾਲੇ ਤੇ ਕੇਜਰੀਵਾਲ ਨੂੰ ਪਾਣੀ ਪੀ ਪੀ ਕੋਸਣ ਵਾਲੇ ਪੰਜਾਬ ਦੇ ਆਪੂੰ ਬਣੇ ਆਗੂਆਂ ਨੂੰ ਵੀ ਦਿੱਲੀ ਦੇ ਚੋਣ ਅਮਲ ਤੋਂ ਬਾਅਦ ਕੇਜਰੀਵਾਲ ਮੁੜ ਪੰਜਾਬ ਦਾ ਭਾਗਵਿਧਾਤਾ ਨਜਰ ਆਉਣ ਲਗ ਗਿਆ ਐ ਤੇ ਉਹ ਮੌਜੇ ਲਾਹ ਕੇ ਉਹਦੇ ਦਲ ਚ ਸ਼ਾਮਲ ਹੋਣ ਲਈ ਤਰਲੋਮੱਛੀ ਹੋ ਰਹੇ ਹਨ। ਪਰ ਉਹਨਾਂ ਨੂੰ ਵੀ ਲੋਕ ਕਚਹਿਰੀ ਵਿੱਚ ਜੁਆਬ ਦੇਹ ਤਾਂ ਹੋਣਾ ਈ ਪਵੇਗਾ।

ਸਾਰੀਆਂ ਮਨੂਵਾਦੀ ਸਰਕਾਰਾਂ ਲੋਕਾਂ ਨੂੰ ਸਾਧਨ ਸੰਪੰਨ ਕਰਨ ਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਦੀ ਬਜਾਏ ਉਹਨਾਂ ਨੂੰ ਕੁਝ ਕੁ ਸਹੂਲਤਾਂ ਦੀ ਬੁਰਕੀ ਸੁੱਟ ਕੇ ਲਾਚਾਰ, ਅਪੰਗ ਤੇ ਭੀਖ ਮੰਗੇ ਬਣਾ ਕੇ ਰੱਖਣਾ ਚਾਹੁੰਦੀਆਂ ਹਨ।

ਪੰਜਾਬ ਦੇ ਬਹਾਦਰ ਸੂਝਵਾਨ ਤੇ ਗੁਰੂਆਂ ਦੀ ਮਾਨਵੀ ਸੋਚ ਨੂੰ ਪਰਣਾਏ ਲੋਕ 2017 ਦੀਆਂ ਅਸੰਬਲੀ ਚੋਣਾਂ ਸਮੇਂ ਕੇਜਰੀਵਾਲ ਐਂਡ ਕੰਪਨੀ ਵਲੋਂ ਕੀਤੇ ਤੇ ਜੱਗ ਜਾਹਰ ਹੋਏ ਕਾਰਨਾਮਿਆਂ, ਟਿਕਟਾਂ ਚ ਮਾਰੀਆਂ ਠੱਗੀਆਂ , ਕੀਤੀਆਂ ਗਈਆਂ ਘਪਲੇਬਾਜੀਆਂ, ਪੰਜਾਬ ਦੇ ਹੱਕਾਂ ਹਿਤਾਂ ਲਈ ਭੁਗਤ ਸਕਣ ਵਾਲੇ ਲੀਡਰਾਂ ਨੂੰ ਤਬਾਹ ਕਰਨ ਲਈ ਘੜੀਆਂ ਸਾਜ਼ਿਸ਼ਾਂ ਚਿੱਟੇ ਅਤੇ ਨਸ਼ਿਆਂ ਦੇ ਨਾਂ ਤੇ ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ ਬਾਅਦ ਵਿਚ ਮਜੀਠੀਆ ਤੋਂ ਮਾਫੀ ਮੰਗਣ ਵਾਲੇ ਥੁੱਕ ਕੇ ਚੱਟਣ ਵਾਲੇ ਕਾਰਨਾਮਿਆਂ ਨੂੰ ਜਾਗਰੂਕ ਪੰਜਾਬੀ ਅਜੇ ਭੁੱਲੇ ਨਹੀਂ।

ਮੈਂਨੂੰ ਪੂਰਾ ਭਰੋਸਾ ਐ ਕਿ ਪੰਜਾਬੀ ਆਪਣੀ ਤਕਦੀਰ ਖੁਦ ਘੜਨ ਲਈ ਕੋਈ ਨਾ ਕੋਈ ਤਦਬੀਰ ਬਣਾ ਈ ਲੈਣਗੇ।

ਆਰ ਐੱਸ ਐੱਸ ਦੇ ਹੱਥ ਠੋਕਾ ਬਣੇ ਰਾਜੇ ਰਜਵਾੜਿਆਂ, ਜਗੀਰਦਾਰਾਂ, ਮਲਕ ਭਾਗੋਆਂ (ਬਾਦਲਕਿਆਂ ਅਤੇ ਅਮਰਿੰਦਰ ਕਿਆਂ) ਨੂੰ ਲਾਂਭੇ ਕਰਕੇ ਨਿਕਟ ਭਵਿੱਖ ਵਿਚ ਭਾਈ ਲਾਲੋ ਦੇ ਵਾਰਸ ਕਿਰਤੀ, ਕਿਸਾਨ, ਕਾਮੇ, ਗਰੀਬ- ਗੁਰਬੇ ਨਿਕਟ ਭਵਿੱਖ ਵਿੱਚ ਕੋਈ ਮਨਭਾਉਂਦਾ ਮਾਨਵ ਪੱਖੀ ਤੇ ਲੋਕ ਹਿਤੈਸ਼ੀ ਬਦਲ ਬਣਾ ਲੈਣਗੇ ਜੋ ਪੰਜਾਬ ਦੀ ਲੁੱਟ, ਪੰਜਾਬ ਦੇ ਉਜਾੜੇ, ਪੰਜਾਬ ਦੀ ਤਬਾਹੀ, ਪੰਜਾਬ ਦੀ ਖਤਮ ਹੋ ਰਹੀ ਜੁਆਨੀ, ਖੁਦਕਸ਼ੀਆਂ ਦੇ ਰਾਹ ਪਏ ਕਿਸਾਨਾਂ ਮਜ਼ਦੂਰਾਂ ਨੂੰ ਬਚਾਉਣ ਦਾ ਸਬੱਬ ਬਣ ਸਕੇਗਾ। ਜੋ ਸਹੀ ਮਾਅਨਿਆਂ 'ਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਰਾਹ ਦਸੇਰਾ ਹੋਵੇਗਾ। ਪੰਜਾਬੀ ਹੁਣ "ਮਾਂ ਨਾਲੋਂ ਹੇਜਲੀ ਫਫੇਕੁਟਣੀ ਕਿਸੇ ਮਾਸੀ" ਦੇ ਝਾਂਸੇ ਵਿਚ ਨਹੀਂ ਫਸਣਗੇ। ਹੁਣ ਪੰਜਾਬੀ ਜਜ਼ਬਾਤੀ ਰੌਅ 'ਚ ਠੱਗੇ ਨਹੀਂ ਜਾਣਗੇ ਸਗੋਂ ਨਵ-ਗਾਂਧੀਵਾਦ ਦੇ ਮਨਸੂਬਿਆਂ ਨੂੰ ਮਾਤ ਦੇਣ ਲਈ ਵੰਗਾਰ ਬਣਨਗੇ।






# ਚਰਖੇ ਦੀ ਘੂਕਰ

ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ।
ਵਿੱਚ ਤ੍ਰਿਝਣਾ ਦੇ ਕੀਤਾ ਸੀ ਕੁੜੀਆ ਸ਼ੋਰ ।

ਇਨ੍ਹਾਂ ਚਰਖੇ ਨਾਲ ਸੀ ਕੱਤੀਆਂ ਪੂਣੀਆਂ,
ਹੱਥ ਫੜ ਪੂਣੀ ਵਿੱਚ ਦਿਤੀਆਂ ਹਲੂਣੀਆਂ ।
ਕੁੜੀਆਂ ਨੇ ਹੱਸ,ਖੇਲ ਕੇ ਬੋਲੇ ਮਿੱਠੜੇ ਬੋਲ,
ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ ।

ਡਾਹ ਇਨ੍ਹਾਂ ਚਰਖੇ ਤੰਦ ਮੋਹ ਦੀ ਸੀ ਪਾਈ,
ਆ ਖੁਸ਼ੀਆਂ ਸੀ ਮਨ ਵਿੱਚ ਆਸ ਜਗਾਈ ।
ਇਨ੍ਹਾਂ ਹੱਕ, ਸੱਚ ਦੇ ਗਲੋਟੇ ਕੱਤੇ ਲਾਕੇ ਜ਼ੋਰ,
ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ ।

ਚਰਖਾ ਲਿਆ ਜੇ ਕਿਸੇ ਵੀ ਵੱਖਰਾ ਡਾਹਿਆ,
ਸਭਨਾਂ ਨੇ ਜਾ ਕੇ ਉਹਨੂੰ ਹਾਸੇ ਸੀ ਪਾਇਆ।
ਮਨਾ ਰੁੱਸਿਓ ਇਨ੍ਹਾਂ ਲਏ ਟੁੱਟੇ ਮਨ ਵੀ ਜੋੜ,
ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ ।

ਇਨ੍ਹਾਂ ਦੇ ਚਰਖਿਆਂ 'ਚ' ਸੀ .ਸ਼ੀਸ਼ਾ ਜੜਿਆ,
ਨਾਂ ਕੋਈ ਓਪਰਾ ਵਿੱਚ ਸੀ ਤ੍ਰਿਝਣਾ ਵੜਿਆ।
ਚਰਚਾ ਹੋਈ ਅਜ਼ਾਦੀ ਵੇਲੇ ਜੋ ਸੀ ਮੋਕੇ ਲੋੜ,
ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ ।

ਇਨ੍ਹਾਂ ਦੇ ਚਰਖਿਆਂ 'ਚ' ਸੀ ਮੇਖਾਂ ਜੜੀਆਂ,
ਤ੍ਰਿਝਣਾ ਦੀ ਹਿੰਮਤ ਤੇ ਇਹ ਉਠ ਖੜੀਆਂ ।
ਕਹਿਣ ਗੁਲਾਮੀ ਲਿਆ ਸਾਡਾ ਰੱਤ ਨਿਚੋੜ,
ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ ।

ਤ੍ਰਿਝਣਾ ਨੇ ਬਣਾਈ ਸੀ ਪਹਿਚਾਣ ਦੇਸ਼ ਦੀ,
ਇਨ੍ਹਾਂ ਦੇ ਚਰਖਿਆਂ ਵਧਾਈ ਸ਼ਾਨ ਦੇਸ਼ ਦੀ ।
ਲਹਿਰ ਅਜ਼ਾਦੀ ਇਨ੍ਹਾਂ ਘਰ-ਘਰ ਦਿਤੀ ਤੋਰ,
ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ ।

ਹੁਣ ਮੁੱਕੀਆਂ ਤ੍ਰਿਝਣ, ਬਰੂਹਾਂ ਦੀਆਂ ਸੋਚਾਂ,
ਗੁਆਚੀ ਕੋਈ ਸ਼ੈ ਅੰਦਰੋ ਪਏ ਵਿੱਚ ਲੋਚਾਂ ।
ਬੇਵਸ ਜ਼ਮਾਨੇ 'ਚ' ਲੱਭੇ ਨੇ ਥਾਂ-ਥਾਂ ਉਤੇ ਚੋਰ,
ਚਰਖੇ ਦੀ ਘੂਕਰ ਨੇ ਦਿਤੀ ਸੀ ਮਿੱਠੀ ਲੋਰ ।



# ਪਤਨੀ ਨੂੰ ਜਨਮ ਦਿਨ 'ਤੇ

ਜਨਮ ਦਿਨ ਤੇਰੇ ਤੇ ਦੇਵਾਂ ਤੇ ਕੀ ਦੇਵਾਂ ,
ਦਿਲ ਤਾਂ ਪਹਿਲਾਂ ਹੀ ਤੇਰੇ ਨਾਮ ਕੀਤਾ ।
ਇਕ ਰੱਖਿਆ ਸੀ ਮਨ ਹੀ ਮੈਂ ਸੋਚਨੇ ਨੂੰ ,
ਤੂੰ ਉਹ ਵੀ ਅਦਾਵਾਂ ਦਾ ਗੁਲਾਮ ਕੀਤਾ ।
ਜਿਗਰ ਮੇਰੇ ਦੇ ਵੀ ਹੋ ਗਏ ਨੇ ਦੋ ਟੁਕੜੇ ,
ਇਕ ਪਾਸੇ ਮੈਂ ਵਸਾਂ ਦੂਜੇ ਤੂੰ ਅਰਾਮ ਕੀਤਾ ।
ਹੱਥ,ਪੈਰ ਹੁਣ ਚੱਲਦੇ ਤੇਰੇ ਇਸ਼ਾਰਿਆਂ ਤੇ,
ਮੈਂ ਸਾਰਾ ਜਿਸਮ ਹੀ ਤੈਨੂੰ ਨੀਲਾਮ ਕੀਤਾ ।
ਬੱਸ ਬਚੀਆਂ ਨੇ ਸੱਧਰਾਂ ਹੀ ਮੇਰੇ ਕੋਲ ਚੰਨਾ,
ਗੁਲਦਸਤਾ ਦੇ ਪਿਆਰ ਦਾ ਤੈਨੂੰ ਸਲਾਮ ਕੀਤਾ।
ਜਨਮ ਦਿਨ ਮੁਬਾਰਕ।

ਹੋਇਆ ਮਿਲਣ ਤੇਰਾ ਤੇ ਹੋਏ ਇਕ ਦੂਜੇ ਦੇ ਹੱਕਦਾਰ ਨੀ,
ਨਿਭ ਜਾਵੇ ਹੋ ਕੇ ਇਹ ਸੱਤ ਜਨਮਾਂ ਦਾ ਹੀ ਇਕਰਾਰ ਨੀ ।
ਕਰਾਂ ਤੇਰੇ ਜਨਮ ਦਿਨ ਤੇ ਮੈਂ ਦੁਆਵਾਂ ਬਣ ਦਿਲਦਾਰ ਨੀ,
ਨਿਭ ਜਾਵੇ ਹੋ ਕੇ ਇਹ ਸੱਤ ਜਨਮਾਂ ਦਾ ਹੀ ਇਕਰਾਰ ਨੀ ।

ਖਿੜਿਆ ਰਹੇ ਮੁੱਖ ਤੇਰਾ ਸਦਾ ਵਾਂਗ ਪੁੰਨਿਆਂ ਦਾ ਚੰਨ ਨੀ,
ਪਿਆਰ ਸਾਡਾ ਰਹੇ ਬਣਿਆ ਤੇ ਜੀਵਨ ਲੰਘੇ ਰਜ਼ਾਮੰਦ ਨੀ।
ਉਦਾਸ ਨਾ ਕਦੇ ਚਿੱਤ ਹੋਵੇ ਰੱਖੀ ਚਾਵਾਂ ਦੀ ਭਰਮਾਰ ਨੀ,
ਨਿਭ ਜਾਵੇ ਹੋ ਕੇ ਇਹ ਸੱਤ ਜਨਮਾਂ ਦਾ ਹੀ ਇਕਰਾਰ ਨੀ ।

ਤੇਰਿਆਂ ਤੇ ਬੋਲਾਂ ਵਿੱਚ ਮਿੱਠੀ ਜਿਹੀ ਸ਼ਹਿਦ ਦੀ ਮਿਠਾਸ ਏ,
ਵੱਸਿਆ ਮੇਰੇ ਦਿਲ ਵਿੱਚ ਤੇਰੀ ਹਰ ਗੱਲ ਦਾ ਅਹਿਸਾਸ ਏ ।
ਮੁੱਕ ਗਏ ਉਡੀਕ ਪਲ ਤੇ ਬੈਠ ਕਰੀਏ ਨਾ ਇੰਤਜਾਰ ਨੀ,
ਨਿਭ ਜਾਵੇ ਹੋ ਕੇ ਇਹ ਸੱਤ ਜਨਮਾਂ ਦਾ ਹੀ ਇਕਰਾਰ ਨੀ ।

ਚੰਨਾ ਪਿਆਰ ਤੇਰਾ ਮੇਰਾ ਡੂੰਘਾ ਜਿਵੇਂ ਚੰਨ ਤੇ ਚਕੋਰ ਦਾ,
ਮਨ ਨੱਚੇ-ਟੱਪੇ ਖੁਸ਼ੀਆਂ 'ਚ' ਜਿਵੇਂ ਪੈਇਲ ਪਾਉਦੇ ਮੋਰ ਦਾ।
ਪਲਕਾਂ 'ਚ' ਵੱਸਾ ਕੇ ਲੈਣਾ ਕਰ ਇਕ ਦੂਜੇ ਦਾ ਦੀਦਾਰ ਨੀ,
ਨਿਭ ਜਾਵੇ ਹੋ ਕੇ ਇਹ ਸੱਤ ਜਨਮਾਂ ਦਾ ਹੀ ਇਕਰਾਰ ਨੀ ।

ਜਨਮ ਦਿਨ ਦਾ ਹੈ ਤੋਹਫ਼ਾ ਤੈਨੂੰ ਮੁਸਕਾਨ ਮੇਰੇ ਦਿਲ ਦੀ,
ਹਰ ਜਨਮ 'ਚ' ਮਿਠਾਸ ਰਹੇ ਤੇ ਸਦਾ ਰੂਹ ਰਹੇ ਖਿੱਲਦੀ ।
ਯਾਦਾਂ ਰਹਿਣ ਬਣੀਆਂ ਤੇ ਆਵੇ ਖੁਸ਼ੀਆਂ ਦੀ ਬਹਾਰ ਨੀ,
ਨਿਭ ਜਾਵੇ ਹੋ ਕੇ ਇਹ ਸੱਤ ਜਨਮਾਂ ਦਾ ਹੀ ਇਕਰਾਰ ਨੀ ।

**– ਰਬਿੰਦਰ ਸ਼ਰਮਾ**
91-98146-67682

# ਤ੍ਰਾਸਦੀ ਮਜ਼ਦੂਰਾਂ ਦੀ

ਕਾਮੇ ਰੋਟੀ ਖੁਣੋਂ ਤੁਰ ਗਏ
ਜਿਹੜੇ ਮੁਲਕ ਬਣਾਉਂਦੇ ਵੇਖੇ

ਗੱਡੀਆਂ ਥੱਲੇ ਆ ਕੇ ਮਰ ਗਏ
ਜਿਹੜੇ ਲਾਈਨ ਵਿਛਾਂਉਂਦੇ ਵੇਖੇ

ਇਕ ਮੰਜੀ ਦਾ ਥਾਂ ਨਹੀਂ ਮਿਲਿਆ
ਜਿਹੜੇ ਮਹਿਲ ਬਣਾਂਉਂਦੇ ਵੇਖੇ

ਬੱਚੇ, ਬੁੱਢੇ, ਬੀਬੀਆਂ ਸਾਰੇ
ਸੜਕੀਂ ਦਰਦ ਹੰਢਾਉਂਦੇ ਵੇਖੇ

ਤੁਸੀਂ ਬੜੀ ਕੁਰਬਾਨੀ ਦਿੱਤੀ
ਲੀਡਰ ਇਹ ਫਰਮਾਉਂਦੇ ਵੇਖੇ

ਸੂਝਵਾਨਾਂ ਲਈ ਔਖਾ ਵੇਲਾ
ਮੂਰਖ ਜਸ਼ਨ ਮਨਾਉਂਦੇ ਵੇਖੇ

ਵਿਗਿਆਨਕ ਰਾਹ ਲੱਭਣ ਥਾਵੇਂ
ਥਾਲੀਆਂ ਖੂਬ ਵਜਾਉਂਦੇ ਵੇਖੇ

ਅੰਧਵਿਸ਼ਵਾਸੀ 'ਨੇਰਾ ਵੰਡਣ
ਪਰ ਦੀਵੇ ਜਗਵਾਉਂਦੇ ਵੇਖੇ

ਆਪ ਤਾਂ ਸੌਂਦੇ ਸੁੱਖ ਦੀ ਨੀਂਦੇ
ਕਿਰਤੀਆਂ ਨੂੰ ਤੜਫਾਉਂਦੇ ਵੇਖੇ

ਨਾਅਰੇ ਲਾ ਕੇ ਹਿੰਸਾ ਵਾਲੇ
ਤੇਲ ਬਲਦੀ 'ਤੇ ਪਾਉਂਦੇ ਵੇਖੇ

ਬਹਿ ਕੇ ਟੀ.ਵੀ ਦੇ ਮਾਈਕ 'ਤੇ
'ਬਾਂਦਰ' ਅੱਗਾਂ ਲਾਉਂਦੇ ਵੇਖੇ

ਫਿਰਕਿਆਂ ਅੰਦਰ ਪਾੜੇ ਪਾ ਕੇ
ਭਾਂਬੜ ਨੂੰ ਭੜਕਾਉਂਦੇ ਵੇਖੇ

ਜਿਨ੍ਹਾਂ ਨੂੰ ਲੋਕੀ ਨੇਤਾ ਕਹਿੰਦੇ
ਉਹੀ ਮੁਲਕ ਨੂੰ ਢਾਹੁੰਦੇ ਵੇਖੇ



ਸੁੱਖ ਦੀ ਆਸ ਜਿਨ੍ਹਾਂ
ਤੋਂ ਕੀਤੀ
ਉਹੀ ਪੁਆੜੇ
ਪਾਉਂਦੇ ਵੇਖੇ।

**– ਕੇਹਰ ਸ਼ਰੀਫ਼**

# ਫ਼ਿਜ਼ਾ ਵਿਚ ਜ਼ਹਿਰ

ਮਨਾਂ ਵਿਚ ਡਰ
ਘਰੋਂ ਨਿਕਲਣਾ ਬੰਦ

ਸ਼ਹਿਰ ਵੀਰਾਨ
ਬਜ਼ਾਰਾਂ ਵਿਚ ਸੁੰਨ
ਸੜਕਾਂ ਖਾਲੀ

ਗੱਡੀਆਂ ਬੱਸਾਂ ਬੰਦ
ਸਕੂਲ ਦਫਤਰ ਕਾਲਜ
ਸਭ ਥਾਂਈਂ ਤਾਲੇ

ਕਾਰਾਂ 'ਤੇ ਧੂੜ ਹੈ ਜੰਮੀ
ਪ੍ਰੈਸ ਕੀਤੇ ਕੱਪੜੇ
ਅਲਮਾਰੀ ਵਿਚ ਬੰਦ

ਬੰਦੇ ਘਰਾਂ 'ਚ ਬੰਦ
ਡਰੇ ਹੋਏ
ਖੌਫ ਨਾਲ ਭਰੇ ਹੋਏ

ਕੋਈ ਆਉਂਦਾ ਨਹੀਂ
ਕੋਈ ਜਾਂਦਾ ਨਹੀਂ
ਨਾ ਖੁਸ਼ੀ 'ਚ, ਨਾ ਗ਼ਮੀ 'ਚ

ਟੀ ਵੀ ਹੈ
ਟੀ ਵੀ ਦੀਆਂ ਖਬਰਾਂ
ਬੀਵੀ ਹੈ
ਬੀਵੀ ਦੀਆਂ ਗੱਲਾਂ
ਬੱਚੇ ਹਨ
ਬੱਚਿਆਂ ਦਾ ਰੌਲਾ

ਜ਼ਿੰਦਗੀ ਬਸ ਹੁਣ
ਏਨੇ ਵਿਚ ਹੀ
ਸਿਮਟ ਕੇ ਰਹਿ ਗਈ

ਹਰ ਕੋਈ
ਘਰ ਅੰਦਰ ਬੈਠਾ
ਸੋਚਾਂ ਸੋਚੀ ਜਾਂਦਾ

ਕਿੰਨਾ ਚਿਰ
ਅੰਦਰ ਤੜੇ ਰਹਾਂਗੇ
ਇਹ ਜ਼ਰੂਰੀ ਨਹੀਂ
ਮੌਤੋਂ ਫਿਰ ਵੀ
ਬਚੇ ਰਹਾਂਗੇ

ਕਦ ਤਕ
ਹਾਂ ਕਦ ਤਕ
ਆਖਰ ਤਾਂ ਜ਼ਿੰਦਗੀ ਨੇ
ਆਪਣੀ ਤੋਰੇ ਤੁਰਨਾ
ਇਹੀ ਇਕ ਆਸ ਹੈ
ਪਰ
ਦਿਲ ਹਾਲੇ ਉਦਾਸ ਹੈ

**-ਪ੍ਰੋ. ਪਰਬਿੰਦਰ ਸਿੰਘ**

# ਲੀਰ

ਚੰਡੀਗੜ੍ਹ ਤੋਂ ਚੱਲੀ ਬੱਸ ਖਚਾਖਚ ਭਰੀ ਹੋਈ ਸੀ। "ਓ ਬਾਬੂ ! ਅੱਗੇ ਹੋ ਜਾ । ਪੈਰਾਂ ਨੂੰ ਮਹਿੰਦੀ ਲੱਗੀ ਐ। ਕੰਡਕਟਰ ਆਪਣੀ ਬੋਲੀ ਚ ਸੂਟਿਡ ਬੂਟਿਡ ਬਾਬੂ ਨੂੰ ਟੁੱਟ ਕੇ ਪੈਂਦਿਆਂ ਆਖ ਰਿਹਾ ਸੀ।" ਖਰੜ ਆਕੇ ਹੋਰ ਸਵਾਰੀਆਂ ਦੇ ਸਵਾਰ ਹੋ ਜਾਣ ਸਦਕਾ ਧੱਕਮ ਧੱਕਾ ਹੋਰ ਵਧ ਗਿਆ । ਟਿਕਟਾਂ ਕੱਟਦਾ ਕੰਡਕਟਰ ਸਵਾਰੀਆਂ ਨੂੰ ਭੱਦੇ ਬੋਲਾਂ ਨਾਲ ਬੇਇਜ਼ਤ ਕਰੀ ਜਾ ਰਿਹਾ ਸੀ। ਇਓਂ ਲੱਗਦਾ ਸੀ ਜਿਵੇਂ ਬੱਸ ਵਿੱਚ ਚੜ੍ਹ ਕੇ ਮੁਸਾਫਰ ਕੋਈ ਗੁਨਾਹ ਕਰ ਬੈਠੇ ਹੋਣ। ਭੂਸਰਿਆ ਕੰਡਕਟਰ ਹਰ ਸਵਾਰੀ ਨਾਲ ਬਦਤਮੀਜ਼ੀ ਨਾਲ ਕਿਸੇ ਨਾ ਕਿਸੇ ਗੱਲੋਂ ਦੁਰ ਵਿਹਾਰ ਕਰ ਰਿਹਾ ਸੀ। " ਓ ਬਾਬੂ ਤੇਰੀਆਂ ਲੱਤਾਂ ਨੂੰ ਜੂੜ ਪਿਆ ਐ"- ਧੱਕਾ ਦਿੰਦਿਆਂ ਕੰਡਕਟਰ ਚਿਲਾਇਆ । ਭਰਿਆ ਪੀਤਾ ਬਾਬੂ ਆਪਣਾ ਤੇ ਮੁਸਾਫਿਰਾਂ ਦਾ ਹੋ ਰਿਹਾ ਅਪਮਾਨ ਚੁਪ ਚੁਪੀਤੇ ਜਰਦਾ ਰਿਹਾ।

ਡਰਾਈਵਰ ਨੂੰ ਬੱਸ ਖਮਾਣੋਂ ਥਾਣੇ ਰੋਕਣ ਲਈ ਸੂਟਿਡ ਬੂਟਿਡ ਬਾਬੂ ਨੇ ਸਖ਼ਤ ਹੁਕਮੀਆ ਲਹਿਜੇ ਆਖਿਆ। ਥਾਣੇਦਾਰ ਨੇ ਦੇਖਦਿਆਂ ਸਾਰ ਸਲੂਟ ਮਾਰਦਿਆਂ-- "ਸਰ ਆਪ! ਕੀ ਹੁਕਮ ਐ"।

ਸਾਰਾ ਮਾਜਰਾ ਜਾਣ ਕੇ ਕੰਡਕਟਰ ਨੂੰ ਲੋੜੀਂਦਾ ਪ੍ਰਸ਼ਾਦ ਦੇ ਦਿੱਤਾ ਗਿਆ । ਸਵਾਰੀਆਂ ਵੱਲੋਂ ਰਹਿਮ ਕਰਨ ਦੀ ਅਪੀਲ ਕਰਨ ਤੇ ਬੱਸ ਆਪਣੀ ਮੰਜਿਲ ਵੱਲ ਰਵਾਨਾ ਹੋ ਗਈ।

"ਮੈਂ ਇਹਨੂੰ ਸਾਲੇ ਨੂੰ ਸੌ ਵਾਰ ਕਿਹਾ ਐ ਬਈ ਗ਼ਲ 'ਚ ਲੀਰ ਜਿਹੀ ਵਾਲਿਆਂ ਦਾ ਖਿਆਲ ਰੱਖਿਆ ਕਰ ਇਹ ਕੋਈ ਖਾਸ ਈ ਬਲਾ ਹੁੰਦੇ ਐ"- ਡਰਾਈਵਰ ਆਖ ਰਿਹਾ ਸੀ।

**ਲਾਲ ਸਿੰਘ ਸੁਲਹਾਣੀ**
91-98721-55120

# ਕਿਤਾਬਾਂ ਵਾਲੇ ਸਰਦਾਰ

**ਅਮਰ ਮੀਨੀਆਂ (ਗਲਾਸਗੋ)**
**07868370984**

ਵੱਡਿਆਂ ਦੇਸ਼ਾ ਹੱਥ ਸਾਡੇ ਵਾਲੀ ਗਿੱਦੜਸਿੰਗੀ ਲੱਗੀ ਹੋਈ ਆ। ਜਦੋਂ ਵੀ ਕਿਸੇ ਨੂੰ ਆਰਥਿਕ ਮੰਦਵਾੜੇ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਉਹ ਵਰਤ ਲੈਂਦੇ ਹਨ। ਪਹਿਲਾਂ ਪਹਿਲ ਨਿਊਜ਼ੀਲੈਂਡ, ਆਸਟ੍ਰੇਲੀਆ ਨੇ ਇਸ ਦਾ ਇਸਤੇਮਾਲ ਕੀਤਾ। ਮੰਦੀ ਆਈ ਤਾਂ ਸਟੂਡੈਂਟ ਵੀਜ਼ੇ ਖੋਲ੍ਹ ਦਿੱਤੇ।ਚਾਰ ਪੰਜ ਸਾਲਾਂ ਚ ਖਜ਼ਾਨੇ ਉਲਟੀਆਂ ਕਰਨ ਲਾਤੇ ਸਾਡੇ ਪੰਜਾਬੀ ਸ਼ੇਰਾਂ ਨੇ। ਹੁਣ ਚਾਰ ਪੰਜ ਸਾਲ ਤੋਂ ਕਨੇਡਾ ਵਾਲਿਆਂ ਕੋਲ ਪਹੁੰਚ ਗਈ ਆ ਗਿੱਦੜ ਸਿੰਗੀ। ਇਧਰ ਬਰੈਗਜਿੱਟ ਦਾ ਫਾਨਾ ਅੜ ਗਿਆ, ਇਸ ਕਰਕੇ ਇੰਗਲੈਂਡੀਆਂ ਨੇ ਦੋ ਚਾਰ ਮਹੀਨੇ ਲਈ ਉਧਾਰੀ ਲੈ ਲਈ ਹੈ। ਬੈਂਡਾ ਸੈਂਡਾ ਵਿੱਚ ਵੀ ਕਾਫੀ ਢਿੱਲ ਦੇ ਦਿੱਤੀ ਆ। ਜੀਹਦਾ ਕਨੇਡੇ ਵੱਲ ਨਹੁੰ ਨਹੀਂ ਅੜਦਾ ਉਹ ਇੰਗਲੈਂਡ ਦੇ ਜਹਾਜ ਨਾਲ ਝੂਟਣ ਲਈ ਕਮਰਕੱਸੇ ਕਰੀ ਜਾਂਦਾ। ਪੰਜਾਬ ਤੋਂ ਰਿਸ਼ਤੇਦਾਰਾਂ ਦੇ ਫੋਨ ਆਈ ਜਾਂਦੇ ਆ ਕਿ ਕੁੜੀ ਨੂੰ ਇੰਗਲੈਂਡ ਭੇਜਣ ਲੱਗੇ ਹਾਂ ਕਿਵੇਂ ਰਹੂ? ਮੇਰਾ ਜਵਾਬ ਸੁਣ ਉਹਨਾਂ ਨੂੰ ਤਸੱਲੀ ਜੀ ਨੀ ਹੁੰਦੀ। ਜਦੋਂ ਸੁਣਦੇ ਹਨ ਕਿ "ਪੜ੍ਹਾਈ ਲਈ ਭੇਜਣੀ ਹੈ ਤਾਂ ਕੋਈ ਗੱਲ ਨਹੀਂ ਪਰ ਸਿਟੀਜਨਸ਼ਿੱਪ ਦੀ ਉਮੀਦ ਨਾ ਰੱਖਿਓ। ਇੱਥੇ ਪੱਕੇ ਹੋਣ ਦੇ ਚਾਂਸ ਨਾਹ ਬਰਾਬਰ ਹੀ ਹਨ"। ਉਹ ਸੋਚਦੇ ਹਨ ਕਿ ਸਾਲਾ ਮਲੰਗ ਇੱਥੇ ਪਿੰਡ ਧੱਕੇ ਖਾਂਦਾ ਖਾਂਦਾ ਆਪ ਜਾ ਕੇ ਸੈਟ ਹੋਇਆ ਬੈਠਾ ਤੇ ਸਾਨੂੰ ਬੱਧਣੀ ਵਾਲੇ ਜ਼ੋਰੇ ਸਾਧ ਵਾਂਗੂੰ ਮੱਤਾਂ ਦਿੰਦਾ।ਹੁਣ ਜੀਹਦੇ ਤਾਂ ਗੱਲ ਖਾਨੇ ਚ ਪੈ ਗਈ ਉਹ ਤਾਂ ਬਚ ਜਾਊ ਨਹੀਂ ਤਾਂ ਫਿਰ ਮਾਂਜਿਆ ਜਾਊ ਬੱਕਰੀਆਂ ਵਾਲਿਆਂ ਦੀ ਪਤੀਲੀ ਵਾਂਗੂੰ। ਸੱਤ ਅੱਠ ਸਾਲ ਪਹਿਲਾਂ ਵੀ ਇੰਗਲੈਂਡ ਵਿੱਚ ਮੰਦੀ ਆ ਗਈ ਸੀ ਤੇ ਧੜਾਧੜ ਸਟੂਡੈਂਟ ਹੀਥਰੋ ਏਅਰਪੋਰਟ ਤੇ ਆਣ ਉਤਰੇ ਸਨ।

ਉਸ ਵੇਲੇ ਦੀ ਗੱਲ ਆ, ਮੈਂ ਲਾਈਬਰੇਰੀ ਵਿੱਚ ਬੈਠਾ ਕਿਤਾਬ ਪੜ੍ਹ ਰਿਹਾ ਸੀ ਤੇ ਦੋ ਸਟੂਡੈਂਟ ਮੁੰਡੇ ਮੇਰੀ ਪੱਗ ਵੇਖ ਕੇ ਕੋਲ ਆਕੇ ਸਤਿ ਸ੍ਰੀ ਅਕਾਲ ਬੁਲਾ ਕੇ ਸਾਹਮਣੇ ਬੈਠ ਗਏ। ਦੋਨਾਂ ਦੇ ਛੋਟੀਆਂ ਛੋਟੀਆਂ ਪੱਗਾਂ ਬੰਨ੍ਹੀਆਂ ਹੋਈਆ, ਇਕ ਸਾਬਤ ਸੂਰਤ ਤੇ ਦੂਜੇ ਨੇ ਦਾੜ੍ਹੀ ਛਾਂਗੀ ਹੋਈ। ਪੰਜਾਬੀ ਵਧੀਆ ਬੋਲਦੇ ਸਨ ਪਰ ਲਾਇਬ੍ਰੇਰੀ ਚੋਂ ਕਿਤਾਬਾਂ ਹਿੰਦੀ ਤੇ ਅੰਗਰੇਜ਼ੀ ਵਾਲੀਆਂ ਇਸ਼ੂ ਕਰਵਾਕੇ ਲੈ ਚੱਲੇ ਸਨ। ਹਾਲ ਚਾਲ ਪੁੱਛਣ ਦੱਸਣ ਤੋਂ ਬਾਅਦ ਸੁਆਲ ਉਹੀ ਸੀ ਜੋ ਮੇਰੇ ਮਨ ਵਿੱਚ, ਵੇਖਣ ਸਾਰ ਹੀ ਰੜਕਿਆ ਸੀ। "ਭਾਜੀ ਸਟੂਡੈਂਟ ਆਏ ਹਾਂ ਕੰਮ ਦੀ ਲੋੜ ਆ"। ਦੋ ਦਿਨ ਪਹਿਲਾਂ ਹੀ ਵੱਡੇ ਘਰ ਵਾਲਾ "ਮੱਖਣ ਸਿੱਧੂ" ਆਪਣੀ ਗਰੌਸਰੀ ਸ਼ੌਪ ਲਈ ਬੰਦਾ ਲੱਭ ਰਿਹਾ ਸੀ। ਮੈਂ ਉਨ੍ਹਾਂ ਨੂੰ ਮੱਖਣ ਸਿੱਧੂ ਦਾ ਨਾਂ ਪਤਾ ਦੱਸ ਦਿੱਤਾ ਤੇ ਉਹ ਕੱਛਾਂ ਚ ਕਿਤਾਬਾਂ ਦੇ ਕੇ ਪੈਂਤੀ ਨੰਬਰ ਬੱਸ ਚੜ੍ਹ ਗਏ। ਸੌਖਾ ਹੀ ਸੀ, ਚੌਥੇ ਬੱਸ ਸਟੌਪ ਤੇ ਉਤਰਦੇ ਸਾਰ ਹੀ ਸਾਹਮਣੇ ਦੋ ਦੁਕਾਨਾਂ ਸਨ। ਇੱਕ ਜੇਮਜ਼ ਕਾਰਪਿੱਟ ਵਾਲਿਆਂ ਦੀ ਤੇ ਦੂਜੀ"ਸਿੱਧੂ ਗਰੌਸਰ ਐਂਡ ਔਫ ਸੇਲਜ"। ਐਤਵਾਰ ਗੁਰੂ ਘਰ ਦੇ ਬਾਹਰ ਹੀ ਦੋਨੋਂ ਮੁੰਡੇ ਮਿਲ ਪਏ। "ਕੰਮ ਦੀ ਗੱਲ ਬਣੀ ਕਿ ਨਹੀਂ? ਮੇਰਾ ਸੁਆਲ ਸੁਣ ਕੇ ਛਾਂਗੀ ਦਾੜ੍ਹੀ ਵਾਲਾ ਮੁੰਡਾ ਬੋਲਿਆ," ਨਾ ਭਾਜੀ ਉੱਥੇ ਕਾਊਂਟਰ ਤੇ ਮੱਚੀ ਜੀ ਗੋਰੀ ਖੜ੍ਹੀ ਸੀ। ਉਹਨੇ ਤਾਂ ਸਾਨੂੰ ਕੋਈ ਰਾਹ ਹੀ ਨਹੀਂ ਦਿੱਤਾ। ਇੱਕ ਉਹਦੀ ਸਾਨੂੰ ਅੰਗਰੇਜ਼ੀ ਨਾ ਸਮਝ ਆਵੇ। ਨੋ ਬੌਡੀ ਹੀਅਰ," ਯੂ ਗੋ"," ਯੂ ਗੋ", ਗੋ ਹੀ ਕਰੀ ਜਾਂਦੀ ਸੀ। ਹੋਰ ਵੀ ਬਥੇਰਾ ਚਬੜ ਚਬੜ ਕਰਦੀ ਰਹੀ, ਪਰ ਸਾਡੇ ਕੱਖ ਨੀ ਪੱਲੇ ਪਿਆ। ਬਹੁਤ ਗੁੱਸੇ ਵਿੱਚ ਲੱਗ ਰਹੀ ਸੀ। ਜਿਵੇਂ ਘਰਵਾਲੇ ਨਾਲ ਲੜ ਕੇ ਆਈ ਸੀ ਤੇ ਗੁੱਸਾ ਸਾਡੇ ਤੇ ਕੱਢ ਰਹੀ ਸੀ । ਇਹਨਾਂ ਕੁ ਮਹਿਸੂਸ ਹੋਇਆ ਕਿ ਜਿਵੇਂ ਉਹ ਸਾਨੂੰ ਚੋਰ ਡਾਕੂ ਸਮਝਦੀ ਹੋਵੇ। ਸਾਨੂੰ ਸਿਰਫ ਧੱਕੇ ਹੀ ਨਹੀਂ ਮਾਰੇ ਬਾਕੀ ਕਸਰ ਕੋਈ ਨੀ ਛੱਡੀ ਬੁੱਢੀ ਖੋਲੜ ਬਾਂਦਰੀ ਨੇ"।ਮੁੰਡੇ ਦਾ ਮੂੰਹ ਲਾਲ ਸੂਹਾ ਹੋ ਗਿਆ ਸੀ। ਬੁੱਢੀ ਤੋਂ ਮੈਂ ਸਮਝ ਗਿਆ ਸੀ ਕਿ ਉਹ ਜ਼ਰੂਰ ਮੱਖਣ ਦੀ ਪੁਰਾਣੀ ਵਰਕਰ "ਮੈਰੀ" ਹੀ ਹੋਵੇਗੀ। ਮੈਂ ਅਕਸਰ ਹੀ ਮੱਖਣ ਕੋਲ ਆਉਂਦਾ ਜਾਂਦਾ ਰਹਿੰਦਾ ਸੀ। ਇਸ ਕਰਕੇ ਮੈਰੀ ਦਾ ਵੀ ਚੰਗਾ ਵਾਕਿਫ ਸੀ। ਪਰ ਹੈਰਾਨੀ ਸੀ ਕਿ ਮੈਰੀ ਤਾਂ ਬਹੁਤ ਚੰਗੇ ਸੁਭਾਅ ਦੀ ਜਨਾਨੀ ਆ। ਹਮੇਸ਼ਾਂ ਹੱਸ ਕੇ ਬੋਲਣ ਵਾਲੀ ਦਾ, ਮਿਸਟਰ ਸਿੰਘ ਮਿਸਟਰ ਸਿੰਘ ਕਹਿੰਦੀ ਦਾ ਮੂੰਹ ਨਹੀਂ ਥੱਕਦਾ ਹੁੰਦਾ। ਉਸ ਵੱਲੋਂ ਇੰਦਾਂ ਦੇ ਵਿਹਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਹ ਵੀ ਨਹੀਂ ਸੀ ਹੋ ਸਕਦਾ, ਕਿ ਉਹ ਕੁੱਝ ਕੁ "ਕਮ ਅਕਲ" ਗੋਰਿਆਂ ਵਾਂਗੂੰ ਇਹਨਾਂ ਨੂੰ ਉਸਾਮਾ ਬਿਨ ਲਾਦੇਨ ਦੇ ਕੁੰਨਬੇ ਚੋਂ ਸਮਝ ਗਈ ਹੋਵੇ।ਜਦਕਿ ਉਹ ਤਾਂ ਸਿੱਖਾਂ ਤੇ ਮੁਸਲਮਾਨਾਂ ਦੇ ਵਖਰੇਵੇਂ ਤੋਂ ਭਲੀਭਾਂਤ ਜਾਣੂ ਹੈ। ਵੀਹ ਸਾਲ ਤੋਂ ਸਰਦਾਰਾਂ ਨਾਲ ਕੰਮ ਕਰਦੀ ਆ ਰਹੀ ਆ। ਵੀਹ ਵਾਰ ਮੈਂ ਉਹਨੂੰ ਗੁਰਦੁਆਰੇ ਮਰਯਾਦਾ ਨਾਲ ਸਿਰ ਢੱਕ ਮੱਥਾ ਟੇਕਦੀ ਤੇ ਲੰਗਰ ਛਕਦੀ ਨੂੰ ਵੇਖਿਆ ਹੈ।

ਮੈਂ ਮੁੰਡਿਆਂ ਨੂੰ ਹੌਸਲਾ ਦਿੱਤਾ ਤੇ ਆਖਿਆ, "ਕੋਈ ਗੱਲ ਨਹੀਂ ਸ਼ਾਇਦ ਕੋਈ ਗਲਤ ਫਹਿਮੀ ਹੋਈ ਹੋਵੇਗੀ। ਕੰਮ ਦਾ ਫਿਕਰ ਨਾ ਕਰੋ, ਕਰਦੇ ਆਂ ਕੋਈ ਜੁਗਾੜ। ਮੱਥਾ ਟੇਕ ਕੇ ਲੰਗਰ ਵਿੱਚ ਆਏ ਤਾਂ ਲੰਗਰ ਦੀ ਸੇਵਾ ਕਰਦਾ ਮੱਖਣ ਮਿਲ ਗਿਆ। ਫਤਹਿ ਦੀ ਸਾਂਝ ਤੋਂ ਬਾਅਦ ਪੰਜ ਕੁ ਮਿੰਟ ਮਿਲਣ ਦੀ ਬੇਨਤੀ ਕੀਤੀ। ਕਹਿੰਦਾ" ਲੰਗਰ ਛਕ ਲਵੋ ਫਿਰ ਬਾਹਰ ਮਿਲਦੇ ਹਾਂ ਮੈਂ ਵੀ ਕੈਸ਼ਨਕੈਰੀ ਨੂੰ ਜਾਣਾ ਹੈ"। ਲੰਗਰ ਛਕ ਕੇ ਅਸੀਂ ਬਾਹਰ ਬੈਂਚਾਂ ਤੇ ਬੈਠ ਗਏ ਤੇ ਪੰਜ ਕੁ ਮਿੰਟ ਬਾਅਦ ਮੱਖਣ ਸਿੰਘ ਵੀ ਆ ਗਿਆ।

"ਭਾਜੀ ਆਹ ਮੁੰਡੇ ਸਟੂਡੈਂਟ ਆਏ ਆ। ਕੰਮ ਵਾਸਤੇ ਤੇਰੀ ਸ਼ੌਪ ਤੇ ਭੇਜੇ ਸੀ ਪਰਸੋਂ, ਉੱਥੇ ਸ਼ਾਇਦ ਮੈਰੀ ਹੋਵੇਗੀ। ਉਹਨੇ ਇਹਨਾਂ ਦੀ ਗੱਲ ਹੀ ਨੀ ਗੌਲੀ, ਇਹਨਾਂ ਨੂੰ ਸਮਝ ਤਾਂ ਪੂਰੀ ਨਹੀਂ ਆਈ ਪਰ ਦੱਸਦੇ ਆ ਕਿ ਉੱਚਾ ਨੀਂਵਾ ਵੀ ਬਹੁਤ ਬੋਲੀ, ਜੁਆਕ ਬੇਰੰਗ ਚਿੱਠੀ ਵਾਂਗੂੰ ਵਾਪਸ ਮੋੜਤੇ"। ਮੱਖਣ ਮੁੰਡਿਆਂ ਨੂੰ ਜੱਫੀ ਚ ਲੈ ਕੇ ਉੱਚੀ ਉੱਚੀ ਹੱਸਣ ਲੱਗ ਪਿਆ। ਉਹ ਤਾਂ ਪਤੰਦਰ ਮੁੜੇ ਹੀ ਨਾ, ਹੱਸਦਾ ਦੂਹਰਾ ਤੀਹਰਾ ਹੋਈ ਜਾਵੇ। ਅਸੀਂ ਹੈਰਾਨ ਕਿ ਇਹਨੂੰ ਕਿਹੜਾ ਜਸਵਿੰਦਰ ਭੱਲੇ ਦਾ ਛਣਕਾਟਾ ਸੁਣਾ ਦਿੱਤਾ ਕਿ ਕੱਠਾ ਕਰਨਾ ਔਖਾ ਹੋਇਆ ਪਿਆ। ਮੈਂ ਕਿਹਾ, "ਭਾਜੀ ਸਾਨੂੰ ਵੀ ਕੁਛ ਦੱਸ ਦੇ? ਅਸੀਂ ਵੀ ਚਾਰ ਠਹਾਕੇ ਲਾ ਲਈਏ ਅਸੀਂ ਤਿੰਨੇ ਉੱਲੂਆਂ ਵਾਂਗ ਵੇਖੀ ਜਾਨੇ ਆ।ਤੂੰ ਤਾਂ ਨਵਜੋਤ ਸਿੱਧੂ ਦੇ ਰੋਲ ਵਿੱਚ ਧੁੱਸ ਗਿਆ ਲੱਗਦਾਂ" । ਖੱਬੇ ਹੱਥ ਨਾਲ ਵੱਖੀ ਨੱਪਕੇ ਤੇ ਸੱਜੇ ਨਾਲ ਅੱਖਾਂ ਦਾ ਪਾਣੀ ਪੂੰਝਦਾ ਹੋਇਆ ਦੱਸਣ ਲੱਗਾ। ਸੁਣ ਕੇ ਸਾਨੂੰ ਵੀ ਲੱਗਾ ਜਿਵੇਂ ਕਪਿਲ ਸ਼ਰਮੇ ਦੇ ਸ਼ੋਅ ਚ ਚਲੇ ਗਏ ਹੋਈਏ।

ਕਹਿੰਦਾ, "ਬੱਸ ਤੋਂ ਉਤਰਕੇ ਮੇਰੀ ਦੁਕਾਨ ਵੱਲ ਆਉਂਦਿਆਂ ਨੂੰ ਮੈਂ ਕੈਮਰੇ ਰਾਹੀਂ ਵੇਖ ਲਿਆ ਸੀ। ਵੈਸੇ ਵੀ ਮੈਂ ਘਰ ਜਾਣ ਲਈ ਤਿਆਰ ਸੀ। ਇਸ ਕਰਕੇ ਮੈਰੀ ਨੂੰ ਆਖਿਆ," ਕਿ ਇਹ ਜੋ ਦੋ ਬੰਦੇ ਆਉਂਦੇ ਹਨ। ਬਹੁਤ ਖਤਰਨਾਕ ਆ। ਇਹਨਾਂ ਨਾਲ ਬਹੁਤੀ ਗੱਲਬਾਤ ਕਰਨ ਦੀ ਲੋੜ ਨਹੀਂ। ਜਿੰਨੀ ਜਲਦੀ ਹੋ ਸਕੇ ਇਹਨਾਂ ਨੂੰ ਗੈਟ ਆਊਟ ਆਖ ਕੇ ਰਿਵਰਸ ਗੇਅਰ ਲੁਆ ਦੇਵੀਂ। ਇਹ ਸਮਝਾ ਕੇ, ਮੈਂ ਤਾਂ ਬੈਕ ਡੋਰ ਰਾਹੀਂ ਖਿਸਕ ਗਿਆ ਸੀ। ਬਾਕੀ ਜੋ ਉਹਨੇ ਬੁਰਾ ਭਲਾ ਆਖਿਆ ਉਹਦੇ ਲਈ ਸੌਰੀ ਮੰਗਦਾ। ਕੰਮ ਦੀ ਕੋਈ ਪ੍ਰਵਾਹ ਨਹੀਂ ਦੋ ਦੀ ਬਜਾਏ ਭਾਂਵੇ ਚਾਰ ਆ ਜਾਓ। ਉਹ ਤਾਂ ਵਿਚਾਰੀ ਕੱਲ੍ਹ ਪਛਤਾਉਂਦੀ ਸੀ ਕਿ ਸਿੰਘਾਂ ਨਾਲ ਮੈਨੂੰ ਇਉਂ ਰੁੱਖਾ ਵਰਤਾਵ ਨਹੀਂ ਸੀ ਕਰਨਾ ਚਾਹੀਦਾ। ਪਰ ਮੇਰੇ ਕਰਕੇ ਆਪਣੀਆਂ ਹੱਦਾਂ ਉਲੰਘ ਗਈ"। ਭਾਜੀ ਐਸਾ ਇਹਨਾਂ ਵਿਚਾਰਿਆਂ ਨੇ ਕਿਹੜਾ ਕਤਲ ਕਰ ਦਿੱਤਾ ਸੀ ਜਿਹੜੀ ਤੂੰ ਉਹ ਗੋਰੀ ਬਿੱਲੀ, ਸ਼ੇਰਨੀ ਬਣਾ ਕੇ ਇਹਨਾਂ ਮਗਰ ਪਾ ਦਿੱਤੀ?

"ਯਾਰ ਬਿਜਨਿਸ ਵਿੱਚ ਆਪਾਂ ਕਿੰਨੇ ਵੀ ਘੈਂਟ ਹੋਈਏ ਪਰ ਧਰਮ ਕਰਮ ਦੇ ਮਾਮਲੇ ਵਿੱਚ ਟੁੱਚ ਬੰਦੇ ਵੀ ਸਾਡੀ ਛਿੱਲ ਉਧੇੜ ਕੇ ਲੈ ਜਾਂਦੇ ਆ। ਮੈਂ ਬਹੁਤ ਬਾਰ ਧੋਖਾ ਖਾਧਾ ਠੱਗਾਂ ਤੋਂ, ਚਾਰ ਪੰਜ ਮਹੀਨੇ ਪਹਿਲਾਂ ਇਕ ਬੰਦੇ ਨੇ ਐਸਾ ਮੇਰੀਆਂ ਅੱਖਾਂ ਚ ਘੱਟਾ ਪਾਇਆ ਦੋ ਸੌ ਪੌਂਡ ਸੀ ਮੇਰੀ ਜੇਬ ਵਿੱਚ, ਸਾਰੇ ਹੀ ਮਾਂਜ ਗਿਆ। ਪਤਾ ਨਹੀਂ ਕਿਵੇਂ ਹਿਪਨੋਟਿਜ਼ ਕੀਤਾ ਪਤੰਦਰ ਨੇ, ਮੈਨੂੰ ਕੋਈ ਸਮਝ ਹੀ ਨਹੀਂ ਆਈ। ਇਸ ਕਰਕੇ ਮੈਂ ਬਹੁਤ ਡਰਦਾਂ ਪਖੰਡੀਆਂ ਤੋਂ।"ਮੈਂ ਸੋਚਿਆ ਵੀ ਇਹ ਭੁਲੱਕੜ ਤਾਂ ਗੱਲ ਭੁੱਲ ਕੇ ਕਿਸੇ ਹੋਰ ਟਰੈਕ ਤੇ ਪੈ ਗਿਆ।

ਦੁਬਾਰਾ ਮੁੱਦੇ ਤੇ ਲਿਆਉਣ ਲਈ ਉਸਨੂੰ ਟੋਕਣਾ ਜ਼ਰੂਰੀ ਸੀ।" ਉਹ ਸਿੱਧੂ ਸਾਹਿਬ ਗੱਲ ਕਿੱਧਰ ਲੈ ਗਏ ਧੂਹ ਕੇ, ਇਹ ਦੱਸੋ ਇਹਨਾਂ ਮੁੰਡਿਆਂ ਦੀ ਕੁੱਤੇਖਾਣੀ ਕਿਹੜੇ ਜ਼ੁਰਮ ਚ ਕਰਵਾਤੀ? ਪਰ ਉਹ ਟਰੈਕ ਤੇ ਹੀ ਸੀ ਕਹਿੰਦਾ, "ਨਹੀਂ ਨਹੀਂ ਯਾਰ ਇੱਥੇ ਹੀ ਭੁਲੇਖਾ ਪਿਆ, ਇਕ ਤਾਂ ਇਹਨਾਂ ਦੇ ਦਸਤਾਰਾਂ ਛੋਟੀਆਂ ਛੋਟੀਆਂ ਬੰਨ੍ਹੀਆਂ ਦੂਜਾ ਹੱਥਾਂ ਚ ਕਿਤਾਬਾਂ ਫੜੀਆਂ ਹੋਈਆਂ। ਮੈਂ ਉਸੇ ਵੇਲੇ ਆਪਣੇ ਆਪ ਨੂੰ ਆਖਿਆ ਕਿ, ਮੱਖਣਾ ਭੱਜ ਲੈ ਜਿੰਨੀ ਜਲਦੀ ਭੱਜ ਹੁੰਦਾ। ਹੱਥ ਵੇਖਣ ਵਾਲੇ ਤੁਰੇ ਆਉਂਦੇ ਆ ਪੱਤਰੀਆਂ ਚੁੱਕੀ। ਇਹਨਾਂ ਨੇ ਸੌ ਡੇਢ ਸੌ ਦਾ ਲੋਦਾ ਲਾ ਦੇਣਾ।




## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
For Sale In Stockton
All Equipment & Fixtures Included
Listing Price: $149,900




**Smoke Shop for Sale in Sacramento**
Monthly Gross Sales: $50K
Listing Price: $89,000




**Gas Station, Liquor Store, Deli, & Laundromat!**
In Contra Costa County, CA
Listing Price: $1,200,000




**Auto Repair & Lube Shop**
Lot Size: 2000, Rent is ONLY $1500/mo.
Listing Price to $149,000
Sacramento, CA




**Liquor Store for Sale in Santa Clara**
Monthly Gross Sale: $90K
Listing Price: $649,000 plus Inventory




**Subway**
for Sale in Sacramento
Listing Price: $224,900




**Indian Restaurant**
for Sale in Sacramento
